
ਪੰਥ ਪ੍ਰਦਾਨ
ਗਿ. ਸੰਤ ਸਿੰਘ
ਮਸਕੀਨ

# ਪੰਚ ਪ੍ਰਵਾਨ

੧ੴ ਸਤਿਗੁਰ ਪ੍ਰਸਾਦਿ ॥

# ਪੰਚ ਪ੍ਰਵਾਨ

*ਲੇਖਕ :*

ਗਿ: ਸੰਤ ਸਿੰਘ 'ਮਸਕੀਨ'

*ਪ੍ਰਕਾਸ਼ਕ :*

ਗੁਰ ਜੋਤੀ ਐਂਟਰਪ੍ਰਾਈਜ਼ਜ਼

PANCH PARWAN
*by*
GIANI SANT SINGH MASKEEN

©
ਸਭ ਹੱਕ ਲੇਖਕ ਦੇ ਰਾਖਵੇਂ ਹਨ।
ਬਿਨਾਂ ਆਗਿਆ ਕੋਈ ਨਾ ਛਾਪੇ।

1986, 1990, 1993, 2001, 2005, 2006
ਸਤਵੀਂ ਵਾਰ ਨਵੰਬਰ 2009

**ਮੁੱਲ : 55-00 ਰੁਪਏ**

*ਮਿਲਣ ਦੇ ਪਤੇ :*

**ਗੁਰ ਜੋਤੀ ਐਂਟਰਪ੍ਰਾਈਜ਼ਜ਼**
ਰੋਡ ਨੰ: 2, ਅਲਵਰ - 301 001
ਫ਼ੋਨ : 0144-2344312, 2331313

**ਸਿੰਘ ਬ੍ਰਦਰਜ਼**

•
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
•
S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

*ਪ੍ਰਕਾਸ਼ਕ :*
ਗੁਰ ਜੋਤੀ ਐਂਟਰਪ੍ਰਾਈਜ਼ਜ਼
ਰੋਡ ਨੰ: 2, ਅਲਵਰ - 301 001
ਫ਼ੋਨ : 0144-2344312, 2331313
E-mail : gurjyoti@sancharnet.in

*ਪ੍ਰਿੰਟਰਜ਼ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਲੇਖ ਸੂਚੀ

*ਭੂਮਿਕਾ* ਗਿ: ਚੇਤ ਸਿੰਘ ਜੀ 7

*ਹੁਕਮੀ ਉਤਮੁ ਨੀਚੁ*
*ਹੁਕਮਿ ਲਿਖਿ ਦੁਖ ਸੁਖ ਪਾਈਅਹਿ* ਲੇਖਕ ਵੱਲੋਂ 15

- ਕਰਮ—ਗਿਆਨ—ਭਾਵ 17
- ਵਿਚਾਰ ਗਿਆਨ 23
- ਭਾਵ 26
- ਜੋਤਿਸ਼ 30
- ਸ਼ਕਤੀ 36
- ਤੀਰਥ 40
- ਕਰਾਮਾਤ (ਸਿੱਧੀ) 45
- ਏਕਤਾ 51
- ਵੈਦ—ਮਨੀਸ਼—ਸੰਤ 54
- ਪੂਰਨ ਪੁਰਖ 57
- ਦੁਰਲੱਭ 62

- ਧਰਮ ਨੀਤੀ ਤੇ ਰਾਜਨੀਤੀ 65
- ਅੰਤਰ-ਮੁਖੀ ਤੇ ਬਾਹਰ-ਮੁਖੀ 71
- ਮੰਦਿਰ 76
- ਪਾਪ 79
- ਸੇਵਾ ਤੇ ਸਿਮਰਨ 82
- ਵਰਨ ਭੇਖ 87
- ਸੰਬੰਧ 91
- ਮੁਕਤੀ 94
- ਕ੍ਰਿਪਨ 98
- ਪੰਚ ਪ੍ਰਵਾਨ 102
- ਤਨ ਤੇ ਮਨ 105
- ਦੂਰੀਆਂ 108
- ਪੰਜ ਤੱਤ 113
- ਵਿਸਮਾਦ (ਰਹੱਸ) 119
- ਕਲਾ 122
- ਕੁਝ ਝਲਕਾਂ 125

# ਭੂਮਿਕਾ

ਪੰਥ ਦੇ ਮਹਾਨ ਵਿਦਵਾਨ ਗਿਆਨੀ ਸੰਤ ਸਿੰਘ ਮਸਕੀਨ ਜੀ ਦਾ ਨਾਮ ਪੰਥ ਵਿਚ ਪ੍ਰਸਿੱਧ ਹੈ, ਇਸ ਲਈ ਉਨ੍ਹਾਂ ਦੀ ਜਾਣ-ਪਹਿਚਾਣ ਕਰਾਉਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ, ਕਿਉਂਕਿ ਉਨ੍ਹਾਂ ਦੇ ਸੰਬੰਧ ਵਿਚ ਉਨ੍ਹਾਂ ਦੀਆਂ ਛਪੀਆਂ ਪੁਸਤਕਾਂ *ਗੁਰੂ-ਚਿੰਤਨ, ਗੁਰੂ-ਜੋਤੀ, ਤੀਜਾ ਨੇਤ੍ਰ* ਅਤੇ *ਚੌਥਾ ਪਦੁ* ਵਿਚ ਪਹਿਲੇ ਪੜ੍ਹ ਚੁੱਕੇ ਹੋ। ਉਪਰੋਕਤ ਚਾਰੇ ਪੁਸਤਕਾਂ ਦੇਸ-ਦੇਸਾਂਤਰਾਂ ਵਿਚ ਪੁੱਜ ਚੁੱਕੀਆਂ ਹਨ, ਜਿਨ੍ਹਾਂ ਤੋਂ ਪਾਠਕਾਂ ਨੂੰ ਕਾਫ਼ੀ ਲਾਭ ਪ੍ਰਾਪਤ ਹੋਇਆ ਹੈ ਅਤੇ ਉਹਨਾਂ ਪੁਸਤਕਾਂ ਦੀ ਮੰਗ ਇਤਨੀ ਵਧ ਗਈ ਕਿ ਮਸਕੀਨ ਜੀ ਨੂੰ ਇਹ ਪੁਸਤਕਾਂ ਦੁਬਾਰਾ ਛਪਵਾਉਣ ਲਈ ਉਪਰਾਲਾ ਕਰਨਾ ਪਿਆ। ਹੁਣ ਮਸਕੀਨ ਜੀ ਨੇ ਇਹ ਹਥਲੀ ਪੁਸਤਕ *ਪੰਚ ਪ੍ਰਵਾਨ* ਆਪਣੇ ਰੁਝੇਵਿਆਂ ਵਿੱਚੋਂ ਬੜਾ ਕੀਮਤੀ ਸਮਾਂ ਕੱਢ ਕੇ ਆਪਣੀ ਸਿਹਤ ਦੀ ਪ੍ਰਵਾਹ ਭੀ ਨਾ ਕਰਦਿਆਂ ਛਪਵਾਉਣ ਦਾ ਮਹਾਨ ਉੱਦਮ ਕੀਤਾ ਹੈ।

ਮਸਕੀਨ ਜੀ ਵੱਲੋਂ ਇਹ ਪੰਜਵੀਂ ਪੁਸਤਕ ਛਪੀ ਹੈ। ਹੋ ਸਕਦਾ ਹੈ ਇਸ ਪੁਸਤਕ ਦਾ ਨਾਮ ਆਪ ਜੀ ਨੇ ਇਸ ਲਈ ਹੀ *ਪੰਚ ਪ੍ਰਵਾਨ* ਰੱਖਿਆ ਹੋਵੇ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਅਤੇ ਸਿੱਖ ਇਤਿਹਾਸ ਵਿਚ ਜੋ ਪੰਚ ਸ਼ਬਦ ਦੀ ਮਹਾਨਤਾ ਹੈ, ਉਹ ਇਸ ਪੁਸਤਕ ਦੀ ਭੂਮਿਕਾ ਵਿਚ ਲਿਖ ਕੇ ਮੈਂ ਆਪਣੇ ਵਿਚਾਰ ਪ੍ਰਗਟ ਕਰਨੇ ਚਾਹੁੰਦਾ ਹਾਂ।

ਪੰਚ ਸ਼ਬਦ ਦੀ ਵਰਤੋਂ ਸੰਸਾਰ ਵਿਚ ਆਮ ਤੌਰ 'ਤੇ ਪ੍ਰਚਲਿਤ ਹੈ। ਗੁਰਬਾਣੀ ਵਿਚ ਭੀ ਸਤਿਗੁਰਾਂ ਬਹੁਤ ਥਾਵਾਂ 'ਤੇ ਪੰਚ ਯਾ ਪੰਜ, ਦੋਵੇਂ ਸ਼ਬਦ ਹੀ ਵਰਤੇ ਹਨ। ਇਹ ਦੋਵੇਂ ਸ਼ਬਦ ਕਈ ਥਾਵਾਂ 'ਤੇ ਇੱਕੋ ਹੀ ਅਰਥ ਰੱਖਦੇ ਹਨ ਅਤੇ ਕਈ ਥਾਵਾਂ 'ਤੇ ਇਨ੍ਹਾਂ ਦੇ ਵੱਖੋ ਵੱਖ ਅਰਥ ਹਨ। ਜੈਸਾ ਕਿ "ਮਿਲਿ ਪੰਚਹੁ ਨਹੀ ਸਹਸਾ ਚੁਕਾਇਆ॥" (ਸੋਰਠਿ ਮਹਲਾ ੫, ਪੰਨਾ 621) ਇਥੇ 'ਪੰਚਹੁ' ਦਾ ਅਰਥ ਹੈ—ਇਨ੍ਹਾਂ (ਪੰਚਹੁ) ਮੁਖੀਆਂ ਨੇ ਅਰਥਾਤ ਚੌਧਰੀਆਂ ਨੇ ਭੀ ਮਨ ਦਾ ਸੰਸਾ ਦੂਰ ਨਹੀਂ ਕੀਤਾ। ਕਈ ਥਾਂ ਗੁਰਬਾਣੀ ਵਿਚ ਪੰਚ ਸ਼ਬਦ ਪੰਜਾਂ ਦੇ ਤਿਆਗਣ ਲਈ ਵਰਤਿਆ ਹੈ ਅਤੇ ਕਈ ਥਾਂ ਪੰਜਾਂ ਦੇ ਗ੍ਰਹਿਣ ਲਈ ਵਰਤਿਆ ਹੈ। ਜੈਸਾ ਕਿ "ਪੰਚ ਮਨਾਏ ਪੰਚ ਰੁਸਾਏ॥" (ਆਸਾ

ਮਹਲਾ ੫, ਪੰਨਾ 430) "ਪੰਚ ਮਨਾਏ" ਇਥੇ ਪੰਜ—ਸਤਿ, ਸੰਤੋਖ, ਦਇਆ, ਧਰਮ, ਧੀਰਜ ਨੂੰ ਗ੍ਰਹਿਣ ਕਰਨ ਲਈ ਕਿਹਾ ਹੈ। "ਪੰਚ ਰੁਸਾਏ" ਇਥੇ ਪੰਜ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗਣ ਲਈ ਕਿਹਾ ਹੈ। ਝੂਠ, ਨਿੰਦਿਆ, ਚੁਗ਼ਲੀ, ਪਰਾਈ ਵਸਤੂ ਦਾ ਗ੍ਰਹਿਣ ਕਰਨਾ ਤੇ ਅਕ੍ਰਿਤਘਣਤਾ, ਇਨ੍ਹਾਂ ਪੰਜਾਂ ਨੂੰ ਗੁਆ ਦੇਵੇ, ਭਾਵ ਇਨ੍ਹਾਂ ਪੰਜਾਂ ਕੁਕਰਮਾਂ ਨੂੰ ਭੁਲਾ ਦੇਵੇ।

ਜਪੁਜੀ ਸਾਹਿਬ ਦੀ ਪਵਿੱਤਰ ਬਾਣੀ ਵਿਚ ਸਤਿਗੁਰਾਂ ਫ਼ੁਰਮਾਇਆ ਹੈ :

**ਪੰਚ ਪਰਵਾਣ ਪੰਚ ਪਰਧਾਨੁ ॥**
**ਪੰਚੇ ਪਾਵਹਿ ਦਰਗਹਿ ਮਾਨੁ ॥**

"ਪੰਚ ਪਰਵਾਣ" ਰਹਿਣੀ ਬਹਿਣੀ ਵਿਚ ਪੱਕੇ ਗੁਰਮੁਖ ਸਿੱਖ, ਉਸ ਦੀ ਨਜ਼ਰ ਵਿਚ ਪ੍ਰਵਾਨ ਹੋ ਜਾਂਦੇ ਹਨ ਅਤੇ ਉਹੋ ਹੀ "ਪੰਚ ਪਰਧਾਨੁ" ਗੁਰਮੁਖ ਸਿੱਖ ਆਪਣੀ ਸੂਝ ਬੂਝ ਦੇ ਕਾਰਨ ਲੋਕਾਂ ਵਿਚ ਮੁਖੀ ਬਣ ਜਾਂਦੇ ਹਨ। "ਪੰਚੇ ਪਾਵਹਿ ਦਰਗਹਿ ਮਾਨੁ ॥" ਉਹੋ ਹੀ ਗੁਰਮੁਖ ਸਿੱਖ ਉਸ ਅਕਾਲ ਪੁਰਖ ਦੀ ਦਰਗਾਹ ਵਿਚ ਆਦਰ ਸਤਿਕਾਰ ਪ੍ਰਾਪਤ ਕਰਦੇ ਹਨ। ਇਤਿਹਾਸ ਪੜ੍ਹਨ ਤੋਂ ਭੀ ਪਤਾ ਲੱਗਦਾ ਹੈ ਕਿ ਗੁਰੂ-ਘਰ ਵਿਚ "ਪੰਚ" ਅਰਥਾਤ ਗੁਰਮੁਖ ਸਿੱਖ ਜੋ ਉੱਚੇ ਜੀਵਨ ਵਾਲੇ ਹੋਏ ਹਨ, ਉਹ ਸਤਿਗੁਰਾਂ ਦੇ ਨਿਕਟਵਰਤੀ ਰਹੇ ਹਨ ਅਤੇ ਉਨ੍ਹਾਂ ਬੜੀਆਂ ਬੜੀਆਂ ਕੁਰਬਾਨੀਆਂ ਕੀਤੀਆਂ ਹਨ। ਜੈਸਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਉਹਨਾਂ ਦੇ ਨਿਕਟਵਰਤੀ ਪੰਜ ਸਿੱਖ—ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪਿਰਾਣਾ, ਭਾਈ ਪੈੜਾ ਅਤੇ ਭਾਈ ਲੰਗਾਹ ਪ੍ਰਸਿੱਧ ਹੋਏ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਚਰਨਾਂ ਤੋਂ ਵਰੋਸਾਏ ਆਤਮ-ਗਿਆਨੀ ਭਾਈ ਮਤੀ ਦਾਸ ਜੀ, ਭਾਈ ਗੁਰਦਿੱਤਾ ਜੀ, ਭਾਈ ਦਿਆਲਾ ਜੀ, ਭਾਈ ਜੈਤਾ ਜੀ ਅਤੇ ਭਾਈ ਊਦੋ ਜੀ, ਇਨ੍ਹਾਂ ਕੁਰਬਾਨੀ ਦੇ ਪੁੰਜ ਪੰਜਾਂ ਸਿੱਖਾਂ ਦੀ ਸਿੱਖ ਇਤਿਹਾਸ ਵਿਚ ਭਾਰੀ ਮਹਾਨਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਲ਼ਗੀਧਰ ਪਿਤਾ ਜੀ ਦੇ ਪੰਜ ਪਿਆਰੇ—ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਤੇ ਭਾਈ ਸਾਹਿਬ ਸਿੰਘ ਜੀ, ਜਿਨ੍ਹਾਂ ਨੇ ਕਲ਼ਗੀਧਰ ਪਿਤਾ ਜੀ ਨੂੰ ਆਪਣੇ ਸੀਸ ਭੇਟ ਕੀਤੇ ਅਤੇ ਕਲ਼ਗੀਧਰ ਪਿਤਾ ਨੇ ਆਪਣੀ ਛਾਤੀ ਨਾਲ ਲਾ ਕੇ ਇਨ੍ਹਾਂ ਨੂੰ ਪਿਆਰੇ ਕਹਿ ਕੇ ਸੰਬੋਧਨ ਕੀਤਾ ਅਤੇ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਦੀ ਨੀਂਹ ਰੱਖੀ ਅਤੇ ਆਪ ਜੀ ਨੇ ਹੁਕਮ ਕੀਤਾ ਕਿ ਦੀਵਾਨ ਵਿਚ ਜਦੋਂ ਪ੍ਰਸ਼ਾਦ ਵਰਤੇ, ਸਭ ਤੋਂ ਪਹਿਲਾਂ ਪੰਜਾਂ ਪਿਆਰਿਆਂ ਨੂੰ

ਦੇਣਾ, ਇਹ ਮਰਯਾਦਾ ਅੱਜ ਤਕ ਪੰਥ ਵਿਚ ਪ੍ਰਚਲਿਤ ਹੈ। ਇਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਹੀ ਫਿਰ ਦਸਮੇਸ਼ ਪਿਤਾ ਜੀ ਨੇ ਆਪ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਸਿੱਖ ਜਗਤ ਵਿਚ ਇਕ ਨਵੀਂ ਗੱਲ ਕਰ ਦਿਖਾਈ, ਜੋ ਆਪਣੇ ਸਿੱਖਾਂ ਪਾਸੋਂ ਗੁਰੂ ਨੇ ਦੀਖਿਆ ਲਈ ਅਤੇ ਅੰਮ੍ਰਿਤ ਛਕਿਆ।

ਭਾਈ ਸੰਤੋਖ ਸਿੰਘ ਜੀ *ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਤਰ੍ਹਾਂ ਪੰਜਾਂ ਪਿਆਰਿਆਂ ਦੇ ਸੰਬੰਧ ਵਿਚ ਲਿਖਦੇ ਹਨ :

ਗੁਰੂ ਘਰ ਦੀ ਮਰਯਾਦਾ ਪੰਚਹੁ, ਪੰਚਹੁ ਪਾਹੁਲ ਪੂਰਬ ਪੀਨ।
ਹੁਇ ਤਨਖ਼ਾਹੀ ਬਖ਼ਸ਼ਹਿ ਪੰਚਹੁ, ਪਾਹੁਲ ਦੇ ਮਿਲ ਪੰਚ ਪ੍ਰਬੀਨ।
ਲਖਹੁ ਪੰਚ ਕੀ ਬਡ ਵਡਿਆਈ, ਪੰਚ ਕਰਹਿ ਸੋ ਨਿਫਲ ਨ ਚੀਨ।

ਪੰਜ ਬਾਣੀਆਂ ਜੋ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਜਾਂਦੀਆਂ ਹਨ—ਜਪੁ, ਜਾਪੁ, ਤ੍ਵ ਪ੍ਰਸਾਦਿ ਸਵੱਯੇ (ਸ੍ਰਾਵਗ ਸੁੱਧ), ਚੌਪਈ, ਅਨੰਦੁ ਸਾਹਿਬ—ਇਨ੍ਹਾਂ ਪੰਜਾਂ ਬਾਣੀਆਂ ਨੂੰ ਪੜ੍ਹ ਕੇ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਦੇ ਹਨ। ਪੰਜ ਬਾਣੀਆਂ ਨਿੱਤਨੇਮ ਦੀਆਂ ਹਨ—ਜਪੁ, ਜਾਪੁ, ਸਵੱਯੇ, ਰਹਰਾਸਿ, ਕੀਰਤਨ ਸੋਹਿਲਾ, ਹਰ ਇਕ ਗੁਰਸਿੱਖ ਲਈ ਇਨ੍ਹਾਂ ਪੰਜ ਬਾਣੀਆਂ ਦਾ ਪਾਠ ਕਰਨਾ ਜ਼ਰੂਰੀ ਹੈ।

ਪੰਜ ਹੀ ਕਕਾਰ ਹਨ—ਕੇਸ, ਕੰਘਾ, ਕ੍ਰਿਪਾਨ, ਕੜਾ, ਕਛਹਿਰਾ। ਅੰਮ੍ਰਿਤ ਛਕ ਕੇ ਇਨ੍ਹਾਂ ਪੰਜਾਂ ਕਕਾਰਾਂ ਦਾ ਧਾਰਨੀ ਹੋਣਾ ਸਿੱਖ ਲਈ ਜ਼ਰੂਰੀ ਹੈ। ਸਿੱਖੀ ਅਸੂਲਾਂ ਅਨੁਸਾਰ :

## ਪੰਜਾਂ ਦਾ ਤਿਆਗ

ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਸਿਰ ਗੁੰਮ—ਇਨ੍ਹਾਂ ਪੰਜਾਂ ਦਾ ਤਿਆਗ ਕਰਨਾ ਅਰਥਾਤ ਇਨ੍ਹਾਂ ਦਾ ਸੋਸ਼ਲ ਬਾਈਕਾਟ ਕਰਨਾ। ਹੁਣ ਛੇਵੇਂ ਨਾਮ-ਧਰੀਕ ਨਿਰੰਕਾਰੀਆਂ ਦੇ ਬਾਈਕਾਟ ਦਾ ਭੀ ਪੰਥ ਨੇ ਫ਼ੈਸਲਾ ਕੀਤਾ ਹੈ।

ਇਸ ਤਰ੍ਹਾਂ ਗੁਰਬਾਣੀ ਅਤੇ ਇਤਿਹਾਸ ਵਿਚ ਪੰਚ ਯਾ ਪੰਜ ਸ਼ਬਦ ਦੀ ਬਹੁਤ ਮਹਾਨਤਾ ਹੈ। ਇਸੇ ਲਈ ਮਸਕੀਨ ਜੀ ਨੇ ਭੀ ਉਪਰੋਕਤ ਗੁਰਬਾਣੀ ਅਤੇ ਇਤਿਹਾਸਕ ਹਵਾਲਿਆਂ ਨੂੰ ਸਾਹਮਣੇ ਰੱਖ ਕੇ ਇਸ ਪੁਸਤਕ ਦਾ ਨਾਮ *ਪੰਚ ਪ੍ਰਵਾਨ* ਰੱਖਿਆ ਹੈ, ਜਿਸ ਵਿਚ ਲਿਖੇ ਸ੍ਰੇਸ਼ਟ ਵਿਚਾਰਾਂ 'ਤੇ ਅਮਲ ਕਰ ਕੇ ਮਨੁੱਖ ਗੁਰਮੁਖ ਬਣ ਕੇ ਉਸ ਵਾਹਿਗੁਰੂ ਦੀ ਦਰਗਾਹ ਵਿਚ ਪ੍ਰਵਾਨ ਹੋ ਜਾਵੇ।

ਸਤਿਕਾਰਯੋਗ ਮਸਕੀਨ ਜੀ ਨੇ ਜਿਸ ਤਰ੍ਹਾਂ ਪਹਿਲੇ ਚਾਰ ਪੁਸਤਕਾਂ ਛਪਵਾ ਕੇ, ਬੜੀ ਭਾਰੀ ਮਿਹਨਤ ਕਰ ਕੇ ਗੁਰਮਤਿ ਭਰਪੂਰ ਵਿਚਾਰ ਸੰਗਤਾਂ ਤਕ ਪਹੁੰਚਾਉਣ ਦਾ ਯਤਨ ਕੀਤਾ, ਉਸੇ ਤਰ੍ਹਾਂ ਇਹ ਪੰਜਵੀਂ ਪੁਸਤਕ

*ਪੰਚ ਪ੍ਰਵਾਨ* ਵਿਚ ਭੀ ਬਹੁਤ ਸਾਰੇ ਸਿੱਖਿਆਦਾਇਕ ਲੇਖ ਲਿਖ ਕੇ ਸਿੱਖ ਜਗਤ ਨੂੰ ਸੰਬੋਧਨ ਕੀਤਾ ਹੈ। ਉਹਨਾਂ ਲੇਖਾਂ ਦੀ ਕੁਝ ਕੁ ਵੰਨਗੀ ਮੈਂ ਪਾਠਕਾਂ ਦੀ ਰੁਚੀ ਵਿਚ ਵਾਧਾ ਕਰਨ ਲਈ ਇਥੇ ਲਿਖ ਕੇ ਦੱਸਣਾ ਯੋਗ ਸਮਝਦਾ ਹਾਂ, ਤਾਕਿ ਪਾਠਕ ਸੱਜਣ ਉਤਸ਼ਾਹ ਨਾਲ ਪੜ੍ਹ ਕੇ ਲਾਭ ਉਠਾ ਸਕਣ।

## ਕਰਮ

ਆਪ ਇਸ ਕਰਮ ਦੇ ਲੇਖ ਵਿਚ ਲਿਖਦੇ ਹਨ ਕਿ ਮਨੁੱਖ ਦੀ ਤਰ੍ਹਾਂ ਤਰ੍ਹਾਂ ਦੇ ਕਰਮ ਕਰਨ ਦੀ ਫ਼ਿਤਰਤ ਹੈ, ਪਰ ਅਜਿਹੇ ਸਾਧਾਰਣ ਕਰਮ ਕਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਹਾਂ, ਪਦਾਰਥਾਂ ਦੀ ਪ੍ਰਾਪਤੀ ਭਾਵੇਂ ਹੋ ਸਕਦੀ ਹੋਵੇ, ਪਰ ਜਦ ਮਨੁੱਖ ਨੂੰ ਪਦਾਰਥ ਮਿਲ ਜਾਂਦਾ ਹੈ ਤਾਂ ਹੰਕਾਰ ਹੋ ਜਾਂਦਾ ਹੈ ਤੇ ਹੰਕਾਰ ਨਾਲ ਮਨ ਮਲੀਨ ਹੋ ਜਾਂਦਾ ਹੈ। ਜਦ ਮਨ ਮੈਲਾ ਹੋ ਜਾਂਦਾ ਹੈ ਤਾਂ ਫਿਰ ਸਭ ਕੁਝ ਮੈਲਾ ਹੋ ਜਾਂਦਾ ਹੈ ਤੇ ਸਰੀਰ ਦੇ ਇਸ਼ਨਾਨ ਆਦਿਕ ਕਰਨ ਨਾਲ ਮਨ ਉੱਜਲ ਨਹੀਂ ਹੋ ਸਕਦਾ। ਜੈਸਾ ਕਿ "ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥"

## ਜੋਤਿਸ਼

ਇਸ ਜੋਤਿਸ਼ ਦੇ ਲੇਖ ਵਿਚ ਆਪ ਜੀ ਨੇ ਬੜੇ ਖੋਜ-ਭਰਪੂਰ ਵਿਚਾਰ ਪ੍ਰਗਟ ਕੀਤੇ ਹਨ। ਆਪ ਦੱਸਦੇ ਹਨ ਕਿ ਸੂਰਜ ਦੇ ਬਾਰਾਂ ਰਾਸਾਂ ਵਿਚ ਵਾਰੋ ਵਾਰ ਪ੍ਰਵੇਸ਼ ਕਰਨ 'ਤੇ ਬਾਰਾਂ ਮਹੀਨੇ ਵਾਰੋ ਵਾਰ ਬਦਲਦੇ ਰਹਿੰਦੇ ਹਨ ਅਤੇ ਸੂਰਜ ਦੀ ਚਾਲ ਨਾਲ ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਬਦਲਣ ਨਾਲ ਮਨੁੱਖ ਦੇ ਮਨ ਉੱਤੇ ਖ਼ਾਸ ਅਸਰ ਹੁੰਦਾ ਹੈ ਤੇ ਇਥੋਂ ਹੀ ਗ੍ਰਹਿਆਂ-ਨਛੱਤਰਾਂ ਦੀ ਪੂਜਾ ਦਾ ਸਿਲਸਿਲਾ ਅਰੰਭ ਹੋਇਆ ਹੈ ਅਤੇ ਇਸੇ ਦਾ ਨਾਮ ਜੋਤਿਸ਼ ਪੈ ਗਿਆ ਹੈ। ਗੁਰਮਤਿ ਅਤੇ ਗੁਰਬਾਣੀ ਇਸ ਨੂੰ ਸਭ ਅਕਾਲ ਪੁਰਖ ਦੀ ਬਣਾਈ ਹੋਈ ਨਿਯਮਾਵਲੀ ਦੱਸਦੀ ਹੈ ਅਤੇ ਸਭ ਕੁਝ ਉਸ ਅਕਾਲ ਪੁਰਖ ਦੇ ਹੱਥ ਵਿਚ ਦਰਸਾਉਂਦੀ ਹੈ। ਜੈਸਾ ਕਿ :

**ਸਾਹਾ ਗਣਹਿ ਨ ਕਰਹਿ ਬੀਚਾਰੁ॥**
**ਸਾਹੇ ਊਪਰਿ ਏਕੰਕਾਰੁ॥** *(ਪੰਨਾ 904)*

## ਕਰਾਮਾਤ

ਆਪ ਦੱਸਦੇ ਹਨ ਕਿ ਜੋ ਕੰਮ ਮਨੁੱਖ ਦੀ ਪਹੁੰਚ ਤੋਂ ਪਰੇ ਹੋਵੇ, ਉਸ ਨੂੰ ਕਰਾਮਾਤ ਕਹਿੰਦੇ ਹਨ। ਅਕਾਲ ਪੁਰਖ ਵਾਹਿਗੁਰੂ ਇਕ ਪਰਮ ਸ਼ਕਤੀ

ਹੈ। ਉਸ ਦਾ ਚਿੰਤਨ ਕਰਦਿਆਂ ਜੇਕਰ ਸਹਿਜੇ ਹੀ ਕੋਈ ਕਿਣਕਾ ਸ਼ਕਤੀ ਦਾ ਪ੍ਰਾਪਤ ਹੋ ਜਾਵੇ, ਉਸੇ ਨੂੰ ਹੀ ਕਰਾਮਾਤ ਯਾ ਸਿੱਧੀ ਕਹਿੰਦੇ ਹਨ, ਪਰ "ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥" (ਪੰਨਾ 649) ਇਸ ਲਈ ਸਭ ਤੋਂ ਉੱਚਾ ਉਸ ਅਕਾਲ ਪੁਰਖ ਦਾ ਨਾਮ ਹੈ, ਜਿਸ ਦੇ ਜਪਣ ਨਾਲ ਇਹ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ।

### ਏਕਤਾ

ਇਸ ਲੇਖ ਵਿਚ ਆਪ ਜੀ ਨੇ ਬੜੀਆਂ ਸੁੰਦਰ ਦਲੀਲਾਂ ਦੇ ਕੇ ਸਪੱਸ਼ਟ ਕੀਤਾ ਹੈ ਕਿ ਸਾਰੇ ਦੁੱਖਾਂ ਕਲੇਸ਼ਾਂ ਅਤੇ ਝਗੜਿਆਂ ਦਾ ਇਲਾਜ ਸਿਆਣੇ ਲੋਕ ਏਕਤਾ ਹੀ ਦੱਸਦੇ ਹਨ, ਪਰ ਸਾਰਾ ਜਗਤ ਏਕਤਾ ਨੂੰ ਛੱਡ ਕੇ ਅਨੇਕਤਾ ਦੇ ਧਾਗੇ ਵਿਚ ਪਰੋਤਾ ਪਿਆ ਹੈ। ਜਿਸ ਕਾਰਨ ਦੁੱਖਾਂ ਕਲੇਸ਼ਾਂ ਵਿਚ ਜਕੜਿਆ ਹੋਇਆ ਮਨੁੱਖ ਜਦੋਂ ਉਸ ਦਾ ਚਿੰਤਨ ਕਰਦਾ ਹੈ ਤਾਂ ਉਹ ਉਸ ਇਕ ਦਾ ਹੀ ਰੂਪ ਹੋ ਜਾਂਦਾ ਹੈ ਅਤੇ ਸਾਰਾ ਬ੍ਰਹਿਮੰਡ ਉਸ ਨੂੰ ਇਕ ਦਾ ਹੀ ਸਰੂਪ ਦਿਸਣ ਲੱਗ ਪੈਂਦਾ ਹੈ। ਇਸ ਲਈ ਏਕਤਾ ਮਹਾਨ ਹੈ।

### ਦੁਰਲੱਭ

ਮਨੁੱਖ ਮਾਇਆ ਦੇ ਪ੍ਰਭਾਵ ਹੇਠ ਆ ਕੇ ਜੋ ਤੁਛ ਚੀਜ਼ਾਂ ਹਨ, ਉਹਨਾਂ ਨੂੰ ਮਹਾਨ ਸਮਝ ਕੇ ਗ੍ਰਹਿਣ ਕਰਦਾ ਹੈ ਅਤੇ ਜੋ ਮਹਾਨ ਅਤੇ ਦੁਰਲੱਭ ਹਨ, ਉਹਨਾਂ ਨੂੰ ਤੁਛ ਜਾਣ ਕੇ ਉਹਨਾਂ ਦਾ ਤਿਆਗ ਕਰਦਾ ਹੈ ਅਤੇ ਗੁਰਬਾਣੀ ਰਾਹੀਂ ਆਪ ਜੀ ਨੇ ਪਰਮਾਤਮਾ ਦੇ ਨਾਮ ਨੂੰ ਸਭ ਪਦਾਰਥਾਂ ਨਾਲੋਂ ਦੁਰਲੱਭ ਤੇ ਮਹਾਨ ਦਰਸਾਇਆ ਹੈ। ਜੈਸਾ ਕਿ "ਨਚ ਦੁਰਲਭੰ ਧਨੰ ਰੂਪੰ" (ਪੰਨਾ 1357) ਆਦਿ। ਇਸ ਲਈ ਨਾਮ ਜਪਣਾ ਹੀ ਵਿਸ਼ੇਸ਼ ਹੈ ਤੇ ਨਾਮ ਪ੍ਰਾਪਤ ਹੁੰਦਾ ਹੈ—ਸਾਧ ਸੰਗਤ ਵਿੱਚੋਂ।

### ਮੰਦਿਰ

ਆਪ ਨੇ ਬੜੇ ਵਿਸਥਾਰ ਨਾਲ ਮੰਦਿਰ ਦੇ ਸੰਬੰਧ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਆਪ ਲਿਖਦੇ ਹਨ ਕਿ ਜਿਥੇ ਰਾਤ-ਦਿਨ ਬੈਠ ਕੇ ਨਾਮ ਦਾ ਚਿੰਤਨ ਹੋਵੇ ਅਤੇ ਜਿਥੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਵੇ, ਜਿਸ ਮੰਦਿਰ ਵਿਚ ਉਹ ਰੱਬ ਯਾਦ ਆਵੇ, ਉਹ ਜੀਂਵਦਾ ਮੰਦਿਰ ਹੈ। ਜਿਥੇ ਉਸ ਮਾਲਕ ਦੇ ਸਿਮਰਨ ਦੀ ਪ੍ਰੇਰਨਾ ਨਹੀਂ ਮਿਲਦੀ, ਉਹ ਮੁਰਦਾ ਮੰਦਿਰ ਹਨ ਅਤੇ ਜੀਂਵਦੇ ਮੰਦਿਰ

ਸੰਸਾਰ ਵਿਚ ਉਹ ਹਨ, ਜਿਸ ਤਰ੍ਹਾਂ ਦੇ ਮੰਦਿਰ ਸੰਬੰਧੀ ਸਤਿਗੁਰਾਂ ਆਪ ਲਿਖਿਆ ਹੈ :

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥** *(ਪੰਨਾ 1362)*

ਜਿਸ ਮੰਦਿਰ ਦੀ ਤੁਲਨਾ ਅਸੀਂ ਕਿਸੇ ਨਾਲ ਨਹੀਂ ਦੇ ਸਕਦੇ, ਉਹੋ ਹੀ ਸੋਹਣਾ ਮੰਦਿਰ ਹੋ ਸਕਦਾ ਹੈ। ਜਿਥੇ ਧਾਰਮਿਕ ਛੋਹਾਂ ਮਿਲਣ, ਜਿਥੇ ਕੁਝ ਘੜੀ ਬੈਠਿਆਂ ਆਤਮ ਅਨੰਦ ਪ੍ਰਾਪਤ ਹੋਵੇ, ਜਿਸ ਸੁੰਦਰ ਮੰਦਿਰ ਦੇ ਦੀਦਾਰ ਨਾਲ ਪਰਮਾਤਮਾ ਦਾ ਦੀਦਾਰ ਹੋ ਜਾਵੇ, ਉਸ ਨੂੰ ਹੀ ਭਗਵਾਨ ਦਾ ਮੰਦਿਰ ਆਖਿਆ ਜਾਂਦਾ ਹੈ। ਨਹੀਂ ਤਾਂ ਸ਼ੈਤਾਨਾਂ ਦੇ ਮੰਦਿਰ ਧਰਤੀ ਉੱਤੇ ਬਹੁਤ ਬਣ ਗਏ ਹਨ।

## ਪੰਚ ਪ੍ਰਵਾਨ

ਮਸਕੀਨ ਜੀ ਨੇ 'ਪੰਚ' ਸ਼ਬਦ ਦਾ ਪ੍ਰਯੋਗ ਕਰ ਕੇ ਇਸ ਪੁਸਤਕ ਦਾ ਨਾਮ *ਪੰਚ ਪ੍ਰਵਾਨ* ਰੱਖਿਆ ਹੈ ਅਤੇ ਇਸੇ ਪੁਸਤਕ ਵਿਚ 'ਪੰਚ ਪ੍ਰਵਾਨ' ਦੇ ਸਿਰਲੇਖ ਹੇਠ ਇਕ ਸੁੰਦਰ ਅਤੇ ਵਿਦਵਤਾ-ਭਰਪੂਰ ਲੇਖ ਲਿਖ ਕੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਅਤੇ ਪੰਚ ਸ਼ਬਦ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਹੈ : ਪੰਚ ਕਿਸ ਨੂੰ ਕਹਿੰਦੇ ਹਨ ? ਉਹ ਮਹਾਂਪੁਰਖ ਜੋ ਰਹਿਣੀ ਬਹਿਣੀ ਵਿਚ ਪੱਕੇ ਹਨ ਅਤੇ ਜਿਨ੍ਹਾਂ ਕਾਮ, ਕ੍ਰੋਧ ਆਦਿ ਔਗੁਣਾਂ ਦਾ ਤਿਆਗ ਕੀਤਾ ਹੈ, ਸ਼ੁਭ ਗੁਣ ਗ੍ਰਹਿਣ ਕੀਤੇ ਹਨ ਅਤੇ ਸਾਧਨਾ ਵਿਚ ਸਫਲਤਾ ਪ੍ਰਾਪਤ ਕੀਤੀ ਹੈ, ਐਸੇ ਗੁਰਮੁਖ ਸਿੱਖਾਂ ਨੂੰ ਪੰਚ ਕਿਹਾ ਜਾਂਦਾ ਹੈ। ਜਿਨ੍ਹਾਂ ਔਗੁਣਾਂ ਦਾ ਤਿਆਗ ਨਹੀਂ ਕੀਤਾ ਅਤੇ ਚੰਗੇ ਗੁਣ ਗ੍ਰਹਿਣ ਕੋਈ ਨਹੀਂ ਕੀਤੇ, ਐਸੇ ਪੰਚ ਅਰਥਾਤ ਮੁਖੀ, ਜੋ ਮਾਲਕ ਦੀ ਦਰਗਾਹ ਵਿਚ ਪ੍ਰਵਾਨ ਹੀ ਨਹੀਂ ਹੋਏ, ਉਹਨਾਂ ਦਾ ਕਿਸੇ ਧਾਰਮਿਕ ਸੰਸਥਾ ਦਾ ਪ੍ਰਧਾਨ ਬਣਨਾ ਮਹਾਨ ਅਗਿਆਨਤਾ ਹੈ।

ਮਨੁੱਖਾਂ ਦੀ ਦ੍ਰਿਸ਼ਟੀ ਵਿਚ ਪ੍ਰਵਾਨ ਹੋ ਕੇ ਪ੍ਰਧਾਨ ਬਣਨਾ ਇਹ ਰਾਜਨੀਤੀ ਹੈ ਯਾ ਇਸ ਨੂੰ ਬੱਚਿਆਂ ਦੀ ਖੇਡ ਸਮਝੋ। ਮਨੁੱਖੀ ਦੁਨੀਆ ਵਿਚ ਪ੍ਰਧਾਨ ਬਣਨ ਲਈ ਚਤੁਰਾਈ, ਚਲਾਕੀ, ਝੂਠ ਤੇ ਬੇਈਮਾਨੀ ਚਾਹੀਦੀ ਹੈ। ਜੋ ਉਪਰੋਕਤ ਗੱਲਾਂ ਵਿਚ ਬਹੁਤਾ ਚਤੁਰ ਹੋਵੇ, ਉਹ ਛੇਤੀ ਹੀ ਸੱਤਾਧਾਰੀ ਪੰਚ ਬਣ ਜਾਵੇਗਾ। ਆਪ ਲਿਖਦੇ ਹਨ ਕਿ ਜਦ ਦੁਨੀਆ ਝੂਠੇ ਰਾਜਨੀਤਕਾਂ ਤੋਂ ਬੇਜ਼ਾਰ ਹੋ ਜਾਵੇਗੀ, ਉਦੋਂ ਉਸ ਦੀ ਦਰਗਾਹ ਵਿਚ ਪ੍ਰਵਾਨ ਹੋਏ ਸੰਤ-ਜਨ ਮਹਾਂਪੁਰਖ ਰਹਿਣੀ ਬਹਿਣੀ ਦੇ ਪੱਕੇ ਗੁਰਸਿੱਖ ਸੰਸਾਰ ਵਿਚ ਮੁਖੀ ਹੋਣਗੇ। ਜਿਸ ਦਿਨ ਐਸੇ ਪੰਚ ਮੁਖੀ ਰਹਿਬਰੀ ਕਰਨਗੇ, ਉਸ ਦਿਨ ਪਵਿੱਤਰ ਖ਼ਾਲਸਾਈ ਰਾਜ ਹੋਵੇਗਾ। ਮਸਕੀਨ ਜੀ ਨੇ ਜੋ ਇਸ 'ਪੰਚ ਪ੍ਰਵਾਨ' ਲੇਖ ਵਿਚ ਆਪਣੇ ਵਿਚਾਰ ਪ੍ਰਗਟ

ਕੀਤੇ ਹਨ, ਜੇਕਰ ਉਨ੍ਹਾਂ 'ਤੇ ਅਮਲ ਕੀਤਾ ਜਾਵੇ ਤਾਂ ਸਾਰੇ ਝਗੜੇ ਖ਼ਤਮ ਹੋ ਜਾਣਗੇ ਤੇ ਵਿਦਰੋਹੀ ਭੀ ਕੋਈ ਨਹੀਂ ਹੋਵੇਗਾ।

## ਕੁਝ ਝਲਕਾਂ

*ਪੰਚ ਪ੍ਰਵਾਨ* ਪੁਸਤਕ ਦੇ ਅਖ਼ੀਰ ਵਿਚ 'ਕੁਝ ਝਲਕਾਂ' ਸਿਰਲੇਖ ਹੇਠ ਮਸਕੀਨ ਜੀ ਨੇ ਜੋ ਬਾਰਾਂ ਨੁਕਤੇ ਲਿਖੇ ਹਨ, ਉਹ ਆਪਣੇ ਦਿਲ ਦੀ ਗਹਿਰਾਈ ਵਿੱਚੋਂ ਕੱਢ ਕੇ ਆਪਣੀ ਕਲਮ ਰਾਹੀਂ ਇਸ ਪੁਸਤਕ ਵਿਚ ਬਹੁਤ ਸੁੰਦਰ ਅਤੇ ਵਿਦਵਤਾ-ਭਰਪੂਰ ਉਦਾਹਰਣਾਂ ਦੇ ਕੇ ਲਿਖੇ ਹਨ। ਆਸ ਹੈ ਕਿ ਪਾਠਕ ਸੱਜਣ ਇਨ੍ਹਾਂ ਬਾਰਾਂ ਨੁਕਤਿਆਂ ਨੂੰ ਬੜੇ ਗਹੁ ਨਾਲ ਪੜ੍ਹਨ ਦੀ ਕੋਸ਼ਿਸ਼ ਕਰਨਗੇ।

ਇਤਿਆਦਿਕ ਬਹੁਤ ਸੁੰਦਰ ਲੇਖਾਂ ਰੂਪ ਸੁੱਚੇ ਮੋਤੀ ਇਕੱਤਰ ਕਰ ਕੇ ਮਸਕੀਨ ਜੀ ਨੇ ਇਸ *ਪੰਚ ਪ੍ਰਵਾਨ* ਪੁਸਤਕ ਰੂਪ-ਮਾਲਾ ਵਿਚ ਗੁੰਦੇ ਹਨ ਅਤੇ ਭਾਰੀ ਮਿਹਨਤ ਕਰ ਕੇ ਸੰਗਤਾਂ ਦੇ ਲਾਭ ਲਈ ਛਪਵਾ ਕੇ ਮਹਾਨ ਉਪਕਾਰ ਕੀਤਾ ਹੈ। ਆਸ ਹੈ ਪਾਠਕ ਸੱਜਣ ਇਹ ਪੁਸਤਕ ਲੈ ਕੇ ਤੇ ਪੜ੍ਹ ਕੇ ਪੂਰਾ ਲਾਭ ਪ੍ਰਾਪਤ ਕਰਨਗੇ।

## ਅਰਦਾਸ

ਕਲਗ਼ੀਧਰ ਪਿਤਾ ਦੇ ਚਰਨਾਂ ਵਿਚ ਜੋਦੜੀ ਹੈ ਕਿ ਉਹ ਗਿਆਨੀ ਸੰਤ ਸਿੰਘ ਮਸਕੀਨ ਜੀ ਨੂੰ ਦੇਹ-ਅਰੋਗਤਾ ਅਤੇ ਨਾਮ ਬਾਣੀ ਦਾ ਪਿਆਰ ਬਖ਼ਸ਼ ਕੇ ਉਹਨਾਂ ਦੇ ਸਿਰ ਉੱਤੇ ਆਪਣੀ ਕਿਰਪਾ ਦਾ ਹੱਥ ਰੱਖ ਕੇ ਉਹਨਾਂ ਪਾਸੋਂ ਸਿੱਖੀ ਪ੍ਰਚਾਰ ਦੀ ਸੇਵਾ ਲੈਂਦੇ ਰਹਿਣ।

*ਗੁਰੂ ਪੰਥ ਦਾ ਦਾਸ,*
**ਗਿਆਨੀ ਚੇਤ ਸਿੰਘ**
*ਸਾਬਕਾ ਹੈੱਡ ਗ੍ਰੰਥੀ*
ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

177, ਅਜੀਤ ਨਗਰ,
ਸ੍ਰੀ ਅੰਮ੍ਰਿਤਸਰ
22 ਜੁਲਾਈ, 1986

# ਹੁਕਮੀ ਉਤਮੁ ਨੀਚੁ
# ਹੁਕਮਿ ਲਿਖਿ ਦੁਖ ਸੁਖ ਪਾਈਅਹਿ

ਜੀਵ ਨੂੰ ਵਡਿਆਈ ਧੁਰ ਦਰਗਾਹੋਂ ਮਿਲੀ ਹੋਈ ਹੈ। ਧੁਰ ਦਰਗਾਹ ਤੋਂ ਮਿਲੀ ਇਸ ਵਡਿਆਈ ਨੂੰ ਕੋਈ ਘਟਾ ਨਹੀਂ ਸਕਦਾ, ਕਿਉਂਕਿ ਇਹ ਉਸ ਦੀ ਦੇਣ ਹੈ, ਜਿਸ ਤਕ ਕਿਸੇ ਦੀ ਪਹੁੰਚ ਨਹੀਂ। ਯਥਾ:

**...ਹੁਕਮਿ ਮਿਲੈ ਵਡਿਆਈ ॥** *(ਜਪੁ ਜੀ)*

ਪੱਥਰਾਂ ਦੀ ਦੁਨੀਆ ਵਿਚ ਸੰਗਮਰਮਰ ਤੇ ਹੀਰੇ, ਪੰਨੇ, ਨੀਲਮ, ਪੁਖਰਾਜ ਇਤਿਆਦਿਕ ਨੂੰ ਈਸ਼ਵਰੀ ਹੁਕਮ ਅਨੁਸਾਰ ਹੀ ਮਹਾਨਤਾ ਮਿਲੀ ਹੈ। ਰੱਬੀ ਨਿਯਮਾਵਲੀ ਅਨੁਸਾਰ ਹੀ ਬਨਸਪਤੀ ਵਿਚ ਚੰਦਨ ਸਿਰਮੌਰ ਹੈ ਔਰ ਫੁੱਲਾਂ ਵਿੱਚੋਂ ਗੁਲਾਬ ਸਿਖਰ 'ਤੇ ਹੈ।

ਪਸ਼ੂ-ਜਗਤ 'ਤੇ ਨਿਗਾਹ ਮਾਰੀਏ ਤਾਂ ਸਾਹਸ ਦਲੇਰੀ ਵਿਚ ਸ਼ੇਰ ਅੱਗੇ ਹੈ। ਦੌੜਨ ਵਿਚ ਘੋੜਾ ਤੇ ਹਿਰਨ ਅੱਗੇ ਹਨ। ਭਲਮਾਣਸੀ ਵਿਚ ਗਊ ਤੇ ਵਫ਼ਾਦਾਰੀ ਵਿਚ ਕੁੱਤਾ ਅੱਗੇ ਹੈ। ਇਸੇ ਤਰ੍ਹਾਂ ਪੰਛੀਆਂ ਦੀ ਦੁਨੀਆ ਵਿਚ ਪਵਿੱਤਰਤਾ ਵਿਚ ਹੰਸ, ਸੁਹੱਪਣ ਵਿਚ ਮੋਰ ਤੇ ਦਲੇਰੀ ਵਿਚ ਬਾਜ਼ ਪ੍ਰਧਾਨ ਹੈ।

ਪਵਿੱਤਰ ਜੀਵਨ 'ਤੇ ਨਿਗਾਹ ਮਾਰੀਏ ਤਾਂ ਜੀਵਾਂ ਨੂੰ ਇਹ ਉੱਤਮ ਪਦਵੀ ਅਕਾਲ ਪੁਰਖ ਦੀ ਨਿਯਮਾਵਲੀ ਅਨੁਸਾਰ ਹੀ ਪ੍ਰਾਪਤ ਹੋਈ ਹੈ। ਜਦ ਕੋਈ ਮਨੁੱਖ ਉਸ ਅਕਾਲ ਪੁਰਖ ਦੇ ਨਿਯਮ ਨੂੰ ਸਮਝ ਲੈਂਦਾ ਹੈ ਤੇ ਉਸ ਦੇ ਹੁਕਮ 'ਤੇ ਨਿਯਮ-ਪੂਰਬਕ ਆਪਣਾ ਜੀਵਨ ਢਾਲਦਾ ਹੈ ਤਾਂ ਉਹ ਹੁਕਮੀ ਦਾ ਰਾਜ਼ ਸਮਝ, ਹੁਕਮੀ ਦੀ ਪ੍ਰਸੰਨਤਾ ਦਾ ਪਾਤਰ ਬਣ ਜਾਂਦਾ ਹੈ:

**ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥**
**ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥** *(ਰਾਮਕਲੀ ਮ: ੫, ਪੰਨਾ 885)*

ਹੁਕਮੀ ਦੀ ਪ੍ਰਸੰਨਤਾ ਹਾਸਲ ਕਰ, ਐਸੇ ਮਨੁੱਖ ਸਮੁੱਚੀ ਜੀਵ ਸ਼੍ਰੇਣੀ ਦੇ ਪੰਚ ਬਣ ਜਾਂਦੇ ਹਨ। ਸੰਸਾਰ ਤੇ ਨਿਰੰਕਾਰ ਦੀ ਦਰਗਾਹ ਵਿਚ ਇਹ ਪ੍ਰਵਾਨ ਮਨੁੱਖ ਹਨ। ਇਸ ਪੁਸਤਕ ਵਿਚ ਗੁਰੂ ਵੱਲੋਂ ਦਿੱਤੀ ਮਤਿ ਅਨੁਸਾਰ ਲਿਖਣ

ਦੀ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਪੜ੍ਹ ਕੇ ਮਨੁੱਖ ਪ੍ਰਭੂ ਦਰਗਾਹ ਵਿਚ ਪ੍ਰਵਾਨ ਹੋ, ਪੰਚ ਬਣ ਜਾਏ।

ਸਤਿਗੁਰੂ ਜੀ, ਪਾਠਕਾਂ ਲਈ ਇਸ ਪੁਸਤਕ ਦੇ ਰਾਹੀਂ ਪ੍ਰਵਾਨ ਹੋਣ ਦਾ ਵਸੀਲਾ ਬਣਾਉਣ। ਇਸ ਤੋਂ ਪ੍ਰਥਮ *ਗੁਰੂ-ਚਿੰਤਨ*, *ਗੁਰੂ-ਜੋਤੀ*, *ਤੀਜਾ ਨੇਤ੍ਰ* ਤੇ ***ਚੌਥਾ ਪਦੁ*** ਇਤਿਆਦਿਕ ਲਿਖੀਆਂ ਪੁਸਤਕਾਂ ਵਿਚ ਤਾਂ ਇਕ ਨਿਮਾਣਾ ਜਿਹਾ ਉੱਦਮ ਪ੍ਰਭੂ-ਪ੍ਰੇਮੀਆਂ ਲਈ ਕੀਤਾ ਸੀ। ***ਖਟਿ ਦਰਸ਼ਨ*** ਨਾਮਕ ਪੁਸਤਕ ਥੋੜੇ ਦਿਨਾਂ ਤਕ ਪਾਠਕਾਂ ਤਕ ਪਹੁੰਚਾਉਣ ਦਾ ਯਤਨ ਕਰਾਂਗਾ।

ਦਾਸ,

**ਗਿ: ਸੰਤ ਸਿੰਘ ਮਸਕੀਨ**

ਗੁਰਮਤਿ ਸਮਾਗਮ ਅਸਥਾਨ
ਰੋਡ ਨੰ: 2, ਅਲਵਰ (ਰਾਜਸਥਾਨ)

# ਕਰਮ—ਗਿਆਨ—ਭਾਵ

ਮਨੁੱਖੀ ਮਨ ਇਨ੍ਹਾਂ ਤਿੰਨਾਂ ਹਾਲਤਾਂ ਵਿਚ ਰਹਿੰਦਾ ਹੈ। ਕਦੀ ਕਰਮ ਪ੍ਰਧਾਨ ਤੇ ਕਦੀ ਗਿਆਨ ਪ੍ਰਧਾਨ ਤੇ ਕਦੀ ਭਾਵ ਲੀਨ ਹੁੰਦਾ ਹੈ। ਪ੍ਰਥਮ ਕਰਮ ਦੀ ਵਿਚਾਰ ਕਰੀਏ—ਮਨੁੱਖ ਦੇ ਮਨ ਨੂੰ ਕੁਛ ਕਰਨ ਲਈ ਚਾਹੀਦਾ ਹੈ, ਮਨ ਵਿਹਲਾ ਨਹੀਂ ਰਹਿ ਸਕਦਾ। ਇਕ ਲੋਕ-ਕਥਾ ਪ੍ਰਚਲਿਤ ਹੈ ਕਿ ਬੇਕਾਰ ਨਾ ਬੈਠ, ਕਮੀਜ਼ ਫਾੜ ਕੇ ਸੀਆ ਕਰ। ਇਹ ਠੀਕ ਹੈ, ਜਗਤ ਵਿਚ ਕਰਮ ਕਰਨ ਨਾਲ ਹੀ ਕੁਛ ਮਿਲਦਾ ਹੈ, ਪਰ ਜੇ ਮਨੁੱਖ ਨੂੰ ਆਖ ਦਿੱਤਾ ਜਾਵੇ ਕਿ ਤੈਨੂੰ ਕੁਛ ਘਰ ਬੈਠੇ ਮਿਲ ਜਾਵੇਗਾ, ਤੂੰ ਕੁਝ ਵੀ ਨਾ ਕਰ, ਤਾਂ ਇਸ ਅਵਸਥਾ ਨੂੰ ਜ਼ਿਆਦਾ ਦਿਨ ਬਰਕਰਾਰ ਰੱਖਣਾ ਔਖਾ ਹੈ। ਮਨ ਵਿਹਲਾ ਨਹੀਂ ਰਹਿ ਸਕਦਾ। ਅਕਸਰ ਸਿਆਸੀ ਕੈਦੀ ਜੇਲ੍ਹ ਦੇ ਅੰਦਰ ਚਿੱਤਰ ਬਣਾਉਣ ਲੱਗ ਪੈਂਦੇ ਹਨ, ਧਰਮ ਗ੍ਰੰਥਾਂ 'ਤੇ ਟੀਕੇ ਲਿਖਦੇ ਹਨ। ਕਵਿਤਾਵਾਂ ਲਿਖਦੇ ਹਨ। ਕੁਛ ਕਰਨ ਨੂੰ ਚਾਹੀਦਾ ਹੈ। ਕੁਛ ਕੀਤੇ ਬਿਨਾਂ ਆਪਣੇ ਆਪ ਨੂੰ ਰੱਖਣਾ ਬਹੁਤ ਮੁਸ਼ਕਿਲ ਹੈ। ਜਿਨ੍ਹਾਂ ਨੇ ਕਰਮ ਸਿਧਾਂਤ ਨੂੰ ਘੜਿਆ ਹੈ, ਉਨ੍ਹਾਂ ਦਾ ਇਸ 'ਤੇ ਜ਼ੋਰ ਰਿਹਾ ਹੈ ਕਿ ਕਰਮ ਨਾਲ ਪਰਮਾਤਮਾ ਮਿਲ ਸਕਦਾ ਹੈ। ਇਸ ਧਾਰਨਾ ਨੇ ਧਾਰਮਿਕ ਦੁਨੀਆ ਵਿਚ ਅਨੇਕਾਂ ਤਰ੍ਹਾਂ ਦੇ ਕਰਮਾਂ ਨੂੰ ਵਿਕਸਿਤ ਕੀਤਾ ਹੈ—ਹੱਜ ਕਰਨਾ, ਕੁਰਬਾਨੀ ਦੇਣਾ, ਅਠਸਠ ਤੀਰਥਾਂ ਦਾ ਭ੍ਰਮਣ, ਅਨੇਕਾਂ ਤਰ੍ਹਾਂ ਦੇ ਵਰਤ, ਰੋਜ਼ੇ, ਪੂਜਾ-ਅਰਚਾ-ਬੰਧਨ, ਇਕ ਪੈਰ 'ਤੇ ਖੜਾ ਹੋਣਾ, ਤੀਰਥ ਤਕ ਡੰਡੌਤ ਕਰਦੇ ਜਾਣਾ, ਦਰੱਖ਼ਤਾਂ ਦੀ ਪੂਜਾ, ਪਹਾੜਾਂ, ਨਦੀ-ਨਾਲਿਆਂ ਦੀ ਪੂਜਾ, ਗਊ, ਸ਼ੇਰ, ਨਾਗਾਂ ਤਕ ਦੀ ਪੂਜਾ, ਸੂਰਜ ਨੂੰ ਪਾਣੀ ਦੇਣਾ, ਮੂਰਤੀਆਂ ਨੂੰ ਨਹਾਉਣਾ-ਧੁਲਾਣਾ, ਬਸਤਰ ਬਦਲਣੇ, ਸ਼ਿੰਗਾਰ ਕਰਾਣਾ—ਇਕ ਕਰਮ ਤੋਂ ਥੱਕੇ ਦੂਜਾ ਕਰਮ, ਤੇ ਦੂਜੇ ਤੋਂ ਥੱਕੇ ਤੀਜਾ ਕਰਮ ਅਰੰਭ ਦੇਣਾ, ਸੰਸਾਰ ਵਿਚ ਕਰਮ ਨਾਲ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ। ਸੋ ਇਹ ਧਾਰਨਾ ਬਣ ਗਈ ਕਿ ਕਰਮ ਨਾਲ ਪਰਮਾਤਮਾ ਦੀ ਵੀ ਪ੍ਰਾਪਤੀ ਹੋ ਸਕਦੀ ਹੈ। ਕਰਮ-ਕਾਂਡੀਆਂ ਦੀ ਇਕ ਬਹੁਤ ਵੱਡੀ ਭੀੜ ਧਾਰਮਿਕ ਦੁਨੀਆ ਵਿਚ ਇਕੱਠੀ ਹੋ ਗਈ।

ਚੰਦਨ ਰਗੜਨਾ, ਤਿਲਕ ਲਾਉਣਾ, ਭੋਗ ਲੁਆਉਣੇ, ਜਤ ਰੱਖਣੀ ਤੇ ਇਸ ਤਰ੍ਹਾਂ ਦੇ ਰੋਜ਼ ਨਿੱਤ ਨਵੇਂ ਕਰਮ ਧਾਰਮਿਕ ਦੁਨੀਆ ਵਿਚ ਜਨਮ ਲੈਂਦੇ

ਰਹੇ। ਸੱਚ ਤਾਂ ਇਹ ਹੈ ਕਿ ਅਕਰਮ ਹੋਣਾ ਬਹੁਤ ਔਖਾ ਹੈ। ਕਰਮ ਕਰਨਾ ਮਨ ਦਾ ਇਕ ਪ੍ਰਬਲ ਹਿੱਸਾ ਹੈ। ਇਕ ਕਰਮ ਤੋਂ ਉੂੰਘ ਜਾਣਾ ਦੂਜਾ ਕਰਮ ਕਰਨਾ ਤੇ ਦੂਜੇ ਤੋਂ ਉਕਤਾ ਕੇ ਤੀਜਾ ਕਰਮ ਕਰਨਾ, ਇਹ ਮਨ ਦੀ ਫ਼ਿਤਰਤ ਹੈ। ਕੁਛ ਕਰਨ ਨੂੰ ਚਾਹੀਦਾ ਹੈ, ਚਾਹੇ ਉਸ ਕਰਮ ਵਿਚ ਕੁਛ ਵੀ ਪ੍ਰਾਪਤ ਨਾ ਹੋਵੇ। ਜੈਸੇ ਕੋਈ ਸ਼ਤਰੰਜ ਯਾ ਤਾਸ਼ ਖੇਲ ਰਿਹਾ ਹੈ, ਇਸ ਖੇਲ ਵਿਚ ਕੁਛ ਮਿਲਣਾ ਨਹੀਂ ਹੈ, ਫਿਰ ਵੀ ਇਹ ਕਰਮ ਕਰਨਾ ਹੈ। ਕਈ ਦਫ਼ਾ ਤਾਂ ਐਸਾ ਹੁੰਦਾ ਹੈ, ਕੋਈ ਦੂਜਾ ਖੇਡਣ ਵਾਲਾ ਨਹੀਂ ਹੈ ਤਾਂ ਦੋਹਾਂ ਪਾਸਿਆਂ 'ਤੇ ਆਪ ਹੀ ਖੇਡੀ ਜਾ ਰਿਹਾ ਹੈ। ਕਰਮ ਸੰਸਾਰ ਵਿਚ ਪਦਾਰਥ ਪ੍ਰਾਪਤੀ ਦਾ ਮੂਲ ਹੋ ਸਕਦਾ ਹੈ। ਕਰਮ ਨਿਰੰਕਾਰ ਦਾ ਮੂਲ ਨਹੀਂ ਹੈ। ਮੇਰੇ ਜਿਸ ਕਰਮ ਨਾਲ ਪਰਮਾਤਮਾ ਮਿਲ ਸਕਦਾ ਹੈ, ਉਹੋ ਕੀਤਾ ਕਰਮ ਪਰਮਾਤਮਾ ਦਾ ਮੂਲ ਹੈ। ਪਰਮਾਤਮਾ ਮੇਰੇ ਕੀਤੇ ਕਰਮ ਤੋਂ ਵੱਡਾ ਨਹੀਂ ਹੈ, ਜੈਸੇ ਜਿਤਨੇ ਧਨ ਨਾਲ ਜੋ ਪਦਾਰਥ ਮਿਲਿਆ ਹੈ, ਪਦਾਰਥ ਵੱਡਾ ਨਹੀਂ ਹੈ, ਧਨ ਵੱਡਾ ਹੈ।

ਇਸੇ ਤਰ੍ਹਾਂ ਉਹੋ ਕਰਮ ਹੀ ਵੱਡਾ ਹੈ, ਜਿਸ ਨਾਲ ਪਰਮਾਤਮਾ ਮਿਲ ਜਾਂਦਾ ਹੈ ਤਾਂ ਫਿਰ ਪਰਮਾਤਮਾ ਨੂੰ ਪੂਜਣ ਦੀ ਲੋੜ ਨਹੀਂ। ਜਿਸ ਕਰਮ ਨਾਲ ਪਰਮਾਤਮਾ ਮਿਲਦਾ ਹੈ, ਉਸ ਕਰਮ ਨੂੰ ਪੂਜਣ ਦੀ ਲੋੜ ਹੈ। ਕਰਮ ਪਸ਼ੂ-ਜਗਤ ਵੀ ਕਰਦਾ ਹੈ, ਪਰ ਉਨ੍ਹਾਂ ਦਾ ਕਰਮ ਉਦਰ-ਪੂਰਤੀ ਦੇ ਆਲੇ-ਦੁਆਲੇ ਘੁੰਮਦਾ ਹੈ।

ਪਰ ਮਨੁੱਖ ਤਾਂ ਕਰਮ ਕਰਨ ਲਈ ਹੀ ਕਰਮ ਕਰਦਾ ਹੈ, ਕਰਮਾਂ ਦਾ ਤਾਣਾ-ਪੇਟਾ ਬਣ ਕੇ ਉਸ ਵਿਚ ਆਪ ਹੀ ਉਲਝ ਕੇ ਰਹਿ ਜਾਂਦਾ ਹੈ।

ਇਹ ਤਾਂ ਠੀਕ ਹੈ ਕਿ ਕਰਮ ਨਾਲ ਪਦਾਰਥ ਮਿਲ ਸਕਦੇ ਹਨ, ਜਦ ਮਿਲਣ ਦੀ ਚਾਹਨਾ (ਤ੍ਰਿਸ਼ਨਾ) ਵਧਦੀ ਹੈ ਤਾਂ ਕਰਮ ਵੀ ਵਧਦੇ ਹਨ ਤੇ ਜਦ ਕਰਮਾਂ ਨਾਲ ਬਹੁਤ ਕੁਛ ਮਿਲ ਜਾਵੇ, ਤਾਂ ਕਰਮਾਂ ਨਾਲ ਪਰਮਾਤਮਾ ਮਿਲ ਸਕਦਾ ਹੈ। ਇਹ ਧਾਰਨਾ ਮਨ ਨੂੰ ਪਕੜਦੀ ਹੈ। ਇਸ ਤਰ੍ਹਾਂ ਕਰਮ ਇਕ ਪੂੰਜੀ ਬਣ ਜਾਂਦੀ ਹੈ। ਜਦ ਕਰਮ ਪੂੰਜੀ ਹੀ ਹਨ, ਤਾਂ ਫਿਰ ਇਸ ਪੂੰਜੀ ਦੀ ਗਿਣਤੀ ਕਰਨੀ ਲਾਜ਼ਮੀ ਹੋ ਜਾਂਦੀ ਹੈ।

ਸੋ ਮਨੁੱਖ ਇਸ ਤਰ੍ਹਾਂ ਦੀ ਗਿਣਤੀ ਕਰਨ ਲੱਗ ਪੈਂਦਾ ਹੈ ਕਿ ਮੈਂ ਇਤਨੇ ਜੱਗ ਕੀਤੇ, ਇਤਨਾ ਦਾਨ ਦਿੱਤਾ, ਇਤਨੀ ਦਫ਼ਾ ਤੀਰਥਾਂ 'ਤੇ ਗਿਆ, ਇਤਨੇ ਪਾਠ ਕੀਤੇ ਯਾ ਕਰਵਾਏ। ਇਤਨੇ ਵਰਤ ਰੱਖੇ ਤੇ ਇਤਨੇ ਹੋਰ ਪੁੰਨ ਕਰਮ ਕੀਤੇ। ਇਸੇ ਤਰ੍ਹਾਂ ਕਰਮਾਂ ਦੀ ਪੰਡ ਭਾਰੀ ਹੋ ਜਾਂਦੀ ਹੈ ਤੇ ਕਰਮਾਂ ਦਾ ਅਹੰ-ਭਾਵ ਵੀ ਵਧਦਾ ਰਹਿੰਦਾ ਹੈ। ਅਸੀਂ ਮਨੁੱਖ ਦੀ ਪਹਿਚਾਣ ਵੀ ਉਸ ਦੇ ਕਰਮਾਂ ਤੋਂ ਕਰਦੇ ਹਾਂ, ਉਸ ਦੀ ਹੋਂਦ ਤੋਂ ਨਹੀਂ।

ਇਕ ਤਾਂ ਹੈ ਮੇਰਾ ਹੋਣਾ, ਔਰ ਇਕ ਹੈ ਮੇਰਾ ਕਰਨਾ। ਜਗਤ ਦੀ ਦ੍ਰਿਸ਼ਟੀ

ਕਰਨੇ 'ਤੇ ਹੈ, ਅਸੀਂ ਸਿਰਫ਼ ਕਿਸੇ ਦਾ ਨਾਮ-ਧਾਮ ਪੁੱਛ ਕੇ ਸੰਤੁਸ਼ਟ ਨਹੀਂ ਹੁੰਦੇ, ਬਲਕਿ ਪੁੱਛਦੇ ਹਾਂ, ਤੂੰ ਕਰਦਾ ਕੀ ਹੈਂ। ਉਸ ਦੀ ਕ੍ਰਿਤ, ਉਸਦੇ ਕਰਮ ਦਾ ਜਦ ਤਕ ਪਤਾ ਨਾ ਚੱਲੇ, ਤਸੱਲੀ ਨਹੀਂ ਹੁੰਦੀ। ਅਸੀਂ ਕਰੀਬਨ ਕਰੀਬਨ ਸਾਰੇ ਮਨੁੱਖਾਂ ਨੂੰ ਕਰਮਾਂ ਤੋਂ ਹੀ ਪਹਿਚਾਣਦੇ ਹਾਂ। ਇਹ ਸੁਨਾਰ ਹੈ, ਚਮਾਰ ਹੈ, ਲੁਹਾਰ ਹੈ, ਇਹ ਬਜਾਜ ਹੈ, ਇਹ ਠੇਕੇਦਾਰ ਹੈ, ਇਹ ਡਰਾਈਵਰ ਹੈ ਤੇ ਇਹ ਕਵੀ ਹੈ। ਕਰਨਾ ਉਪਰ ਉਪਰ ਹੈ, ਹੋਣਾ ਗਹਿਰਾ ਹੈ। ਸਾਗਰ ਦੇ ਉਪਰ ਲਹਿਰਾਂ ਦੀ ਹਲਚਲ ਹੈ, ਪਰ ਗਹਿਰਾਈ ਵਿਚ ਖ਼ਾਮੋਸ਼ੀ ਛੁਪੀ ਹੈ। ਮੂਲ ਵਿਚ ਠਹਿਰਾਓ ਹੈ, ਸ਼ਾਂਤੀ ਹੈ, ਅਨੰਦ ਹੈ, ਲੇਕਿਨ ਉਪਰ ਤਾਂ ਕਰਮਾਂ ਦੀਆਂ ਅਨੰਤ ਲਹਿਰਾਂ ਹਨ। ਹਰ ਲਹਿਰ ਉਪਰ ਉਠਣਾ ਚਾਹੁੰਦੀ ਹੈ। ਇਹ ਲਹਿਰ ਅੱਗੇ ਵਧਣਾ ਚਾਹੁੰਦੀ ਹੈ। ਅਸੀਂ ਇਸ ਤੋਂ ਪਹਿਚਾਣ ਕਰਦੇ ਹਾਂ ਕਿ ਇਹ ਮਨੁੱਖ ਬਹੁਤ ਅੱਗੇ ਵਧ ਗਿਆ ਹੈ। ਸੱਤਾਧਾਰੀ ਹੋ ਗਿਆ ਹੈ, ਮਨਿਸਟਰ ਬਣ ਗਿਆ ਹੈ, ਧਨਵਾਨ ਬਣ ਗਿਆ ਹੈ। ਕਰਮਾਂ ਦੀ ਇਸ ਹੋੜ ਨੇ ਧਾਰਮਿਕ ਦੁਨੀਆ ਵਿਚ ਵੀ ਆਪਣੀ ਛਾਪ ਲਾਈ ਹੋਈ ਹੈ।

ਇਹ ਬਹੁਤ ਵੱਡਾ ਤਿਆਗੀ ਹੈ, ਇਸ ਨੇ ਪਰਿਵਾਰ ਛੱਡਿਆ ਹੈ, ਫ਼ਲਾਣੇ ਬਹੁਤ ਦਾਨ ਦਿੱਤਾ ਹੈ, ਫ਼ਲਾਣੇ ਧਰਮਸ਼ਾਲਾ ਬਣਵਾਈ ਹੈ ਤੇ ਫ਼ਲਾਣਾ ਇਤਨੀ ਦਫ਼ਾ ਹੱਜ 'ਤੇ ਗਿਆ ਹੈ, ਤੀਰਥਾਂ 'ਤੇ ਗਿਆ ਹੈ। ਕਰਮ ਕਰਨਾ ਮਨ ਦਾ ਇਕ ਖੰਡ ਹੈ, ਹਿੱਸਾ ਹੈ। ਕਰਮਾਂ ਦੀ ਹੋੜ ਜਗਤ ਤੋਂ ਮਿਲਦੀ ਹੈ, ਕੀਤੇ ਕਰਮ ਸੰਸਾਰ ਦਾ ਮੇਲ ਕਰਾ ਸਕਦੇ ਹਨ, ਨਿਰੰਕਾਰ ਦਾ ਮੇਲ ਤਾਂ ਕ੍ਰਿਪਾ ਨਾਲ ਹੈ। ਹਰ ਕਰਮ ਵਿਛੋੜਦਾ ਹੈ:

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥**

*(ਬਾਰਹ ਮਾਹਾ ਮਾਂਝ ਮ: ੫, ਪੰਨਾ 133)*

ਨਿਰਮਲ ਧਰਮ ਨਿਰਮਲ ਕਰਮਾਂ 'ਤੇ ਨਹੀਂ ਖੜਾ, ਬਲਕਿ ਕਰਮਾਂ ਦੇ ਅਹੰ-ਭਾਵ ਦੇ ਤਿਆਗ 'ਤੇ ਖੜਾ ਹੈ:

**ਕਰਮ ਕਰਤ ਹੋਵੈ ਨਿਹਕਰਮ॥**
**ਤਿਸੁ ਬੈਸਨੋ ਕਾ ਨਿਰਮਲ ਧਰਮ॥** *(ਗਉੜੀ ਸੁਖਮਨੀ ਮ: ੫, ਪੰਨਾ 274)*

ਅਹੰ-ਭਾਵ ਕਰਤਾ-ਪਨ ਦਾ ਭਾਵ ਤਾਂ ਹਰ ਕਰਮ ਨੂੰ ਮਲੀਨ ਕਰ ਦੇਂਦਾ ਹੈ:

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥੪੬॥**

*(ਸਲੋਕ ਮ: ੯, ਪੰਨਾ 1428)*

ਅਹੰ ਪੂਰਤੀ ਲਈ ਕਰਮ ਕਰਦੇ ਹਾਂ ਤੇ ਅਹੰ ਪੂਰਤੀ ਲਈ ਫਿਰ ਤਿਆਗ

ਕਰਦੇ ਹਾਂ, ਫਿਰ ਅਹੰ ਤਿਆਗ ਦੇ ਮੋਢਿਆਂ 'ਤੇ ਖੜਾ ਹੋ ਜਾਂਦਾ ਹੈ। ਦਰਅਸਲ ਤਿਆਗ ਦਾ ਵੀ ਜਦ ਤਕ ਤਿਆਗ ਨਾ ਹੋਵੇ, ਪਰਮ ਪਦ ਨਸੀਬ ਨਹੀਂ ਹੁੰਦਾ। ਕਰਮ ਕਰਨਾ ਮਨ ਦਾ ਸੁਭਾਵ ਹੈ। ਕਰਮਾਂ ਦਾ ਅਹੰ-ਭਾਵ ਮੈਂ ਕੀਤਾ ਹੈ, ਇਸ ਦਾ ਤਿਆਗ ਇਕ ਵੱਡੀ ਸਾਧਨਾ ਹੈ ਤੇ ਅਤਿਅੰਤ ਬਾਰੀਕ ਸਾਧਨਾ ਹੈ।

ਕਰਮ ਕਰ ਕਰ ਕੇ ਥੱਕਿਆ ਹੋਇਆ ਜਦ ਸੋਚਦਾ ਹੈ, ਮਿਲਿਆ ਕੁਛ ਵੀ ਨਹੀਂ ਤਾਂ ਫਿਰ ਉਹ ਕਰਮ ਨੂੰ ਛੱਡਣ ਦੀ ਕੋਸ਼ਿਸ਼ ਕਰਦਾ ਹੈ। ਇਹ ਇਕ ਭੁੱਲ ਤੋਂ ਦੂਜੀ ਭੁੱਲ ਦੀ ਤਰਫ਼ ਜਾਣਾ ਹੈ।

ਕਰਮ ਦਾ ਅਹੰ-ਭਾਵ ਛੱਡ ਦੇਈਏ ਤਾਂ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਆਮ ਵੇਖਣ ਵਿਚ ਆਇਆ ਹੈ, ਜੋ ਸੰਸਾਰੀ ਕਰਮ ਨਹੀਂ ਕਰਦਾ, ਉਸ ਨੂੰ ਸੰਤ ਆਖਿਆ ਜਾਂਦਾ ਹੈ, ਪਰ ਕੋਈ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਸੰਸਾਰ ਵਿਚ ਰਹਿ ਕੇ ਸੰਸਾਰ ਦਾ ਤਿਆਗ ਨਹੀਂ ਹੋ ਸਕਦਾ।

ਘਰ ਛੱਡ ਦੇਵੇਗਾ, ਆਸ਼ਰਮ ਬਣਾਵੇਗਾ, ਡੇਰਾ ਬਣਾਵੇਗਾ। ਕੋਈ ਆਪਣਾ ਮਕਾਨ ਲੋਕਾਂ ਨੂੰ ਵਿਖਾਂਦਾ ਹੈ, ਇਹ ਡੇਰਾ ਵਿਖਾਵੇਗਾ, ਆਸ਼ਰਮ ਵਿਖਾਵੇਗਾ। ਬੱਚਿਆਂ ਨੂੰ ਛੱਡ ਆਇਆ ਹੈ, ਹੁਣ ਚੇਲਿਆਂ ਵਿਚ ਫਸੇਗਾ :

**ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥**
**ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥**

*(ਸਲੋਕ ਕਬੀਰ ਜੀ, ਪੰਨਾ 1369)*

ਸੰਸਾਰ ਛੱਡ ਦਿੱਤਾ ਹੈ, ਹੁਣ ਧਰਮ ਨੂੰ ਧੰਦਾ ਬਣਾਵੇਗਾ। ਸੰਸਾਰੀ ਵਿਤਕਰੇ ਤਾਂ ਛੱਡ ਆਇਆ ਹੈ, ਪਰ ਹੁਣ ਧਾਰਮਿਕ ਵਿਤਕਰੇ ਵਰਨ-ਭੇਖ-ਆਸ਼ਰਮ ਦੇ ਖੜੇ ਕਰੇਗਾ।

ਕਰਮ ਛੱਡਣਾ ਔਖਾ ਹੈ, ਕਰਤਾ-ਪਨ ਛੱਡਿਆ ਜਾ ਸਕਦਾ ਹੈ।

ਅਸੀਂ ਅਕਸਰ ਮਹਾਂਪੁਰਸ਼ਾਂ ਦੇ ਕਰਮ ਦੀ ਨਕਲ ਕਰਦੇ ਹਾਂ, ਜਦ ਕਿ ਸਾਨੂੰ ਉਨ੍ਹਾਂ ਦੇ ਬਚਨਾਂ 'ਤੇ ਚੱਲਣਾ ਚਾਹੀਦਾ ਹੈ, ਕਰਮਾਂ 'ਤੇ ਨਹੀਂ :

**ਗੁਰਿ ਕਹਿਆ ਸਾ ਕਾਰ ਕਮਾਵਹੁ ॥**
**ਗੁਰ ਕੀ ਕਰਣੀ ਕਾਹੇ ਧਾਵਹੁ ॥** *(ਰਾਮਕਲੀ ਮ: ੧, ਪੰਨਾ 933)*

ਕਰਣੀ ਉਪਰ ਉਪਰ ਹੈ। ਬਚਨ ਬਹੁਤ ਗਹਿਰੇ ਤਲ ਤੋਂ ਆਇਆ ਹੈ।

ਅਸੀਂ ਇਹ ਵੇਖਾਂਗੇ, ਖਾਂਦਾ ਕੀ ਹੈ, ਪਹਿਨਦਾ ਕੀ ਹੈ, ਕਦੋਂ ਉਠਦਾ ਹੈ, ਕਦੋਂ ਸੌਂਦਾ ਹੈ ? ਸਾਰਾ ਧਿਆਨ ਕਰਮਾਂ 'ਤੇ ਜਾਂਦਾ ਹੈ।

ਮਹਾਂਵੀਰ ਨਗਨ ਹੋ ਗਏ। ਲਗਾਤਾਰ ਬਾਰਾਂ ਸਾਲ ਜੰਗਲ ਵਿਚ ਰਹਿਣ ਨਾਲ ਕਪੜੇ ਫਟ ਕੇ ਗਿਰ ਗਏ, ਨਗਨ ਹੋ ਗਏ। ਮਹਾਂਵੀਰ ਦੀ ਨਗਨਤਾ ਦੀ ਨਕਲ ਚੱਲ ਪਈ। ਪਰ ਅਸਥਿਤੀ ਕਾਰਨ ਕਈ ਮਹਾਂਪੁਰਖ ਕਈ ਕਈ

ਦਿਨ ਭੁੱਖੇ ਰਹੇ ਤੇ ਫਿਰ ਉਪਵਾਸ ਚੱਲ ਪਏ ਤੇ ਇਸ ਤਰ੍ਹਾਂ ਕਰਮਾਂ ਦੀ ਨਕਲ ਚੱਲ ਪਈ।

ਮੇਰਾ ਕਰਮ ਬਦਲ ਸਕਦਾ ਹੈ, ਪਰ ਮੈਂ ਨਹੀਂ ਬਦਲਾਂਗਾ।

ਅਗਰ ਸਿਰਫ਼ ਕਰਮਾਂ ਦੇ ਬਦਲਣ ਨਾਲ ਮੈਂ ਬਦਲ ਜਾਵਾਂ ਤਾਂ ਫਿਰ ਸਭ ਕੁਝ ਕਰਮ ਹੀ ਹੈ। ਫਿਰ ਪਰਮਾਤਮਾ ਕਰਮਾਂ ਸਾਹਮਣੇ ਤੁਛ ਹੈ। ਹੁਣ ਧਾਰਮਿਕ ਦੁਨੀਆ ਅੰਦਰ ਜਿਸ ਦਾ ਬਹੁਤ ਰੌਲਾ ਹੈ, ਉਸ ਦਾ ਜ਼ਿਕਰ ਕਰੀਏ।

ਸ਼ੁਭ ਕਰਮਾਂ ਉਪਰ ਬਹੁਤ ਜ਼ੋਰ ਦਿੱਤਾ ਗਿਆ ਹੈ। ਸਾਧੂ ਦੀ ਪਹਿਚਾਣ ਉਸ ਦੇ ਨਿਰਮਲ ਕਰਮ ਹਨ:

**ਸਾਧ ਨਾਮ ਨਿਰਮਲ ਤਾ ਕੇ ਕਰਮ॥** *(ਗਉੜੀ ਸੁਖਮਨੀ ਮ: ੫, ਪੰਨਾ 296)*

ਔਰ ਸਾਧੂ ਦੀ ਇੱਛਾ ਵੀ ਇਹੀ ਹੈ ਕਿ ਮੈਂ ਸ਼ੁਭ ਕਰਮ ਕਰਾਂ, ਇਹੀ ਉਹ ਅਕਾਲ ਪੁਰਖ ਤੋਂ ਮੰਗਦਾ ਹੈ:

**ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ॥**

*(ਚੰਡੀ ਚਰਿਤ੍ਰ)*

ਸਾਰਾ ਬੁੱਧ ਦਾ ਬੋਧ ਸਰੀਰ ਦੇ ਤਲ 'ਤੇ ਜੋ ਪ੍ਰਗਟ ਹੁੰਦਾ ਹੈ, ਉਸ ਕਰਮ ਨੂੰ ਹੀ ਸ਼ੁਭ ਅਸ਼ੁਭ ਮੰਨਦਾ ਹੈ। ਜਦ ਬਾਹਰੋਂ ਜੋ ਨਿਰਣਾ ਕੀਤਾ ਜਾਂਦਾ ਹੈ, ਉਹ ਬਿਲਕੁਲ ਗ਼ਲਤ ਹੈ। ਦੁਨੀਆ ਵਿਚ ਅਨੇਕਾਂ ਅਵਤਾਰੀ ਪੁਰਸ਼ ਹੋਏ ਹਨ, ਜਿਨ੍ਹਾਂ ਦੇ ਬਾਹਰੀ ਕਰਮ ਆਪਸ ਵਿਚ ਮੇਲ ਨਹੀਂ ਖਾਂਦੇ ਤੇ ਉਨ੍ਹਾਂ ਅਵਤਾਰੀ ਪੁਰਸ਼ਾਂ ਨੂੰ ਮੰਨਣ ਵਾਲਿਆਂ ਦੇ ਰੋਜ਼ ਦੇ ਝਗੜੇ ਸਿਰਫ਼ ਬਾਹਰੀ ਕਰਮਾਂ ਦੀ ਭਿੰਨਤਾ ਕਰਕੇ ਹਨ।

ਈਸਾ ਜਿਸਮਾਨੀ ਸੇਵਾ 'ਤੇ ਜ਼ੋਰ ਦਿੰਦੇ ਹਨ।

ਲੇਕਿਨ ਮੁਹੰਮਦ ਸਾਹਿਬ ਦਾ ਬਹੁਤਾ ਜ਼ੋਰ ਜਹਾਦ (ਕ੍ਰਾਂਤੀ) 'ਤੇ ਹੈ। ਸ੍ਰੀ ਰਾਮ ਦਾ ਜ਼ੋਰ ਮਰਯਾਦਾ 'ਤੇ ਹੈ, ਪਰ ਕ੍ਰਿਸ਼ਨ ਜੀ ਦੀ ਜ਼ਿੰਦਗੀ ਵਿਚ ਮਰਯਾਦਾ ਨਾਮ-ਮਾਤਰ ਵੀ ਨਹੀਂ ਹੈ।

ਸੁਭੱਦਰਾ ਦਾ ਹਰਨਾ, ਚੰਦਰਾਵਲ ਨੂੰ ਛਲਣਾ, ਚੀਰ ਹਰਨ ਤੇ ਯੁਧਿਸ਼ਟਰ ਨੂੰ ਯੁੱਧ ਦੇ ਮੈਦਾਨ ਵਿਚ, ਅਸਵਥਾਮਾ ਮਰ ਗਿਆ ਹੈ—ਐਸਾ ਝੂਠ ਬੋਲਣ ਲਈ ਕਹਿਣਾ, ਇਹ ਸਭ ਉਪਰੋਂ ਮਰਯਾਦਾ-ਹੀਨ ਦਿਖਾਈ ਦੇਵੇਗਾ।

ਜੈਨ ਧਰਮ ਦੇ ਬਾਨੀ ਸਵਾਮੀ ਮਹਾਂਵੀਰ ਅਹਿੰਸਾ ਵਿਚ ਵਿਸ਼ਵਾਸ ਰੱਖਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਦਾ ਕਹਿਣਾ ਹੈ ਕਿ ਜਦ ਕੋਈ ਮਸਲਾ ਸ਼ਾਂਤੀ, ਪਿਆਰ, ਗਿਆਨ, ਵਿਚਾਰ ਨਾਲ ਹੱਲ ਨਾ ਹੋਵੇ ਤਾਂ ਤਲਵਾਰ ਨਾਲ ਹੱਲ ਕਰਨਾ ਵੀ ਧਰਮ ਹੈ:

**ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥**<br>
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ-ਦਸਤ॥** *(ਜ਼ਫ਼ਰਨਾਮਾ)*

ਫਿਰ ਅਨੇਕਾਂ ਫ਼ਕੀਰ ਸੰਤ ਮਹਾਤਮਾ ਹਨ, ਜਿਨ੍ਹਾਂ ਦੀ ਬੈਰੂਨੀ ਰਹਿਣੀ-ਬਹਿਣੀ ਬਿਲਕੁਲ ਆਪਸ ਵਿਚ ਮੇਲ ਨਹੀਂ ਖਾਂਦੀ। ਤਾਂ ਕੌਣ ਸਹੀ ਹੈ, ਕੌਣ ਗ਼ਲਤ ਹੈ, ਕਿਹੜਾ ਸ਼ੁਭ ਕਰਮ ਹੈ ਤੇ ਕਿਹੜਾ ਅਸ਼ੁਭ ਕਰਮ ਹੈ—ਇਹ ਨਿਰਣਾ ਕਿਸ ਤਰ੍ਹਾਂ ਹੋਵੇਗਾ ਤੇ ਕੌਣ ਕਰੇਗਾ।

ਇਸਲਾਮ ਅੰਦਰ ਚਾਰ ਸ਼ਾਦੀਆਂ ਜਾਇਜ਼ ਹਨ, ਇਕ ਪੁਰਸ਼ ਚਾਰ ਇਸਤਰੀਆਂ ਰੱਖ ਸਕਦਾ ਹੈ ਔਰ ਮੁਹੰਮਦ ਸਾਹਿਬ ਦੀਆਂ ਆਪਣੀਆਂ ਦਸ ਪਤਨੀਆਂ ਸਨ। ਦਰੋਪਤੀ ਦੇ ਪੰਜ ਪਤੀ ਸਨ ਤਾਂ ਵੀ ਧਾਰਮਿਕ ਇਤਿਹਾਸ ਵਿਚ ਉਹ ਦੇਵੀ ਹੈ। ਘਰ ਬਾਰ ਵਿਚ ਸੁਆਮੀ ਮਹਾਂਵੀਰ ਯਕੀਨ ਨਹੀਂ ਰੱਖਦੇ, ਪਤਨੀ ਛੋੜ ਕੇ ਨਿਰਬਾਣ ਪਦ ਪ੍ਰਾਪਤ ਕੀਤਾ ਮਹਾਤਮਾ ਬੁੱਧ ਨੇ, ਪਰ ਸੋਲ੍ਹਾਂ ਹਜ਼ਾਰ ਪਟਰਾਣੀਆਂ ਹਨ ਸ਼੍ਰੀ ਕ੍ਰਿਸ਼ਨ ਦੀਆਂ। ਕੋਈ ਮ੍ਰਿਗਛਾਲਾ ’ਤੇ ਬੈਠਾ ਹੈ ਤੇ ਕੋਈ ਸੋਨੇ ਦਾ ਸਿੰਘਾਸਨ ਸਜਾ, ਉਪਰ ਚਉਰ ਕਰਾ ਰਿਹਾ ਹੈ।

ਨਾ-ਸਮਝੀ ਕਾਰਨ ਬਾਹਰਲੇ ਕਰਮਾਂ ਕਰਕੇ ਸ਼ਰਧਾਲੂਆਂ ਦੀ ਦੁਨੀਆ ਵਿਚ ਬੜਾ ਝਗੜਾ ਹੈ। ਦਰਅਸਲ ਜੋ ਸ਼ੁਭ ਹੋ ਗਿਆ ਹੈ, ਉਸ ਦਾ ਸਭ ਕੁਛ ਸ਼ੁਭ ਹੈ:

**ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ,**
**ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥**
**ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ,**
**ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥**
**ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ॥**

*(ਪੰਨਾ 648)*

ਤੇ ਸ਼ੁਭ ਓਹੀ ਹੈ, ਜੋ ਅੰਦਰ ਅਕਰਮ ਹੋ ਗਿਆ ਹੈ। ਕਰਮ ਸਿਰਫ਼ ਬਾਹਰਲੀ ਸੱਤਾ ’ਤੇ ਹੈ, ਅਕਾਲ ਪੁਰਖ ਵੀ ਇਸੇ ਸੱਤਾ ਦਾ ਮਾਲਕ ਹੈ:

**ਅਕਰਮ ਹੈਂ॥ ਅਭਰਮ ਹੈਂ॥** *(ਜਾਪੁ)*

ਜੋ ਕਰਮ ਨੂੰ ਸਾਧ ਕੇ ਅਕਰਮ ਹੋ ਜਾਂਦਾ ਹੈ, ਉਸ ਦਾ ਹਰ ਕਰਮ ਪਵਿੱਤਰ ਹੈ।

ਜੋ ਸ਼ੁਭ ਹੋ ਗਿਆ ਹੈ, ਉਸ ਦਾ ਸਭ ਕੁਛ ਸ਼ੁਭ ਹੈ। ਜੋ ਸ਼ੁਭ ਨਹੀਂ, ਉਹ ਸ਼ੁਭਚਿੰਤਕ ਨਹੀਂ।

ਜੋ ਸ਼ੁਭ ਨਹੀਂ, ਉਹ ਸ਼ੁਭ ਕਰਮੀ ਵੀ ਨਹੀਂ ਹੈ।

ਜੋ ਸ਼ੁਭ ਹੈ, ਉਸ ਦਾ ਸਭ ਕੁਛ ਸ਼ੁਭ ਹੈ।

•

# ਵਿਚਾਰ ਗਿਆਨ

ਮਨ ਦੀ ਇਕ ਅਵਸਥਾ ਕਰਮ ਹੈ। ਮਨ ਦੀ ਦੂਜੀ ਅਵਸਥਾ ਗ਼ਲਤ ਵਿਚਾਰ ਹੈ, ਜਿਥੇ ਮਨ ਕਰਮ ਤੋਂ ਬਿਨਾਂ ਨਹੀਂ ਰਹਿ ਸਕਦਾ, ਕਰਮ ਤਾਂ ਕਈ ਦਫ਼ਾ ਸਰੀਰ ਨੂੰ ਥਕਾ ਦੇਂਦਾ ਹੈ ਤੇ ਕਰਮਾਂ ਤੋਂ ਥੋੜੀ ਦੇਰ ਲਈ ਬਿਸਰਾਮ ਕਰਨਾ ਪੈਂਦਾ ਹੈ, ਪਰ ਵਿਚਾਰ ਤੋਂ ਮਨ ਨਹੀਂ ਥੱਕਦਾ। ਸਰੀਰ ਜਦ ਸੌਂ ਜਾਂਦਾ ਹੈ, ਤਾਂ ਵੀ ਮਨ ਵਿਚਾਰ ਕਰਦਾ ਰਹਿੰਦਾ ਹੈ। ਸੁਪਨੇ ਮਨ ਦੀ ਸਜਾਈ ਹੋਈ ਦੁਨੀਆ ਹੈ।

ਮਨ ਖੰਡ ਖੰਡ ਵਿਚ ਜੀਂਵਦਾ ਹੈ, ਕੋਈ ਕਰਮ ਕਦੀ ਵਿਚਾਰ ਤੇ ਕਦੀ ਭਾਵ ਵੇਗ ਵਿਚ ਹੁੰਦਾ ਹੈ। ਪਰਮਾਤਮਾ ਅਖੰਡ ਜੋਤੀ ਹੈ। ਅਖੰਡ ਦੀ ਲੀਨਤਾ ਅਖੰਡ ਅਵਸਥਾ ਨਾਲ ਹੁੰਦੀ ਹੈ। ਮਨ ਦਾ ਅਖੰਡ ਹੋਣਾ ਮਨ ਤੋਂ ਪਾਰ ਹੋਣਾ ਹੈ। ਸਰੀਰ ਦੇ ਟੁਕੜੇ ਕਰ ਦਈਏ ਤਾਂ ਸਰੀਰ ਮਰ ਜਾਂਦਾ ਹੈ, ਪਰ ਮਨ ਤਾਂ ਟੁਕੜਿਆਂ ਵਿਚ ਹੀ ਜੀਂਵਦਾ ਹੈ, ਅਖੰਡਤਾ ਤਾਂ ਮਨ ਦੀ ਮ੍ਰਿਤੂ ਹੈ। ਵਿਚਾਰ ਦੀ ਆਪਣੀ ਮਹਾਨਤਾ ਹੈ, ਪਰ ਉਹ ਨਿੱਜੀ ਅਨੁਭਵ ਹੋਵੇ ਤਾਂ ਹੀ ਲਾਭਕਾਰੀ ਹੈ। ਧਨ ਨਾਲ ਤਿਜੌਰੀ ਭਰ ਜਾਵੇ, ਇਤਨਾ ਅਹੰਕਾਰ ਪੈਦਾ ਨਹੀਂ ਹੁੰਦਾ, ਪਰ ਉਧਾਰ ਵਿਚਾਰਾਂ ਨਾਲ ਬੁੱਧ ਭਰ ਜਾਏ, ਅਹੰਕਾਰ ਚਰਮ ਸੀਮਾ 'ਤੇ ਪਹੁੰਚ ਜਾਂਦਾ ਹੈ। ਅਨੁਭਵ ਨੂੰ ਪ੍ਰਾਪਤ ਕਰਨਾ—ਸ਼ਕਤੀ ਉਤਨੀ ਹੀ ਘੱਟ ਜਾਂਦੀ ਹੈ, ਜਿਤਨਾ ਉਧਾਰ ਗਿਆਨ ਵੱਧ ਜਾਂਦਾ ਹੈ। ਜਾਨਣਾ ਔਖਾ ਹੋ ਜਾਂਦਾ ਹੈ, ਜਦ ਜਾਨਣ ਤੋਂ ਪਹਿਲੇ ਜਾਨਣ ਦਾ ਭਰਮ ਪੈਦਾ ਹੋ ਜਾਏ।

ਸੂਫ਼ੀ ਸੰਤ ਸ਼ੇਖ਼ ਸਾਅਦੀ ਦਾ ਕਹਿਣਾ ਹੈ ਕਿ ਅਗਿਆਨੀ ਤਾਂ ਅੰਧਕਾਰ ਵਿਚ ਭਟਕਦੇ ਹਨ, ਪਰ ਤਥਾਕਥਿਤ ਗਿਆਨੀ ਮਹਾਂ ਅੰਧਕਾਰ ਵਿਚ ਭਟਕਦੇ ਹਨ। ਅਗਿਆਨੀ ਨੂੰ ਤਾਂ ਕਿਸੇ ਵਕਤ ਬੋਧ ਹੋ ਸਕਦਾ ਹੈ ਕਿ ਮੈਂ ਨਹੀਂ ਜਾਣਦਾ, ਪਰ ਗਿਆਨੀ ਨੂੰ ਉਧਾਰ ਗਿਆਨ ਦਾ ਭਰਮ ਇਹ ਬੋਧ ਵੀ ਹੋਣ ਨਹੀਂ ਦੇਂਦਾ। ਉਧਾਰ ਗਿਆਨ ਨਾਲ ਅਮਲੀ ਜੀਵਨ ਉਦੈ ਨਹੀਂ ਹੁੰਦਾ, ਕਿਉਂਕਿ ਉਧਾਰ ਗਿਆਨ ਬਿਨਾਂ-ਬੁਨਿਆਦ ਹੈ। ਐਸੇ ਗਿਆਨ ਦੀਆਂ ਜੜ੍ਹਾਂ ਨਹੀਂ ਹਨ। ਇਸ ਲਈ ਅਮਲ ਦੀ ਹਰਿਆਵਲੀ ਤੋਂ ਜੀਵਨ ਵਾਂਝਾ ਰਹਿੰਦਾ ਹੈ। ਅੱਜ ਦੇ ਸਕੂਲ, ਕਾਲਜ ਤੇ ਵਿਸ਼ਵ ਵਿਦਿਆਲੇ ਗਿਆਨ ਤਾਂ ਬਹੁਤ ਦੇ ਰਹੇ ਹਨ, ਪਰ

ਬੁਨਿਆਦ-ਰਹਿਤ ਗਿਆਨ ਹੈ। ਇਸ ਵਾਸਤੇ ਅੱਜ ਦੇ ਗਿਆਨ ਨਾਲ ਜੀਵਨ ਚੱਲਦਾ ਤਾਂ ਹੈ, ਬਦਲਦਾ ਨਹੀਂ। ਪਿਤਾ ਦਾ ਕਮਾਇਆ ਧਨ ਵਿਰਾਸਤ ਵਿਚ ਮਿਲ ਜਾਵੇ ਤਾਂ ਮਨੁੱਖ ਧਨਵਾਨ ਤਾਂ ਕਹਿਲਾ ਸਕਦਾ ਹੈ, ਪਰ ਖ਼ੁਦ ਧਨ ਕਮਾ ਕੇ ਧਨਵਾਨ ਹੋਣਾ, ਇਹ ਅਵਸਥਾ ਹੀ ਕੁਝ ਹੋਰ ਹੈ।

ਪ੍ਰਸੂਤ ਦੀ ਪੀੜਾ ਤੋਂ ਲੰਘ ਕੇ ਬੱਚੇ ਦਾ ਗੋਦ ਵਿਚ ਹੋਣਾ ਹੋਰ ਗੱਲ ਹੈ, ਪਰ ਕਿਸੇ ਦਾ ਬੱਚਾ ਗੋਦ ਲੈ ਲੈਣਾ, ਇਹ ਗੱਲ ਹੋਰ ਹੈ। ਇਸ ਨਾਲ ਇਸਤਰੀ ਮਾਂ ਨਹੀਂ ਬਣ ਸਕੇਗੀ, ਕਿਉਂਕਿ ਸਿਰਫ਼ ਬੱਚੇ ਦਾ ਹੀ ਜਨਮ ਨਹੀਂ ਹੁੰਦਾ, ਮਾਂ ਦਾ ਵੀ ਜਨਮ ਹੁੰਦਾ ਹੈ। ਬੱਚੇ ਦੇ ਜਨਮ ਤੋਂ ਪਹਿਲਾਂ ਔਰਤ ਹੈ, ਪਰ ਬੱਚੇ ਦੇ ਜਨਮ ਨਾਲ ਮਾਂ ਦਾ ਜਨਮ ਹੁੰਦਾ ਹੈ। ਬੱਚਾ ਗੋਦ ਲੈਣ ਨਾਲ ਮਮਤਾ ਉਦੈ ਨਹੀਂ ਹੁੰਦੀ। ਨੌਂ ਮਹੀਨੇ ਗਰਭ ਧਾਰਨ ਦੀ ਪੀੜਾ ਤੇ ਪ੍ਰਸੂਤ ਦੀ ਪੀੜਾ ਤੋਂ ਲੰਘੇ ਬਿਨਾਂ ਮਮਤਾ (ਮਾਂ) ਦਾ ਪੈਦਾ ਹੋਣਾ ਔਖਾ ਹੈ, ਜਦ ਮਾਂ ਹੀ ਪੈਦਾ ਨਹੀਂ ਹੋਈ ਤਾਂ ਬੱਚੇ ਦਾ ਪੈਦਾ ਹੋਣਾ ਝੂਠਾ ਹੈ।

ਬਾਹਰੋਂ ਇਕੱਠਾ ਕੀਤਾ ਹੋਇਆ ਗਿਆਨ ਗਿਆਨੀ ਹੋਣ ਦਾ ਭਰਮ ਤਾਂ ਪੈਦਾ ਕਰ ਦੇਂਦਾ ਹੈ, ਅਨੁਭਵ-ਹੀਨ ਗਿਆਨ ਆਤਮਕ ਅਨੰਦ ਪ੍ਰਦਾਨ ਨਹੀਂ ਕਰਦਾ। ਹਿਰਦੇ ਦੀ ਸ਼ੁੱਧੀ ਨਹੀਂ ਹੁੰਦੀ। ਅੰਦਰ ਵਿਕਾਰ ਤੇ ਕਪਟ ਹੁੰਦਾ ਹੋਇਆ ਵੀ ਇਹ ਗਿਆਨੀ ਬਣਿਆ ਰਹਿੰਦਾ ਹੈ:

**ਹ੍ਰਿਦੈ ਕਪਟੁ ਮੁਖ ਗਿਆਨੀ॥**
**ਝੂਠੇ ਕਹਾ ਬਿਲੋਵਸਿ ਪਾਨੀ॥**

*(ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧, ਪੰਨਾ 656)*

ਉਪਰੋਂ ਥੱਪਿਆ ਗਿਆਨ ਪਾਣੀ ਰਿੜਕਦਾ ਹੈ, ਇਸ ਵਾਸਤੇ ਤਤ ਵਸਤੂ ਮੱਖਣ (ਆਤਮਿਕ ਰਸ) ਦੀ ਪ੍ਰਾਪਤੀ ਨਹੀਂ ਹੁੰਦੀ। ਭੁਲੇਖਾ ਤਾਂ ਦਹੀਂ ਦੇ ਰਿੜਕਣ ਦਾ ਬਣਿਆ ਰਹਿੰਦਾ ਹੈ, ਪਰ ਅਸਲ ਵਿਚ ਪਾਣੀ ਮਥ ਰਿਹਾ ਹੁੰਦਾ ਹੈ:

**ਐਸੋ ਅਚਰਜੁ ਦੇਖਿਓ ਕਬੀਰ॥**
**ਦਧਿ ਕੈ ਭੋਲੈ ਬਿਰੋਲੈ ਨੀਰੁ॥**

*(ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫, ਪੰਨਾ 326)*

ਕਬੀਰ, ਰਵਿਦਾਸ, ਨਾਮਦੇਵ ਜੈਸੇ ਅਨਪੜ੍ਹ ਭਗਤਾਂ 'ਤੇ ਥੀਸਿਸ ਲਿਖੇ ਜਾਂਦੇ ਹਨ। ਲੋਕੀਂ ਪੀ-ਐਚ.ਡੀ. ਕਰਦੇ ਹਨ। ਇਨ੍ਹਾਂ ਨੂੰ ਪੜ੍ਹ ਕੇ ਬੜੇ ਬੜੇ ਡਿਪਲੋਮੇ ਲੈਂਦੇ ਹਨ, ਪਰ ਇਨ੍ਹਾਂ ਭਗਤਾਂ ਦਾ ਸਾਰਾ ਨਿੱਜੀ ਅਨੁਭਵ ਹੈ। ਬਾਹਰੋਂ ਇਕੱਠਾ ਕੀਤਾ ਹੋਇਆ ਉਧਾਰ ਗਿਆਨ ਨਹੀਂ ਹੈ। ਇਨ੍ਹਾਂ ਕੋਲ ਸਤਿ ਅਸਤਿ ਨੂੰ ਵੇਖਣ ਵਾਲੀ ਦ੍ਰਿਸ਼ਟ ਹੈ। ਜੋ ਵੇਖਿਆ ਹੈ, ਉਹ ਆਖਿਆ ਹੈ, ਜੋ ਜਾਣਿਆ ਹੈ, ਮਾਣਿਆ ਹੈ, ਉਸ ਦੀ ਚਰਚਾ ਕੀਤੀ ਹੈ:

**ਸੰਤਨ ਕੀ ਸੁਣਿ ਸਾਚੀ ਸਾਖੀ॥**
**ਸੋ ਬੋਲਹਿ ਜੋ ਪੇਖਹਿ ਆਖੀ॥** *(ਰਾਮਕਲੀ ਮਹਲਾ ੫, ਪੰਨਾ 894)*

ਕੁਰਾਨ ਕੰਠ ਕਰ ਲੈਣਾ ਬਹੁਤ ਕਠਿਨ ਨਹੀਂ ਹੈ, ਥੋੜ੍ਹੇ ਦਿਨਾਂ ਦੀ ਦਿਮਾਗ਼ੀ ਮਿਹਨਤ ਹੈ, ਲੇਕਿਨ ਕੁਰਾਨ ਦਾ ਰੂਪ ਹੋ ਜਾਣਾ ਔਖਾ ਹੈ। ਗੀਤਾ ਕੰਠ ਕਰ ਕੇ ਪੰਡਿਤ ਹੋਣਾ ਸੌਖਾ ਹੈ, ਪਰ ਗੀਤਾ ਦਾ ਰੂਪ ਹੋ ਜਾਣਾ ਕਠਿਨ ਹੈ। ਇਸ ਤਰ੍ਹਾਂ ਵੇਖਣ ਵਿਚ ਆਇਆ ਹੈ ਕਿ ਗੁਰਬਾਣੀ ਬਹੁਤੀ ਕੰਠ ਹੈ, ਕੰਠ ਹੋਣ ਕਰਕੇ ਲੋਕੀ ਗਿਆਨੀ ਕਹਿੰਦੇ ਹਨ, ਸਨਮਾਨ ਦੇਂਦੇ ਹਨ, ਪਰ ਗੁਰਬਾਣੀ ਦਾ ਰੂਪ ਹੋ ਜਾਣਾ ਬਹੁਤ ਵੱਡੀ ਘਾਲਣਾ ਹੈ। ਕੰਠ 'ਤੇ ਤਾਂ ਬਹੁਤਿਆਂ ਦੇ ਵਸੀ ਹੋਈ ਹੈ, ਪਰ ਹਿਰਦੇ ਵਿਚ ਤਾਂ ਕੋਈ ਕੋਈ ਧਾਰਨ ਕਰਨ ਦੀ ਸ਼ਕਤੀ ਪ੍ਰਾਪਤ ਕਰਦਾ ਹੈ :

**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥**
*(ਰਾਮਕਲੀ ਮਹਲਾ ੩, ਅਨੰਦੁ, ਪੰਨਾ 920)*

ਮਨ ਦਾ ਇਕ ਹਿੱਸਾ ਕਰਮਾਂ ਵਿਚ ਰਚ ਰਹਿੰਦਾ ਹੈ, ਕੋਈ ਸਕਾਰਥ ਕਰਮ ਨਾ ਹੋਣ ਤਾਂ ਵਿਅਰਥ ਦੇ ਕਰਮ ਕਰਨ ਲੱਗ ਪਵੇਗਾ। ਇਸ ਤਰ੍ਹਾਂ ਕੋਈ ਸਕਾਰਥ ਗਿਆਨ ਨਾ ਹੋਵੇ ਤਾਂ ਵਿਅਰਥ ਦੀਆਂ ਵਿਚਾਰਾਂ ਦਾ ਸੰਗ੍ਰਹਿ ਕਰਨ ਵਿਚ ਮਨ ਲੱਗ ਜਾਂਦਾ ਹੈ ਤੇ ਕਰਮ ਪੈਦਾ ਹੋ ਜਾਂਦਾ ਹੈ। ਮੈਂ ਵਿਚਾਰਕ ਹਾਂ, ਗਿਆਨੀ ਹਾਂ, ਬੈਲ ਦੇ ਉੱਤੇ ਜਿਵੇਂ ਕਿਤਾਬਾਂ ਦਾ ਭਾਰ ਲੱਦਿਆ ਹੋਇਆ ਹੋਵੇ, ਅਨੁਭਵ-ਹੀਨ ਗਿਆਨੀ ਨੇ ਬੁੱਧ 'ਤੇ ਇਸੇ ਤਰ੍ਹਾਂ ਭਾਰਤ ਲੱਦਿਆ ਹੋਇਆ ਹੁੰਦਾ ਹੈ :

*ਇਲਮ ਚੰਦਾ ਕਿ ਬੇਸ਼ਤਰ ਖ਼ੁਵਾਨੀ,*
*ਗਰ ਅਮਲ ਨ ਦਾਰਦ ਤੋ ਨੇਸਤ ਨਾਦਾਨੀ।*
*ਨ ਮੁਹੱਕਕ ਬਵਦ ਨ ਦਾਨਿਸ਼ਮੰਦ,*
*ਚਾਰ ਪਾਇ ਬਰੋਇ ਕਿਤਾਬੇ ਚੰਦ।* *(ਸ਼ੇਖ਼ ਸਾਅਦੀ)*

*ਤੁਝੇ ਕਿਤਾਬ ਸੇ ਨਹੀਂ ਫਿਰੋਗ ਕਿ ਤੂ,*
*ਕਿਤਾਬੇ ਖ਼ੁਵਾ ਹੈ ਸਾਹਿਬੇ ਕਿਤਾਬ ਨਹੀਂ।* *(ਉਸਤਾਦ ਜ਼ੌਕ)*

ਸਤਿ ਪੁਰਸ਼ਾਂ ਦੇ ਵਿਚਾਰਾਂ ਦੇ ਦਰਪਣ ਵਿਚ ਆਪਣਾ ਮੁੱਖੜਾ ਵੇਖਣਾ ਇਹ ਵਾਸਤਵਿਕ ਵਿਚਾਰਵਾਨ ਹੋਣਾ ਹੈ। ਵਿਚਾਰ ਨਿੱਜੀ ਅਨੁਭਵੀ ਹੋਵਣ, ਵਿਚਾਰ ਝਰਨੇ ਦੇ ਜਲ ਦੀ ਤਰ੍ਹਾਂ ਅੰਦਰੋਂ ਫੁੱਟ ਪੈਣ ਤਾਂ ਹੀ ਸਹੀ ਮਾਅਨਿਆਂ ਵਿਚ ਗਿਆਨੀ ਬਣਦਾ ਹੈ।

•

# ਭਾਵ

ਸਾਰੇ ਵਿਚਾਰਾਂ ਦਾ ਤ੍ਰੁਹਿਤ ਹੋ ਜਾਣਾ ਤੇ ਇਕ ਵਿਚਾਰ 'ਤੇ ਜੀਵਨ ਚੇਤਨਾ ਦਾ ਕੇਂਦਰਿਤ ਹੋਣਾ, ਐਸੀ ਦਸ਼ਾ ਭਾਵ ਕਹਿਲਾਂਦੀ ਹੈ। ਮਨ ਦਾ ਇਹ ਤੀਜਾ ਖੰਡ ਹੈ। ਬਹੁਤ ਗਹਿਰੇ ਸੰਬੰਧ ਭਾਵ ਕਰਕੇ ਹੀ ਬਣਦੇ ਹਨ, ਵਿਚਾਰ ਤਾਂ ਬਾਧਾ ਡਾਲਦੇ ਹਨ, ਵਿਚਾਰ ਤਾਂ ਵਸਤੂ ਯਾ ਵਿਅਕਤੀ ਨੂੰ ਖੰਡ ਖੰਡ ਕਰ ਕੇ ਵੇਖਦਾ ਹੈ। ਵਿਚਾਰ ਤਾਂ ਪਰਮਾਤਮਾ ਨੂੰ ਵੀ ਖੰਡ ਖੰਡ ਕਰ ਕੇ ਵੇਖਦਾ ਹੈ। ਵਿਚਾਰਵਾਨਾਂ ਨੇ ਹੀ ਅਨੇਕਾਂ ਰੂਪ ਪਰਮਾਤਮਾ ਦੇ ਬਣਾ ਦਿੱਤੇ ਹਨ।

ਵਿਚਾਰ-ਹੀਨ ਤਾਂ ਸਮਝਣ ਵਿਚ ਅਸਮਰੱਥ ਹੈ, ਪਰ ਵਿਚਾਰਵਾਨ ਖੰਡ ਖੰਡ ਕਰ ਕੇ ਵੇਖਦਾ ਹੈ ਤੇ ਮਨ ਇਕ ਤੀਜੀ ਹਾਲਤ ਹੈ। ਵਿਚਾਰ ਤੋਂ ਉੱਚੇ ਉਠ ਜਾਣਾ, ਮਨ ਦਾ ਮਨ ਤੋਂ ਪਾਰ ਹੋ ਜਾਣਾ ਤਦ ਭਾਵ-ਪੂਰਤ ਦਸ਼ਾ ਬਣਦੀ ਹੈ। ਸਾਰੇ ਗੂੜ੍ਹੇ ਸੰਬੰਧ ਭਾਵ ਆਸ਼੍ਰਤ ਹਨ। ਕਰਮ ਸੰਸਾਰੀ ਹੁੰਦੇ ਹਨ, ਪਰ ਕਰਮ ਧਾਰਮਿਕ ਵੀ ਹਨ। ਵਿਚਾਰ ਸੰਸਾਰ ਦੀ ਕੀਤੀ ਜਾ ਸਕਦੀ ਹੈ, ਪਰ ਵਿਚਾਰ ਨਿਰੰਕਾਰ ਦੀ ਵੀ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਭਾਵ ਜਗਤ ਨਾਲ ਕੀਤਾ ਜਾ ਸਕਦਾ ਹੈ ਤੇ ਭਾਵ ਪਰਮਾਤਮਾ ਨਾਲ, ਗੁਰੂ ਨਾਲ ਵੀ ਕਰ ਸਕਦੇ ਹਾਂ। ਨਦੀਆਂ ਰਾਹੀਂ ਜੈਸੇ ਲੋੜ ਵਾਲੀ ਥਾਂ 'ਤੇ ਪਾਣੀ ਪਹੁੰਚਾਈਦਾ ਹੈ, ਤਿਵੇਂ ਇਨ੍ਹਾਂ ਤਿੰਨਾਂ ਵੇਗਾਂ ਨੂੰ ਕਰਮ—ਵਿਚਾਰ—ਭਾਵ ਨੂੰ ਜਗਤ ਵੱਲ ਤੋਰ ਸਕਦੇ ਹਾਂ। ਔਰ ਪਰਮਾਤਮਾ ਵੱਲ ਵੀ ਤੋਰ ਸਕਦੇ ਹਾਂ। ਸੰਸਾਰ ਪਰਵਿਰਤ ਕਰਮ ਸੰਸਾਰ ਵਿਚ ਉੱਨਤੀ ਪ੍ਰਦਾਨ ਕਰ ਦੇਂਦਾ ਹੈ, ਇਸ ਤਰ੍ਹਾਂ ਸੰਸਾਰ ਦੀ ਡੂੰਘੀ ਵਿਚਾਰ ਕਰਨ ਵਾਲਾ ਵਿਗਿਆਨਕ ਕਹਿਲਾਂਦਾ ਹੈ ਤੇ ਸੰਸਾਰ ਦੇ ਬੜੇ ਡੂੰਘੇ ਭੇਦ ਪ੍ਰਾਪਤ ਕਰ ਲੈਂਦਾ ਹੈ। ਜਦ ਭਾਵ ਦੀ ਦਸ਼ਾ ਪ੍ਰਭੂ ਵੱਲ ਮੁੜਦੀ ਹੈ ਤਾਂ ਮਨੁੱਖ ਪਰਮਾਤਮਾ ਜੈਸਾ ਹੋ ਜਾਂਦਾ ਹੈ। ਭਾਵ, ਕਰਮ ਤੇ ਵਿਚਾਰ-ਰਹਿਤ ਮਨ ਦੀ ਦਸ਼ਾ ਹੈ। ਵਿਚਾਰ ਜਿਥੇ ਚਤੁਰ ਬਣਾ ਦੇਂਦਾ ਹੈ, ਭਾਵ ਭੋਲਾ ਬਣਾ ਦੇਂਦਾ ਹੈ। ਭੋਲੇ ਤੋਂ ਮੁਰਾਦ ਮੂਰਖ ਨਹੀਂ, ਬਲਕਿ ਜੋ ਮਾਸੂਮ ਅੰਦਰੋਂ ਬਾਹਰੋਂ ਇਕ ਹੈ, ਉਹੋ ਭੋਲਾ ਹੈ। ਪਦਾਰਥ ਦੀ ਪ੍ਰਾਪਤੀ ਚਾਤੁਰੀ ਨਾਲ ਕੀਤੀ ਜਾ ਸਕਦੀ ਹੈ, ਪਰ ਪਰਮਾਤਮਾ ਦਾ ਮਿਲਣ ਤਾਂ ਭੋਲੇਪਨ ਨਾਲ ਹੈ :

**ਰੇ ਜਨ ਮਨੁ ਮਾਧਉ ਸਿਉ ਲਾਈਐ॥**
**ਚਤੁਰਾਈ ਨ ਚਤੁਰਭੁਜੁ ਪਾਈਐ॥** *(ਗਉੜੀ ਕਬੀਰ ਜੀ, ਪੰਨਾ 324)*

ਸਾਡੇ ਦੇਸ ਦੇ ਪਰਮ ਯੋਗੀ ਮਹਾਂਦੇਵ ਨੂੰ ਲੋਕੀ ਭੋਲਾ ਨਾਥ ਕਰਕੇ ਆਖਦੇ ਹਨ, ਜਿਸ ਦੇ ਅੰਦਰ ਭੋਲਾ ਭਾਵ ਉਦੈ ਹੋਇਆ ਹੈ, ਉਹੀ ਭਗਤ ਹੈ, ਜਿਸ ਨੂੰ ਖੰਡ ਖੰਡ ਕਰ ਕੇ ਨਹੀਂ, ਪੂਰਨ ਵੇਖਣ ਦਾ ਚਾਉ ਉਮਡਦਾ ਹੈ। ਉਥੇ ਵਿਚਾਰ ਰੁਕ ਜਾਂਦੇ ਹਨ ਤੇ ਭਾਵ ਪ੍ਰਗਟ ਹੋ ਜਾਂਦਾ ਹੈ।

ਭਾਵ ਕਲਪਨਾ ਆਧਾਰਤ ਵੀ ਹੁੰਦਾ ਹੈ ਤੇ ਭਾਵ ਪਦਾਰਥ ਵੀ ਹੁੰਦਾ ਹੈ। ਹਰ ਕਿਸੇ ਵਸਤੂ ਯਾ ਕਿਸੇ ਹਸਤੀ ਦੀ ਕਲਪਨਾ ਕਰਨੀ, ਸਹਿਜੇ ਸਹਿਜੇ ਉਸ ਵਿਚ ਮਨ ਇਕਾਗਰ ਹੋਣਾ ਸ਼ੁਰੂ ਹੋ ਜਾਂਦਾ ਹੈ ਤਾਂ ਕਲਪਨਾ ਸਾਕਾਰ ਰੂਪ ਧਾਰਨ ਕਰ ਲੈਂਦੀ ਹੈ।

ਜੈਸੇ ਕਿ ਸਮਮੋਹਨ (ਮਿਸਮਰੇਜ਼ਮ) ਦੀ ਪ੍ਰਕ੍ਰਿਆ ਹੈ। ਇਕ ਬੰਦੇ ਨੂੰ ਬਾਰ ਬਾਰ ਆਖਿਆ ਜਾਂਦਾ ਹੈ ਕਿ ਤੂੰ ਬੇਹੋਸ਼ ਹੋ ਗਿਆ ਹੈਂ, ਉਹ ਬੇਹੋਸ਼ ਹੋ ਜਾਂਦਾ ਹੈ। ਹੁਣ ਮਨ ਦਾ ਸਰੀਰ ਨਾਲੋਂ ਸੰਬੰਧ ਟੁੱਟ ਜਾਂਦਾ ਹੈ ਤੇ ਮਾਨਸਿਕ ਸ਼ਕਤੀ ਬੜੀ ਪ੍ਰਬਲ ਸ਼ਕਤੀ ਹੈ, ਉਸ ਕੋਲੋਂ ਜੋ ਪੁੱਛਿਆ ਜਾਂਦਾ ਹੈ, ਉਹੋ ਮਾਨਸਿਕ ਸ਼ਕਤੀ ਨਾਲ ਦੱਸੀ ਜਾਂਦਾ ਹੈ। ਸਮਮੋਹਨ ਦੀ ਅਵਸਥਾ ਵਿਚ ਪੁੱਜੇ ਹੋਏ ਨੂੰ ਜੇਕਰ ਆਖਿਆ ਜਾਵੇ, ਤੇਰੇ ਹੱਥ 'ਤੇ ਅੰਗਾਰਾ ਰੱਖ ਦਿੱਤਾ ਹੈ ਤਾਂ ਉਸ ਦਾ ਹੱਥ ਜਲ ਉਠੇਗਾ, ਚਾਹੇ ਇਹ ਅੰਗਾਰਾ ਨਹੀਂ ਰੱਖਿਆ ਗਿਆ।

ਅਮਰੀਕਾ ਵਿਚ ਇਕ ਵਿਸ਼ਵ ਵਿਦਿਆਲੇ ਵਿਚ ਕੁਛ ਨੌਜਵਾਨ ਸਮਮੋਹਨ 'ਤੇ ਕੰਮ ਕਰ ਰਹੇ ਸਨ, ਉਨ੍ਹਾਂ ਨੇ ਇਕ ਨੌਜਵਾਨ ਨੂੰ ਸਮਮੋਹਨ ਕਰ ਕੇ ਉਸ 'ਤੇ ਤਰ੍ਹਾਂ ਤਰ੍ਹਾਂ ਦੇ ਪ੍ਰਯੋਗ ਕੀਤੇ, ਫਿਰ ਉਸ ਨੂੰ ਆਖਿਆ ਕਿ ਤੂੰ ਮਰ ਗਿਆ ਹੈਂ। ਵਾਕਈ ਉਹ ਮਰ ਗਿਆ। ਇਤਨਾ ਭਾਵ ਗ੍ਰਹਿਣ ਕਰ ਲਿਆ ਕਿ ਪ੍ਰਾਣਾਂ ਨੇ ਸਰੀਰ ਨਾਲੋਂ ਸੰਬੰਧ ਤੋੜ ਦਿੱਤਾ। ਇਸ ਤੋਂ ਬਾਅਦ ਅਮਰੀਕਾ ਵਿਚ ਸਮਮੋਹਨ ਦੀ ਕ੍ਰਿਆ 'ਤੇ ਬੰਦਿਸ਼ ਲਾ ਦਿੱਤੀ ਗਈ। ਪ੍ਰਗਾੜ ਕਲਪਨਾ ਵਿਚ ਭਾਵ ਵਿਭੋਰ ਹੋਣ ਨਾਲ ਕਲਪਨਾ ਸਾਕਾਰ ਹੁੰਦੀ ਦਿਖਾਈ ਦੇਂਦੀ ਹੈ।

ਮਜਨੂੰ ਦਾ ਹਰ ਵਕਤ ਲੈਲਾ ਦੀ ਕਲਪਨਾ ਵਿਚ ਭਾਵ-ਪੂਰਤ ਰਹਿਣਾ, ਅੰਜਾਮ ਇਹ ਹੋਇਆ ਕਿ ਮਜਨੂੰ ਨੂੰ ਹਰ ਪਾਸੇ ਲੈਲਾ ਲੈਲਾ ਹੀ ਦਿਖਾਈ ਦੇਣ ਲੱਗ ਪਈ, ਇਹ ਲੈਲਾ ਉਸ ਦੀ ਭਾਵ-ਪੂਰਤ ਕਲਪਨਾ ਤੋਂ ਹੀ ਪ੍ਰਗਟ ਹੋਈ ਹੈ, ਅਗਰ ਮਜਨੂੰ ਭਾਵ ਛੱਡ ਦੇਵੇ, ਕਲਪਨਾ ਛੱਡ ਦੇਵੇ ਤਾਂ ਲੈਲਾ ਤ੍ਰੋਹਿਤ ਹੋ ਜਾਏਗੀ।

ਕਈ ਈਸ਼ਵਰ ਦੀ ਭਾਵ-ਪੂਰਨ ਕਲਪਨਾ ਕਰਦੇ ਹਨ ਤੇ ਉਨ੍ਹਾਂ ਦਾ ਮਨ ਇਕਾਗਰ ਹੋ ਜਾਂਦਾ ਹੈ। ਐਸੇ ਮਨੁੱਖ ਨੂੰ ਕਿਧਰੇ ਕ੍ਰਿਸ਼ਨ ਤੇ ਕਿਧਰੇ ਰਾਮ ਵਿਖਾਈ

ਦੇਂਦਾ ਹੈ। ਦਰਅਸਲ ਉਹੋ ਉਨ੍ਹਾਂ ਦੀ ਕਲਪਨਾ ਜੋ ਭਾਵ-ਪੂਰਨ ਹੈ, ਉਸ ਤੋਂ ਪ੍ਰਗਟ ਹੋਇਆ ਹੈ। ਚਾਰ ਦਿਨ ਕਲਪਨਾ ਛੱਡਣ ਨਾਲ ਕ੍ਰਿਸ਼ਨ ਤੇ ਰਾਮ ਖੋਹ ਜਾਂਦੇ ਹਨ, ਪਰ ਇਕ ਭਾਵ ਪਦਾਰਥ ਹੈ। ਇਹ ਤਾਂ ਠੀਕ ਹੈ ਕਿ ਜਿਥੇ ਵਿਚਾਰ ਰੁਕਦੇ ਹਨ, ਉਥੇ ਭਾਵ ਪ੍ਰਗਟ ਹੁੰਦਾ ਹੈ, ਪਰ ਜਿਹੜੇ ਵਿਚਾਰ ਰੁਕੇ ਹਨ, ਉਥੋਂ ਹੀ ਭਾਵ ਪ੍ਰਗਟ ਹੋਏਗਾ। ਵਿਚਾਰ ਅਗਰ ਕਲਪਨਾ ਸੁਪਨ ਮਾਤਰ ਹੀ ਸਨ ਤਾਂ ਭਾਵ ਵੀ ਐਸਾ ਹੀ ਪ੍ਰਗਟ ਹੋਏਗਾ, ਪਰ ਵਿਚਾਰ ਯਥਾਰਥ ਸਨ। ਚਿੰਤਨ ਉਨ੍ਹਾਂ ਵਿਚਾਰਾਂ ਦੇ ਸਾਕਾਰ ਹੋਣ ਦਾ ਚੱਲ ਰਿਹਾ ਸੀ ਤੇ ਵਿਚਾਰ ਦੇ ਰੁਕਣ ਨਾਲ ਜੋ ਭਾਵ ਪੈਦਾ ਹੋਵੇਗਾ, ਉਹੋ ਯਥਾਰਥ ਹੋਏਗਾ। ਐਸਾ ਭਾਵ ਜਿਥੇ ਪ੍ਰਗਟ ਹੋ ਜਾਏ, ਉਹੀ ਸੱਚਾ ਭਗਤ ਹੈ ਤੇ ਭਗਤ ਦੀ ਪਹੁੰਚ ਬਹੁਤ ਦੂਰ ਤਕ ਹੈ ਤੇ ਭਗਤ ਸਭ ਤੋਂ ਵੱਡਾ ਹੈ:

**ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥**

*(ਬਿਲਾਵਲੁ ਬਾਣੀ ਰਵਿਦਾਸ ਜੀ, ਪੰਨਾ 858)*

ਯੋਗ, ਜੱਗ, ਦਾਨ-ਪੁੰਨ, ਤਪੱਸਿਆ, ਭਗਤ ਤੋਂ ਥੱਲੇ ਰਹਿ ਜਾਂਦੀ ਹੈ:

**ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ॥**
**ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ॥**

*(ਗੂਜਰੀ ਜੈਦੇਵ ਜੀ, ਪੰਨਾ 526)*

ਕਰਮਯੋਗੀ ਜਦ ਕਰਮਾਂ ਤੋਂ ਥੱਕਦਾ ਹੈ ਤਾਂ ਵਿਚਾਰ ਕਰਦਾ ਹੈ, ਪਰ ਜਦ ਵਿਚਾਰ ਤੋਂ ਮਨ ਥੱਕਦਾ ਹੈ ਤਾਂ ਭਾਵ ਉਦੈ ਹੁੰਦਾ ਹੈ। ਕਰਮ ਨਾਲ ਹਿਰਦੇ ਦੀ ਸ਼ੁੱਧੀ ਨਹੀਂ ਹੁੰਦੀ। ਵਿਚਾਰ ਨਾਲ ਵੀ ਹਿਰਦੇ ਦੀ ਮਲੀਨਤਾ ਬਣੀ ਰਹਿੰਦੀ ਹੈ, ਪਰ ਭਾਵ ਵਿਭੋਰ ਹੋਇਆਂ ਨਿਰਮਲ ਹੋ ਜਾਂਦਾ ਹੈ। ਪ੍ਰਭੂ-ਪਿਆਰ ਮਿਲਣ ਦੀ ਤੜਪ ਸਭ ਵਿਅਰਥ ਦਾ ਕੂੜਾ ਕਚਾਰਾ ਬਹਾ ਲੈ ਜਾਂਦਾ ਹੈ। ਅੱਠੇ ਪਹਿਰ ਇਕ ਤੜਪ ਬਣੀ ਰਹਿੰਦੀ ਹੈ। ਸੁਭਾਵ ਵਿਚ ਭੋਲਾਪਨ ਆ ਜਾਂਦਾ ਹੈ। ਦੋ ਹੀ ਵਿਅਕਤੀ ਭੋਲੇ ਹਨ, ਇਕ ਬੱਚਾ ਤੇ ਦੂਜਾ ਭਗਤ। ਬੱਚਾ ਭੋਲਾ ਹੈ, ਅੰਦਰੋਂ ਬਾਹਰੋਂ ਇਕ ਹੈ। ਇਸ ਵਾਸਤੇ ਭਗਤਾਂ ਕੋਲ ਬੱਚੇ ਵਾਲੀ ਪਵਿੱਤਰਤਾ ਹੁੰਦੀ ਹੈ। ਬਾਲ ਬੁੱਧ ਨਿਰਵਿਕਾਰ ਹੈ। ਭਗਤ ਬੁੱਧ ਵੀ ਨਿਰਵਿਕਾਰ ਹੈ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ਕਿ ਅਸੀਂ ਪ੍ਰਭੂ ਨੂੰ ਪ੍ਰਾਪਤ ਕੀਤਾ ਹੈ, ਬਾਲ ਬੁੱਧੀ ਕਰਕੇ:

**ਪਾਇਓ ਬਾਲ ਬੁਧਿ ਸੁਖੁ ਰੇ॥** *(ਰਾਗੁ ਗਉੜੀ ਮਾਲਾ ਮ: ੫, ਪੰਨਾ 214)*

ਪਰ ਬੱਚੇ ਦਾ ਭੋਲਾਪਨ ਅਗਿਆਨ 'ਤੇ ਖੜਾ ਹੈ। ਭਗਤ ਦਾ ਭੋਲਾਪਨ ਵਿਚਾਰ ਗਿਆਨ ਤੋਂ ਪ੍ਰਗਟ ਹੋਇਆ ਹੈ। ਬੱਚਾ ਅਚੇਤ ਹੈ, ਭਗਤ ਸੁਚੇਤ ਹੈ। ਬੱਚੇ ਨੂੰ ਮਨਚਾਹਾ ਪਦਾਰਥ ਨਾ ਮਿਲੇ, ਰੋਣ ਲੱਗ ਪੈਂਦਾ ਹੈ। ਬਸ ਬੱਚੇ ਦੇ ਰੋਣ

ਤੋਂ ਹੀ ਉਸ ਦੀ ਮੰਗ ਦਾ ਪਤਾ ਚੱਲਦਾ ਹੈ। ਭਗਤ ਜਦ ਭਾਵ ਵਿਭੋਰ ਹੁੰਦਾ ਹੈ ਤਾਂ ਬਸ ਉਸ ਕੋਲ ਵੀ ਰੋਣਾ ਹੀ ਰਹਿ ਜਾਂਦਾ ਹੈ:

**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ,**
**ਮੈ ਨੀਰੁ ਵਹੇ ਵਹਿ ਚਲੈ ਜੀਉ ॥** *(ਮਾਝ ਮਹਲਾ 8, ਪੰਨਾ 94)*

ਸਾਰਾ ਜਗਤ ਕਰਮ ਤੇ ਵਿਚਾਰਾਂ ਦੇ ਤਲ 'ਤੇ ਜਿਊਂਦਾ ਹੈ। ਭਗਤ ਕਰਮ ਤੇ ਵਿਚਾਰ ਤੋਂ ਉੱਚਾ ਉਠ ਜਾਂਦਾ ਹੈ, ਇਸ ਲਈ ਜਗਤ ਨਾਲ ਭਗਤ ਦਾ ਤਾਲ-ਮੇਲ ਨਹੀਂ ਬੈਠਦਾ:

**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥**

*(ਸਲੋਕ ਮ: ੧, ਪੰਨਾ 145)*

ਭਗਤ ਇਸ ਵਾਸਤੇ ਸੰਸਾਰੀਆਂ ਨੂੰ ਪਾਗਲ ਜਿਹੇ ਪ੍ਰਤੀਤ ਹੁੰਦੇ ਹਨ, ਜਦ ਕਿ ਭਗਤਾਂ ਨੂੰ ਸੰਸਾਰੀਆਂ 'ਤੇ ਦਇਆ ਆਂਵਦੀ ਹੈ।

ਭਾਵ ਜਿਥੇ ਪ੍ਰਗਟ ਹੋ ਗਿਆ ਹੈ, ਉਹ ਭਗਤ ਹੈ। ਭਗਤ ਦੀ ਪਹੁੰਚ ਬੜੀ ਦੂਰ ਤਕ ਹੈ। ਧਾਰਮਿਕ ਦੁਨੀਆ ਅੰਦਰ ਭਗਤ ਦਾ ਰੁਤਬਾ ਸਭ ਤੋਂ ਵੱਡਾ ਹੈ, ਭਾਵ ਜਦ ਯਥਾਰਥ 'ਤੇ ਆਸ਼੍ਰਿਤ ਹੁੰਦਾ ਹੈ ਤਾਂ ਉਹ ਕੋਈ ਨਿਸ਼ਕਾਮ ਨਹੀਂ ਹੋ ਜਾਂਦਾ, ਬਲਕਿ ਉਸ ਦੇ ਕਰਮ ਕ੍ਰਾਂਤੀਕਾਰੀ ਹੋ ਜਾਂਦੇ ਹਨ ਔਰ ਵਿਚਾਰਾਂ ਵਿਚ ਮੌਲਿਕਤਾ ਪੈਦਾ ਹੋ ਜਾਂਦੀ ਹੈ।

ਜਦ ਕਿ ਕਲਪਨਾ 'ਤੇ ਆਧਾਰਤ ਭਾਵ, ਮਨੁੱਖ ਨੂੰ ਨਿਸਕ੍ਰਿਆ ਕਰ ਦੇਂਦਾ ਹੈ। ਮਜਨੂੰ ਲੈਲਾ ਲੈਲਾ ਕਰਨ ਤੋਂ ਇਲਾਵਾ ਕੁਛ ਨਹੀਂ ਕਰ ਸਕਦਾ ਸੀ, ਹਾਲਾਂਕਿ ਭਾਵ ਪੂਰਨ ਤੌਰ 'ਤੇ ਉਦੈ ਹੋਇਆ ਸੀ, ਪਰ ਆਧਾਰਤ ਕਲਪਨਾ 'ਤੇ ਸੀ। ਪਰ ਜੋ ਸਤ ਵਿਚਾਰ ਤੋਂ ਭਾਵ ਪੈਦਾ ਹੁੰਦਾ ਹੈ, ਸਤ ਦੀ ਵਿਚਾਰ ਕਰਦੇ ਕਰਦੇ ਜਦ ਮਨ ਨਿਰਵਿਚਾਰ ਹੋ ਜਾਂਦਾ ਹੈ ਤਾਂ ਭਾਵ ਉਦੈ ਹੋ ਕੇ ਜੀਵਨ ਨੂੰ ਆਨੰਦ ਦਾ ਸਾਗਰ ਬਣਾ ਦੇਂਦਾ ਹੈ, ਮਨ ਜਿਥੇ ਪੂਰਨ ਹੁੰਦਾ ਹੈ, ਮਨ ਦਾ ਪੂਰਨ ਹੋਣਾ ਮਨ ਦੀ ਮੌਤ ਹੈ ਤੇ ਮਨ ਪੂਰਨ ਉਥੇ ਹੁੰਦਾ ਹੈ, ਜਿਥੇ ਕਰਮ ਵਿਚਾਰ ਆਸ਼੍ਰਿਤ ਹੋਵੇ ਤੇ ਜਿਥੇ ਵਿਚਾਰ ਭਾਵ ਆਸ਼੍ਰਿਤ ਹੋ ਜਾਂਦਾ ਹੈ। ਕਰਮ ਵਿਚਾਰ ਤੇ ਭਾਵ ਦਾ ਸੰਗਮ ਨਵੇਂ ਜੀਵਨ ਨੂੰ ਨਵੀਂ ਵਿਚਾਰ, ਨਵੇਂ ਕਰਮ, ਸਦਾ ਨਵੀਨ ਰਹਿਣ ਵਾਲੇ ਆਨੰਦ ਨੂੰ ਜਨਮ ਦੇਂਦਾ ਹੈ।

•

# ਜੋਤਿਸ਼

ਭੂਤ ਕਾਲ ਦੀਆਂ ਯਾਦਾਂ ਤੇ ਭਵਿੱਖ ਦੀ ਚਿੰਤਾ ਮਨੁੱਖ ਵਿਚ ਜਮਾਂਦਰੂ ਹਨ। ਮੈਂ ਕੀ ਸੀ ਤੇ ਮੈਂ ਕੀ ਹੋ ਸਕਾਂਗਾ, ਐਸਾ ਹਰ ਮਨੁੱਖ ਜਾਨਣਾ ਚਾਹੁੰਦਾ ਹੈ।

ਦਾਰਸ਼ਨਿਕ, ਮਨੋ-ਵਿਗਿਆਨੀ ਤੇ ਧਾਰਮਿਕ ਲੋਕ ਆਪਣੀ ਸਮਰੱਥਾ ਅਨੁਸਾਰ ਇਸ ਖੋਜ ਵਿਚ ਆਦਿ ਕਾਲ ਤੋਂ ਰਹੇ ਹਨ। ਦ੍ਰਿਸ਼ਟੀਕੋਣ ਵੱਖ ਵੱਖ ਹੋਣ ਕਰਕੇ ਖੋਜ ਦੇ ਸਿੱਟੇ ਵੱਖ ਵੱਖ ਨਿਕਲੇ। ਜੀਵਨ ਸੰਸਾਰ ਦੇ ਇਕ ਇਕ ਪਹਿਲੂ ਦੀ ਵਿਚਾਰ ਪੇਸ਼ ਕਰ ਸਕੇ।

ਭਵਿੱਖਬਾਣੀਆਂ ਨਾਲ ਹਰੇਕ ਧਰਮ ਦੇ ਗ੍ਰੰਥ ਭਰੇ ਪਏ ਹਨ। ਚੌਰਾਸੀ ਲੱਖ ਜੂਨ ਮਨੁੱਖ ਦਾ ਭੂਤ ਕਾਲ ਹੈ—ਐਸਾ ਇਸ ਦੇਸ ਦੇ ਧਾਰਮਿਕ ਮਨੁੱਖਾਂ ਦਾ ਚਿੰਤਨ ਹੈ।

ਹਰ ਵਸਤੂ, ਹਸਤੀ ਦਾ ਆਦਿ ਕੀ ਹੈ, ਅੰਤ ਕੀ ਹੈ, ਇਹ ਖੋਜ ਸਦੀਆਂ ਤੋਂ ਜਾਰੀ ਹੈ। ਵਿਗਿਆਨ ਨੇ ਵੀ ਇਸ ਖੋਜ ਵਿਚ ਆਪਣਾ ਯੋਗਦਾਨ ਪਾਇਆ ਹੈ। ਸ੍ਰਿਸ਼ਟੀ ਕਦੋਂ ਬਣੀ ਤੇ ਕਿਵੇਂ ਬਣੀ—ਧਰਮ ਤੇ ਵਿਗਿਆਨ ਦੇ ਆਪਣੇ ਆਪਣੇ ਕਥਨ ਹਨ।

ਮਨੁੱਖੀ ਮਨ ਦੀ ਬਣਤਰ ਕੁਛ ਐਸੀ ਹੈ—ਹਰ ਵਸਤੂ ਦਾ ਪ੍ਰਭਾਵ ਸੂਖਮ ਯਾ ਅਸਥੂਲ ਰੂਪ ਕਬੂਲਦਾ ਹੈ। ਸਰਦੀ ਵਿਚ ਮਨ ਦੀ ਹਾਲਤ ਕੁਛ ਹੋਰ ਹੁੰਦੀ ਹੈ, ਪਰ ਗਰਮੀ ਜ਼ੋਰ ਦੀ ਪੈ ਰਹੀ ਹੋਵੇ ਤਾਂ ਮਨ ਦੀਆਂ ਸੋਚਾਂ ਬਦਲ ਜਾਂਦੀਆਂ ਹਨ। ਮੌਸਮ ਬਹਾਰ ਹੋਵੇ ਤਾਂ ਮਨ ਬਹੁਤ ਖ਼ੁਸ਼ ਹੁੰਦਾ ਹੈ, ਲੇਕਿਨ ਖ਼ਿਜ਼ਾਂ ਦੀ ਰੁੱਤ ਹੋਵੇ ਤਾਂ ਮਨ ਦੇ ਤਲ 'ਤੇ ਉਦਾਸੀ ਛਾ ਜਾਂਦੀ ਹੈ। ਛਿਨ ਛਿਨ ਪ੍ਰਕ੍ਰਿਤੀ ਮੁਤਾਸਰ ਕਰਦੀ ਹੈ ਔਰ ਅਨੇਕਾਂ ਪ੍ਰਕਾਰ ਦੇ ਪ੍ਰਭਾਵ ਹੇਠ ਜੀਵਨ ਚੱਲ ਰਿਹਾ ਹੈ। ਜਦ ਇਹ ਸਮਝ ਵੀ ਵਿਕਸਤ ਹੋਈ ਤਾਂ ਮਨੁੱਖ ਨੇ ਖੋਜ ਅਰੰਭ ਦਿੱਤੀ। ਇਹ ਪ੍ਰਭਾਵ ਕਿਥੋਂ ਪੈ ਰਿਹਾ ਹੈ ? ਕਿਉਂ ਪੈ ਰਿਹਾ ਹੈ ?

ਪੂਰਨਮਾਸ਼ੀ ਦੀ ਰਾਤ ਨੂੰ ਸਮੁੰਦਰ ਵਿਚ ਉਛਾਲ ਆ ਜਾਂਦਾ ਹੈ। ਸਮੁੰਦਰ ਦੇ ਤਟ 'ਤੇ ਰਹਿਣ ਵਾਲੇ ਪੂਰਨਮਾਸ਼ੀ ਨੂੰ ਇਕ ਮੀਲ ਦੂਰ ਹਟ ਜਾਂਦੇ ਹਨ। ਖੋਜੀਆਂ ਦੀ ਪਕੜ ਵਿਚ ਇਹ ਘਟਨਾ ਆ ਗਈ ਕਿ ਚੰਦਰਮਾ ਦੀ ਖਿੱਚ ਨਾਲ ਸਮੁੰਦਰ ਵਿਚ ਉਛਾਲ ਆਂਵਦਾ ਹੈ। ਫਿਰ ਸਹਿਜੇ ਸਹਿਜੇ ਇਹ ਵੀ ਬੋਧ

ਹੋਇਆ ਕਿ ਗ੍ਰਹਿਆਂ ਦੀ ਕਸ਼ਿਸ਼ ਨਾਲ ਹੀ ਸਮੁੰਦਰ ਵਿਚ ਰੋਜ਼ ਉਤਾਰ-ਚੜ੍ਹਾਓ ਆਂਵਦਾ ਹੈ।

ਮਨੁੱਖ ਦੇ ਸਰੀਰ ਵਿਚ ਸੱਠ ਪ੍ਰਤੀਸ਼ਤ ਪਾਣੀ ਹੈ। ਜੋ ਸਮੁੰਦਰ ਦੇ ਪਾਣੀ ਦਾ ਅਨੁਪਾਤ ਹੈ, ਉਹੀ ਮਨੁੱਖੀ ਸਰੀਰ ਦੇ ਪਾਣੀ ਦਾ ਅਨੁਪਾਤ ਹੈ। ਜਿਤਨਾ ਨਮਕ ਸਮੁੰਦਰ ਦੇ ਪਾਣੀ ਵਿਚ ਹੈ, ਉਤਨਾ ਮਨੁੱਖੀ ਸਰੀਰ ਦੇ ਪਾਣੀ ਵਿਚ ਹੈ। ਫਿਰ ਇਹ ਨਿਸ਼ਚਿਤ ਕਰ ਲਿਆ ਗਿਆ ਕਿ ਮਨੁੱਖ ਵੀ ਸਾਗਰ ਦੀ ਤਰ੍ਹਾਂ ਚੰਦਰਮਾ ਤੋਂ ਅੰਦੋਲਿਤ ਹੁੰਦਾ ਹੈ।

ਫਿਰ ਇਸ ਆਧਾਰ 'ਤੇ ਖੋਜ ਅਰੰਭ ਦਿੱਤੀ ਕਿ ਪੂਰਨਮਾਸ਼ੀ ਨੂੰ ਮਨੁੱਖ ਬਹੁਤ ਉਤੇਜਿਤ ਹੁੰਦਾ ਹੈ। ਲੜਾਈ ਝਗੜੇ ਜ਼ਿਆਦਾ ਹੁੰਦੇ ਹਨ। ਇਸ ਉਛਾਲ ਨਾਲ ਬਹੁਤਾ ਨੁਕਸਾਨ ਨਾ ਹੋਵੇ ਤਾਂ ਬਚਾਓ ਦਾ ਢੰਗ ਇਹ ਦੱਸਿਆ ਗਿਆ ਕਿ ਪੂਰਨਮਾਸ਼ੀ ਵਾਲੇ ਦਿਨ ਵਰਤ ਰੱਖਿਆ ਜਾਵੇ। ਮਨੁੱਖ ਕੁਛ ਨਾ ਖਾਵੇ, ਭੁੱਖਾ ਰਹੇਗਾ ਤਾਂ ਸਰੀਰ ਅੰਦਰ ਕੁਛ ਕਮਜ਼ੋਰੀ ਆਵੇਗੀ ਤੇ ਲੜਾਈ ਦੀ ਥਾਂ 'ਤੇ ਬਾਰ ਬਾਰ ਭੋਜਨ ਚੇਤੇ ਆਵੇਗਾ। ਲੜਾਈ ਭੁੱਲ ਜਾਵੇਗੀ। ਬਾਕੀ ਗ੍ਰਹਿਆਂ ਦਾ ਖ਼ਾਸ ਕਰਕੇ ਨੌਂ ਗ੍ਰਹਿਆਂ ਦਾ ਜੋ ਪ੍ਰਭਾਵ ਪ੍ਰਿਥਵੀ 'ਤੇ ਪੈਂਦਾ ਹੈ, ਇਸ ਦਾ ਅਧਿਐਨ ਕੀਤਾ ਗਿਆ। ਸੂਰਜ ਦੇ ਇਕ ਰਾਸ ਤੋਂ ਦੂਜੀ ਰਾਸ ਵਿਚ ਪ੍ਰਵੇਸ਼ ਕਰਨ 'ਤੇ ਜੋ ਕ੍ਰਾਂਤੀ ਹੁੰਦੀ ਹੈ, ਉਸ ਦਿਨ ਨੂੰ ਸੰਕ੍ਰਾਂਤ ਆਖਿਆ ਗਿਆ। ਧਰਤੀ 'ਤੇ ਅਨੇਕਾਂ ਰੁੱਤਾਂ ਸੂਰਜ ਦੀ ਚਾਲ ਨਾਲ ਬਦਲਦੀਆਂ ਹਨ:

**ਸੂਰਜੁ ਏਕੋ ਰੁਤਿ ਅਨੇਕ॥**
**ਨਾਨਕ ਕਰਤੇ ਕੇ ਕੇਤੇ ਵੇਸ॥**

*(ਸੋਹਿਲਾ ਰਾਗੁ ਗਉੜੀ ਦੀਪਕੀ ਮ: ੧, ਪੰਨਾ 12)*

ਅਨੇਕਾਂ ਵੇਸ ਧਰਤੀ ਸੂਰਜ ਕਰਕੇ ਧਾਰਨ ਕਰਦੀ ਹੈ। ਮਨੁੱਖ ਜ਼ਿਆਦਾ ਸੰਵੇਦਨਸ਼ੀਲ ਪ੍ਰਾਣੀ ਹੈ। ਸੋ ਜਦ ਧਰਤੀ 'ਤੇ ਅਸਰ ਪੈਂਦਾ ਹੈ, ਰੁੱਤਾਂ ਥਿੱਤਾਂ ਬਦਲਦੀਆਂ ਹਨ ਤਾਂ ਮਨੁੱਖ ਉੱਤੇ ਇਸ ਦਾ ਖ਼ਾਸ ਅਸਰ ਪੈਂਦਾ ਹੋਵੇਗਾ। ਸੋ ਗ੍ਰਹਿ-ਨਛੱਤਰਾਂ ਦੀ ਪੂਜਾ ਦਾ ਸਿਲਸਿਲਾ ਅਰੰਭ ਹੋਇਆ ਤੇ ਇਸ ਤਰ੍ਹਾਂ ਵਿਗਿਆਨ ਦਾ ਨਾਮ ਜੋਤਿਸ਼ ਪੈ ਗਿਆ। ਗਣਿਤ ਜੋਤਿਸ਼ ਗ੍ਰਹਿ-ਨਛੱਤਰਾਂ ਦੀ ਚਾਲ ਦੀ ਗਣਿਤ 'ਤੇ ਖੜਾ ਹੈ। ਇਕ ਸਾਲ ਪਹਿਲੇ ਦੱਸ ਦੇਣਾ ਕਿ ਸੂਰਜ ਨੂੰ ਯਾ ਚੰਦਰਮਾ ਨੂੰ ਗ੍ਰਹਿਣ ਫ਼ਲਾਣੇ ਦਿਨ ਲੱਗੇਗਾ। ਬਾਰਸ਼, ਹਨੇਰੀ, ਭੂਚਾਲ, ਤੂਫ਼ਾਨ ਦੀਆਂ ਭਵਿੱਖਬਾਣੀਆਂ ਹੋਣ ਲੱਗ ਪਈਆਂ ਤੇ ਪ੍ਰਿਥਵੀ ਦੇ ਪਰਲੋ ਤਕ ਦੀਆਂ ਭਵਿੱਖਬਾਣੀਆਂ ਕਈ ਦਫ਼ਾ ਹੋਈਆਂ। ਫਿਰ ਮਨੁੱਖ ਦੇ ਸੰਬੰਧ ਵਿਚ ਭਵਿੱਖਬਾਣੀ ਦਾ ਸਿਲਸਿਲਾ ਚੱਲਿਆ। ਉਹ ਭਾਰਤ ਤੋਂ ਸਾਰੀ ਦੁਨੀਆ ਵਿਚ ਵਿਕਸਿਤ ਹੋਇਆ। ਗ੍ਰਹਿਆਂ ਦੀ ਗਰਦਿਸ਼ ਨਾਲ ਹੀ ਜੀਵਨ ਦੀ ਗਰਦਿਸ਼

ਨੂੰ ਜੋੜ ਦਿੱਤਾ ਗਿਆ। ਜਨਮ ਸਮੇਂ ਕਿਹੜਾ ਗ੍ਰਹਿ ਉਦੈ ਹੋ ਰਿਹਾ ਸੀ ਤੇ ਕਿਹੜਾ ਅਸਤ ਹੋ ਰਿਹਾ ਸੀ, ਇਸ ਆਧਾਰ 'ਤੇ ਜਨਮ ਕੁੰਡਲੀ ਬਣਾਉਣ ਦਾ ਰਿਵਾਜ ਪ੍ਰਚਲਿਤ ਹੋਇਆ। ਇਸ ਤਰ੍ਹਾਂ ਜੀਵਨ ਦੇ ਹਰ ਪਹਿਲੂ ਵਿਚ ਜੋਤਿਸ਼ ਪ੍ਰਧਾਨ ਹੋ ਗਿਆ ਔਰ ਖ਼ਾਸ ਕਰਕੇ ਹਿੰਦੁਸਤਾਨੀ ਤਾਂ ਇਸ ਵਿਚ ਇਤਨਾ ਵਿਸ਼ਵਾਸ ਰੱਖਣ ਲੱਗ ਪਿਆ ਕਿ ਕੋਈ ਨਵਾਂ ਕੰਮ ਜੋਤਸ਼ੀ ਤੋਂ ਪੁੱਛੇ ਬਿਨਾਂ ਕਰਨਾ ਹੀ ਨਹੀਂ। ਵੱਡੇ ਵੱਡੇ ਰਾਜਨੀਤਕ, ਪੁਰਾਣੇ ਰਾਜੇ-ਮਹਾਰਾਜੇ ਜੋਤਸ਼ੀਆਂ ਤੋਂ ਪੁੱਛ ਕੇ ਹੀ ਹਰ ਕੰਮ ਕਰਦੇ ਸਨ।

ਦੇਸ ਦੇ ਚੋਟੀ ਦੇ ਰਾਜਨੀਤਕ ਅੱਜ ਵੀ ਜੋਤਸ਼ੀਆਂ ਦੇ ਆਲੇ-ਦੁਆਲੇ ਮੰਡਲਾਂਦੇ ਦਿਖਾਈ ਦੇਂਦੇ ਹਨ।

ਗੁਰਮਤਿ ਦੀ ਰੌਸ਼ਨੀ ਵਿਚ ਇਸ ਨੂੰ ਵੇਖੀਏ ਤਾਂ ਗ੍ਰਹਿ-ਨਛੱਤਰ ਸਭ ਅਕਾਲ ਪੁਰਖ ਦੀ ਬਣਾਈ ਹੋਈ ਨਿਯਮਾਵਲੀ ਅਨੁਸਾਰ ਹੀ ਚੱਲ ਰਹੇ ਹਨ। ਇਸ ਤਰ੍ਹਾਂ ਸਭ ਕੁਛ ਉਸ ਅਕਾਲ ਪੁਰਖ ਦੇ ਹੱਥ ਵਿਚ ਹੈ:

**ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ,**
**ਸਭ ਕਰੇ ਕਰਾਇਆ॥**
**ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ,**
**ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ॥**

*(ਗਉੜੀ ਬੈਰਾਗਣਿ ਮ: ੪, ਪੰਨਾ 168)*

ਤਾਂ ਤੇ ਗ੍ਰਹਿਆਂ ਨਛੱਤਰਾਂ ਦੀ ਪੂਜਾ ਕਰਨ ਦੀ ਥਾਂ 'ਤੇ ਅਕਾਲ ਪੁਰਖ ਦੀ ਆਰਾਧਨਾ ਕਰਨੀ ਚਾਹੀਦੀ ਹੈ ਤੇ ਆਰਾਧਨ ਨਾਲ ਇਤਨਾ ਫਲ ਮਿਲਦਾ ਹੈ ਕਿ ਮਨੁੱਖ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਹੋ ਜਾਂਦਾ ਹੈ, ਉਸ ਦਾ ਹੁਕਮ, ਭਾਣਾ ਮਿੱਠਾ ਲੱਗਦਾ ਹੈ।

ਗ੍ਰਹਿਆਂ ਨਛੱਤਰਾਂ ਦੀ ਪੂਜਾ ਨਾਲ ਅਕਾਲ ਪੁਰਖ ਦੇ ਹੁਕਮ ਨੂੰ ਟਾਲਿਆ ਨਹੀਂ ਜਾ ਸਕਦਾ ਤੇ ਗ੍ਰਹਿ ਨਛੱਤਰ ਕਰਤੇ ਦੀ ਕ੍ਰਿਤ ਹਨ। ਕ੍ਰਿਤ ਸਾਡੀ ਮਾਲਿਕ ਨਹੀਂ ਹੈ, ਉਹ ਕਰਤਾ ਮਾਲਿਕ ਹੈ:

**ਤੂੰ ਕਰਤਾ ਸਚਿਆਰੁ ਮੈਡਾ ਸਾਂਈ॥**
**ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ॥**

*(ਆਸਾ ਮ: ੪, ਪੰਨਾ 11)*

ਗਲੀ ਗਲੀ ਵਿਚ ਬੈਠੇ ਤਥਾਕਥਿਤ ਜੋਤਸ਼ੀ ਮਨੁੱਖ ਦਾ ਭਵਿੱਖ ਜਾਨਣ ਦੀ ਭੁੱਖ ਤੋਂ ਫ਼ਾਇਦਾ ਉਠਾਂਦੇ ਹਨ ਔਰ ਹਸਤ-ਰੇਖਾ ਵੇਖ ਕੇ ਭਵਿੱਖ ਦੱਸਣਾ ਉਨ੍ਹਾਂ ਦਾ ਧੰਧਾ ਹੋ ਗਿਆ ਹੈ।

ਲੇਕਿਨ ਸੱਚਾਈ ਇਹ ਹੈ ਕਿ ਉਨ੍ਹਾਂ ਨੂੰ ਆਪਣੇ ਭਵਿੱਖ ਦਾ ਹੀ ਬੋਧ

ਨਹੀਂ ਹੈ। ਲਗਨ, ਸ਼ਗਨ, ਮਹੂਰਤ ਤੇ ਭਵਿੱਖ ਦੱਸਣ ਵਾਲੇ ਤੱਤ ਵਸਤੂ ਦੀ ਪਹਿਚਾਣ ਤੋਂ ਵਾਂਝੇ ਹੁੰਦੇ ਹਨ ਤੇ ਦੱਸੇ ਭਵਿੱਖ ਤੇ ਮਹੂਰਤ ਨਾਲ ਵਹਿਮ ਵਧੇ ਹਨ :

**ਸਾਹਾ ਗਣਹਿ ਨ ਕਰਹਿ ਬੀਚਾਰੁ ॥**
**ਸਾਹੇ ਊਪਰਿ ਏਕੰਕਾਰੁ ॥...**
**ਗਣਿ ਗਣਿ ਜੋਤਕੁ ਕਾਂਡੀ ਕੀਨੀ ॥**
**ਪੜੈ ਸੁਣਾਵੈ ਤਤੁ ਨ ਚੀਨੀ ॥** *(ਰਾਮਕਲੀ ਮਹਲਾ ੧, ਪੰਨਾ 904)*

ਯੂਨਾਨ ਦਾ ਪ੍ਰਸਿੱਧ ਦਾਰਸ਼ਨਿਕ ਸੰਤ ਸੁਕਰਾਤ ਇਲਮਿ-ਨਜੂਮ (ਜੋਤਿਸ਼) ਵਿਚ ਆਪਣੀ ਜਵਾਨੀ ਵਿਚ ਵਿਸ਼ਵਾਸ ਰੱਖਦਾ ਸੀ। ਉਮਰ ਦੇ ਵਧਣ ਨਾਲ ਜੋਤਿਸ਼ ਤੋਂ ਵਿਸ਼ਵਾਸ ਉਠ ਗਿਆ। ਇਕ ਕਥਾ ਉਨ੍ਹਾਂ ਦੇ ਸੰਬੰਧ ਵਿਚ ਪ੍ਰਚਲਿਤ ਹੈ :

ਅਮਾਵਸ ਦੀ ਰਾਤ ਗ੍ਰਹਿ ਨਛੱਤਰਾਂ ਦਾ ਅਧਿਐਨ ਕਰ ਰਹੇ ਸਨ—ਜੰਗਲ ਵਿਚ ਇਕ ਖੇਤ ਅੰਦਰ ਆਪ ਚੱਲ ਕੇ ਖੋਜ ਕਰ ਰਹੇ ਸਨ। ਚੱਲਦੇ ਚੱਲਦੇ ਆਪ ਉਸ ਖੇਤ ਦੇ ਬਣੇ ਖੂਹ ਵਿਚ ਜਾ ਡਿੱਗੇ। ਖੇਤ ਦੀ ਰਖਵਾਲਨ ਇਕ ਬਿਰਧ ਮਾਈ ਨੇ ਰੱਸਾ ਪਾ ਉਨ੍ਹਾਂ ਨੂੰ ਖੂਹ ਵਿੱਚੋਂ ਕੱਢਿਆ। ਬਾਹਰ ਨਿਕਲ ਸੁਕਰਾਤ ਨੇ ਜਿਥੇ ਧੰਨਵਾਦ ਕੀਤਾ, ਉਥੇ ਉਸ ਮਾਤਾ ਨੂੰ ਆਖਿਆ ਕਿ ਮੈਂ ਨਜੂਮੀ ਹਾਂ, ਭਵਿੱਖ ਦੱਸਣ ਵਾਲਾ ਹਾਂ ਤੇ ਬੜੇ ਬੜੇ ਅਮੀਰ ਵਜ਼ੀਰ ਮੇਰੇ ਕੋਲ ਆਪਣਾ ਭਵਿੱਖ ਜਾਨਣ ਲਈ ਆਂਵਦੇ ਹਨ। ਤੁਸੀਂ ਅੱਜ ਮੇਰੀ ਕੁਟੀਆ 'ਤੇ ਆਵਣਾ, ਮੈਂ ਤੁਹਾਡਾ ਭਵਿੱਖ ਵੇਖਾਂਗਾ। ਤੁਸੀਂ ਮੇਰੇ 'ਤੇ ਬਹੁਤ ਪਰਉਪਕਾਰ ਕੀਤਾ ਹੈ, ਬਦਲੇ ਵਿਚ ਇਹੋ ਸੇਵਾ ਕਰਨ ਦਾ ਅਵਸਰ ਮੈਨੂੰ ਦੇ ਦਿਉ। ਤਾਂ ਉਸ ਬਿਰਧ ਮਾਤਾ ਨੇ ਆਖਿਆ, "ਫ਼ਕੀਰਾ! ਮੇਰਾ ਇੰਤਜ਼ਾਰ ਨਾ ਕਰੀਂ, ਮੈਂ ਨਹੀਂ ਆਵਾਂਗੀ, ਤੈਨੂੰ ਤਾਂ ਇਤਨਾ ਵੀ ਨਹੀਂ ਪਤਾ ਕਿ ਅੱਜ ਮੈਂ ਖੂਹ ਵਿਚ ਗਿਰ ਜਾਣਾ ਹੈ, ਤੂੰ ਮੇਰਾ ਭਵਿੱਖ ਕੀ ਦੱਸੇਂਗਾ ?" ਮਾਈ ਦੀ ਇਹ ਗੱਲ ਚੋਟ ਕਰ ਗਈ। ਇਲਮਿ-ਨਜੂਮ ਤੋਂ ਉਸ ਨੇ ਆਪਣਾ ਸ਼ੌਕ ਹਟਾ ਲਿਆ। ਫਿਰ ਸੱਚ ਦੀ ਖੋਜ ਕਰਨ ਲੱਗ ਪਿਆ।

ਗੁਰਬਾਣੀ ਦਾ ਫ਼ੁਰਮਾਨ ਹੈ ਕਿ ਜੋ ਕੁਛ ਹੋਇਆ ਹੈ, ਇਹ ਹੋਣਾ ਸੀ। ਦਿਨ ਹੋਇਆ ਹੈ, ਹੋਣਾ ਹੀ ਸੀ। ਰਾਤ ਹੋਈ ਹੈ, ਹੋਣੀ ਹੀ ਸੀ। ਜਨਮ ਹੋਇਆ ਹੈ, ਹੋਣਾ ਹੀ ਸੀ। ਮਰਨ ਹੋਇਆ ਹੈ, ਹੋਣਾ ਹੀ ਸੀ। ਸੁਖ ਮਿਲਿਆ ਹੈ, ਮਿਲਣਾ ਹੀ ਸੀ। ਦੁਖ ਮਿਲਿਆ ਹੈ, ਮਿਲਣਾ ਹੀ ਸੀ। ਨਫ਼ਾ ਹੋਇਆ ਹੈ, ਹੋਣਾ ਹੀ ਸੀ। ਨੁਕਸਾਨ ਹੋਇਆ ਹੈ, ਹੋਣਾ ਹੀ ਸੀ :

**ਜੋ ਹੋਆ ਹੋਵਤ ਸੋ ਜਾਨੈ ॥**
**ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥** *(ਗਉੜੀ ਸੁਖਮਨੀ ਮ: ੫, ਪੰਨਾ 286)*

ਜੋ ਹੋਇਆ ਹੈ, ਇਸ ਨੂੰ ਹੋਣਹਾਰ ਜਾਣ ਤੇ ਇਸ ਨੂੰ ਪ੍ਰਭੂ ਦਾ ਹੁਕਮ ਜਾਣ ਕੇ ਮਿੱਠਾ ਮੰਨ, ਸ਼ੁਕਰਾਨਾ ਕਰ, ਇਸ ਵਿਚ ਪਰਮ ਅਨੰਦ ਹੈ। ਐਸਾ ਕਰਨ ਨਾਲ ਦ੍ਰਿਸ਼ਟੀ ਗਹਿਰੀ ਹੁੰਦੀ ਹੈ ਤੇ ਦੂਰ ਤਕ ਝਾਤ ਮਾਰਨ ਦੀ ਸ਼ਕਤੀ ਵੀ ਮਿਲਦੀ ਹੈ। ਜੈਸੇ ਚਿੰਤਕ ਜੀਵਨ ਨੂੰ ਅੱਗੇ ਵੇਖਦਾ ਹੈ ਤਾਂ ਬੁਢੇਪਾ ਤੇ ਮੌਤ ਹੀ ਵਿਖਾਈ ਦੇਂਦੀ ਹੈ।

ਸੰਤ ਜਨਾਂ ਤੇ ਮਹਾਨ ਅਧਿਆਤਮਕ ਖੋਜੀਆਂ ਨੇ ਜੀਵਨ ਦੇ ਆਦਿ ਅੰਤ ਵਿਚ ਝਾਤ ਮਾਰੀ ਹੈ। ਜੀਵਨ ਦਾ ਆਦਿ ਉਨ੍ਹਾਂ ਨੂੰ ਪਸ਼ੂ, ਬਨਸਪਤੀ ਦਿਖਾਈ ਦਿੱਤਾ ਹੈ ਤੇ ਜੀਵਨ ਦਾ ਭਵਿੱਖ ਕੇਵਲ ਪਰਮਾਤਮਾ ਹੋਣਾ ਹੈ, ਪੂਰਨ ਹੋਣਾ ਹੈ। ਆਖ਼ਰ ਕਿਤਨੀ ਦੇਰ ਤਕ ਜੀਵ ਅਪੂਰਨ ਰਹੇਗਾ, ਪੂਰਨ ਹੋਣਾ ਹੀ ਪਵੇਗਾ ਤੇ ਪੂਰਨ ਹੋਏ ਬਿਨਾਂ ਸਕੂਨ ਨਹੀਂ।

ਸੂਫ਼ੀ ਫ਼ਕੀਰ ਸ਼ਮਸ ਤਬਰੇਜ਼ ਨੇ ਆਪਣੇ ਪਿਛਲੇ ਜਨਮ ਬਾਰੇ ਬੋਧ ਕਰਾਇਆ ਹੈ ਤੇ ਇਹ ਵੀ ਮੰਨਿਆ ਹੈ ਕਿ ਮੈਂ ਘਾਹ ਦੀ ਤਰ੍ਹਾਂ ਬਾਰ ਬਾਰ ਜੰਮਦਾ ਰਿਹਾ ਹਾਂ:

*ਬਾਜ਼ ਆਮਦਮ ਬਾਜ਼ ਆਮਦਮ ਤਾ ਯਾਰ ਰਾ ਮਹਮਾ ਕੁਨਮ।*

*(ਸ਼ਮਸ ਤਬਰੇਜ਼)*

ਫ਼ਰਾਂਸ ਅੰਦਰ ਇਕ ਈਸਾਈ ਸੰਤ ਹੋਇਆ ਹੈ। ਸੰਤ ਥਾਮਸ ਕਰ ਕੇ ਉਸ ਦਾ ਨਾਮ ਹੈ, ਉਸ ਨੇ ਅੱਜ ਤੋਂ ਕੋਈ ਪੰਜ ਸੌ ਸਾਲ ਪਹਿਲਾਂ ਭਵਿੱਖ-ਬਾਣੀਆਂ ਕੀਤੀਆਂ, ਉਹ ਹੂ-ਬ-ਹੂ ਠੀਕ ਹੋਈਆਂ ਹਨ। ਗੁਰੂ ਗੋਬਿੰਦ ਸਿੰਘ ਜੀ ਸਮੇਂ ਜੁੜੀ ਹੋਈ 'ਸੌ ਸਾਖੀ' ਕਰੀਬਨ ਸਹੀ ਸਾਬਤ ਹੋਈ ਹੈ। ਰੂਸ ਦੇ ਆਵਨ ਦਾ ਜ਼ਿਕਰ ਜਦ ਕੋਈ ਅੱਜ ਤੋਂ ਚਾਲ੍ਹੀ ਸਾਲ ਪਹਿਲੇ ਪੜ੍ਹਦਾ ਸੀ ਤਾਂ ਮਨੁੱਖ ਪੜ੍ਹ ਕੇ ਨਜ਼ਰ-ਅੰਦਾਜ਼ ਕਰ ਦੇਂਦਾ ਸੀ:

*ਜਬ ਰੂਸ ਪੰਜਾਬ ਆਵੇਗਾ।*
*ਅੰਨ ਰੁਪਏ ਸੇਰ ਵਿਕਾਵੇਗਾ।*

ਰੂਸ ਦੋਸਤੀ ਤੇ ਵਿਚਾਰਧਾਰਾ ਇਥੇ ਪੁੱਜ ਚੁੱਕੀ ਹੈ। ਕਮਿਊਨਿਸਟ ਵਿਚਾਰਧਾਰਾ ਪਨਪਦੀ ਜਾ ਰਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤ੍ਰ ਨਾਟਕ' ਵਿਚ ਆਪਣੇ ਪਿਛਲ਼ੇ ਜਨਮ ਦੀ ਕਥਾ ਲਿਖੀ ਹੈ:

**ਅਬ ਮੈ ਅਪਨੀ ਕਥਾ ਬਖਾਨੋ॥**
**ਤਪ ਸਾਧਤ ਜਿਹ ਬਿਧਿ ਮੁਹਿ ਆਨੋ॥** *(ਬਚਿੱਤ੍ਰ ਨਾਟਕ)*

ਤੇ ਅਧਿਆਤਮ ਦ੍ਰਿਸ਼ਟੀ ਨਾਲ ਭੂਤ ਕਾਲ ਤੇ ਭਵਿੱਖ ਦੀਆਂ ਘਟਨਾਵਾਂ ਮਹਾਂਪੁਰਖ ਦੱਸਦੇ ਰਹੇ ਹਨ।

ਵਿਗਿਆਨ ਵੀ ਮੌਸਮ, ਭੂਚਾਲ ਤੇ ਤੂਫ਼ਾਨ ਬਾਰੇ ਆਪਣੇ ਆਧੁਨਿਕ ਸਾਧਨਾਂ ਨਾਲ ਭਵਿੱਖਬਾਣੀ ਕਰਦਾ ਰਹਿੰਦਾ ਹੈ। ਤੇ ਇਹ ਕਦੇ ਕਦੇ ਪੂਰੀ ਸਿੱਧ ਨਹੀਂ ਹੁੰਦੀ।

ਸੋ, ਜੋ ਹੋ ਗਿਆ ਹੈ, ਉਸੇ ਨੂੰ ਹੋਣਹਾਰ ਜਾਣ ਕੇ ਕਬੂਲ ਕਰੇ ਤੇ ਈਸ਼ਵਰ ਦਾ ਚਿੰਤਨ ਤੇ ਸ਼ੁਕਰਾਨਾ ਕਰੇ—ਇਸ ਨਾਲ ਹੀ ਸਕੂਨ ਹਾਸਲ ਹੁੰਦਾ ਹੈ:

**ਜੋ ਹੋਆ ਹੋਵਤ ਸੋ ਜਾਨੈ ॥**
**ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥** *(ਗਉੜੀ ਸੁਖਮਨੀ ਮ: ੫, ਪੰਨਾ 286)*

•

# ਸ਼ਕਤੀ

ਪਦਾਰਥ ਬਾਰੇ ਜਗਤ ਵਿਚ ਬਹੁਤਾ ਅਗਿਆਨ ਨਹੀਂ ਹੈ ਪਰ ਪਰਮਾਤਮਾ ਬਾਰੇ ਮਨੁੱਖੀ ਦੁਨੀਆ ਅਗਿਆਨ ਨਾਲ ਭਰੀ ਪਈ ਹੈ।

ਪਦਾਰਥ ਦੀ ਜਿਤਨੀ ਖੋਜ ਤੇ ਸੁੱਧ ਹੈ, ਉਤਨੀ ਪਰਮਾਤਮਾ ਦੀ ਖੋਜ ਵਿਚ ਨਹੀਂ ਹੈ। ਸੱਚ ਤਾਂ ਇਹ ਹੈ ਕਿ ਲੰਮੇ ਸਮੇਂ ਤੋਂ ਪਦਾਰਥ ਨੂੰ ਪਰਮਾਤਮਾ ਜਾਣ ਪੂਜਿਆ ਜਾ ਰਿਹਾ ਹੈ। ਪਦਾਰਥ ਕ੍ਰਿਤ ਹੈ, ਪਰਮਾਤਮਾ ਅਕ੍ਰਿਤ ਹੈ :

**ਅਕ੍ਰਿਤਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ॥** *(ਜਾਪੁ)*

ਮਨੁੱਖ ਪਿੱਪਲ, ਜੰਡ, ਬੋਹੜ ਤੇ ਹੋਰ ਬਨਸਪਤੀ ਨੂੰ ਪਰਮਾਤਮਾ ਜਾਣ ਪੂਜਦਾ ਹੈ। ਪਸ਼ੂਆਂ ਨੂੰ ਵੀ ਸਦੀਆਂ ਤੋਂ ਪੂਜਦਾ ਆ ਰਿਹਾ ਹੈ। ਗਊ ਤੇ ਸੱਪਾਂ ਦੀ ਪੂਜਾ ਤਾਂ ਦੇਸ਼ ਅੰਦਰ ਅੱਜ ਵੀ ਵਿਆਪਕ ਰੂਪ ਵਿਚ ਪ੍ਰਚਲਿਤ ਹੈ।

ਮਨੁੱਖ ਨੂੰ ਭਗਵਾਨ ਜਾਣ ਪੂਜਣਾ ਯਾ ਉਸ ਦੇ ਚਲਾਣੇ ਤੋਂ ਬਾਦ ਕਬਰ, ਮੜ੍ਹੀ, ਮੂਰਤੀ ਆਦਿਕ ਪੂਜਣੇ ਧਾਰਮਿਕ ਦੁਨੀਆ ਵਿਚ ਮਹਾਨ ਕਰਮ ਮੰਨੇ ਗਏ ਹਨ। ਇਸਲਾਮ ਭਾਵੇਂ ਆਪਣੇ ਆਪ ਨੂੰ ਮੂਰਤੀ-ਭੰਜਨ ਆਖਦਾ ਰਿਹਾ ਹੈ, ਪਰ ਮਜ਼ਾਰ, ਮਕਬਰੇ ਉਹ ਵੀ ਪੂਜਦੇ ਆ ਰਹੇ ਹਨ।

ਆਕਾਰ 'ਤੇ ਹੀ ਮਨੁੱਖੀ ਮਨ ਪ੍ਰਭਾਵਿਤ ਹੁੰਦਾ ਹੈ। ਆਕਾਰ ਚਾਹੇ ਮਨੁੱਖ ਦਾ ਹੋਵੇ ਯਾ ਬਨਸਪਤੀ ਪਸ਼ੂ ਪੰਖੀ ਯਾ ਪੱਥਰ ਹੋਵੇ, ਪਰ ਪਰਮਾਤਮਾ ਤਾਂ ਮੂਲ ਰੂਪ ਵਿਚ ਨਿਰਾਕਾਰ ਹੈ। ਨਿਰਾਕਾਰ ਦਾ ਬੋਧ ਨਾ ਹੋਣ ਕਰਕੇ ਮਨੁੱਖ ਆਪਣੀ ਕ੍ਰਿਤ ਮੂਰਤੀ ਨੂੰ ਨਿਰੰਕਾਰ ਜਾਣ ਪੂਜ ਰਿਹਾ ਹੈ। ਜਿਤਨੇ ਅਵਤਾਰੀ ਪੁਰਸ਼ ਆਏ, ਮਨੁੱਖ ਉਨ੍ਹਾਂ ਦੀਆਂ ਮੂਰਤੀਆਂ ਨਾਲ ਬੱਝ ਕੇ ਰਹਿ ਗਿਆ। ਇਨ੍ਹਾਂ ਮਹਾਂਪੁਰਸ਼ਾਂ ਨੇ ਆਪਣੀ ਉਂਗਲੀ ਨਾਲ ਚੰਦਰਮਾ ਦੀ ਤਰਫ਼ ਇਸ਼ਾਰਾ ਕੀਤਾ ਸੀ। ਪਰ ਮਨੁੱਖ ਤਾਂ ਉਂਗਲ ਨਾਲ ਹੀ ਚੰਬੜ ਕੇ ਰਹਿ ਗਿਆ, ਉਂਗਲ ਨੂੰ ਹੀ ਪਰਮਾਤਮਾ ਜਾਣ ਪੂਜਣ ਲੱਗ ਪਿਆ।

ਪਰਮਾਤਮਾ ਇਕ ਸ਼ਕਤੀ ਹੈ, ਵਿਅਕਤੀ ਨਹੀਂ; ਨਿਰਾਕਾਰ ਹੈ, ਆਕਾਰ ਨਹੀਂ।

ਅਗਰ ਵਿਅਕਤੀ ਮੰਨੀਏ ਤਾਂ ਵਿਅਕਤੀ ਦੇ ਸਾਰੇ ਦੋਸ਼ ਪਰਮਾਤਮਾ

ਨਾਲ ਵੀ ਜੋੜਨੇ ਪੈਣਗੇ। ਵਿਅਕਤੀ ਦਾ ਜਨਮ ਹੈ ਤੇ ਮਰਨ ਹੈ। ਫਿਰ ਪਰਮਾਤਮਾ ਦਾ ਵੀ ਜਨਮ ਮੰਨਣਾ ਪਵੇਗਾ, ਪਰ ਉਹ ਤਾਂ:

**ਅਜਨਮ ਹੈਂ॥ ਅਬਰਨ ਹੈਂ॥** *(ਜਾਪੁ)*

ਉਹ ਅਜੋਨੀ ਹੈ:

**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥**
*(ਭੈਰਉ ਮਹਲਾ ੫, ਪੰਨਾ 1136)*

ਰਸਨਾ ਜਲ ਜਾਵੇ ਉਸ ਦੀ, ਜੋ ਕਹਿੰਦਾ ਹੈ ਕਿ ਪਰਮਾਤਮਾ (ਭਗਵਾਨ) ਦਾ ਜਨਮ ਹੋਇਆ ਹੈ:

**ਭਰਮਿ ਭੂਲੇ ਨਰ ਕਰਤ ਕਚਰਾਇਣ॥**
**ਜਨਮ ਮਰਣ ਤੇ ਰਹਤ ਨਾਰਾਇਣ॥** *(ਭੈਰਉ ਮਹਲਾ ੫, ਪੰਨਾ 1136)*

ਅਕਾਲ ਪੁਰਖ ਨੂੰ ਵਿਅਕਤੀ ਮੰਨਦੇ ਹੋਏ ਇਹ ਵੀ ਮੰਨਣਾ ਪਵੇਗਾ ਕਿ ਸਰਬ ਠਉਰ ਤੇ ਸਰਬ ਕਾਲ ਨਹੀਂ ਹੈ। ਵਿਅਕਤੀ ਇਕ ਸਮੇਂ ਇਕ ਥਾਂ 'ਤੇ ਹੈ, ਦੂਜੀ ਥਾਂ 'ਤੇ ਨਹੀਂ ਹੈ। ਅੱਜ ਹੈ, ਕੁਛ ਦਿਨ ਪਹਿਲੇ ਨਹੀਂ ਸੀ ਔਰ ਕੁਛ ਦਿਨ ਬਾਦ ਵੀ ਨਹੀਂ ਹੋਵੇਗਾ। ਅਕਾਲ ਪੁਰਖ ਸਰਬ ਠਉਰ ਹੈ ਤੇ ਤ੍ਰਿਕਾਲ-ਦਰਸ਼ੀ ਹੈ:

**ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥**
*(ਆਸਾ ਮਹਲਾ ੧, ਪੰਨਾ 438)*

ਤੇ ਸਰਬ ਕਾਲ ਹੈ:

**ਕਹੂੰ ਬਰ ਦੇਤ ਕਹੂੰ ਛਲ ਸਿਉ ਛਿਨਾਇ ਲੇਤ,**
**ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥** *(ਅਕਾਲ ਉਸਤਤ)*

ਪਰਮਾਤਮਾ ਨੂੰ ਵਿਅਕਤੀ ਮੰਨਦੇ ਹੋਏ ਵਿਅਕਤੀ ਦੀ ਸਾਰੀ ਕ੍ਰਿਆ ਜੋੜਨੀ ਪੈਂਦੀ ਹੈ। ਵਿਅਕਤੀ ਦੇ ਮਾਂ-ਬਾਪ ਹੁੰਦੇ ਹਨ ਤੇ ਮਾਂ-ਬਾਪ ਹੋਣ ਕਰਕੇ ਜਾਤ-ਪਾਤ ਹੁੰਦੀ ਹੈ, ਪਰ ਉਹ ਤਾਂ ਤਾਤ-ਮਾਤ ਤੇ ਜਾਤ-ਪਾਤ ਤੋਂ ਨਿਆਰਾ ਹੈ:

**ਨ ਤਾਤੈ ਨ ਮਾਤੈ॥**
**ਨ ਜਾਤੈ ਨ ਪਾਤੈ॥** *(ਜਾਪੁ)*

ਉਸ ਦੀ ਕੋਈ ਕਾਇਆ ਨਹੀਂ ਤੇ ਉਹ ਕਿਸੇ ਤੋਂ ਪੈਦਾ ਨਹੀਂ ਹੋਇਆ:

**ਨਮਸਤੰ ਅਕਾਏ॥ ਨਮਸਤੰ ਅਜਾਏ॥** *(ਜਾਪੁ)*

**ਸੋ ਕਿਮ ਮਾਨਸ ਰੂਪ ਕਹਾਏ॥**
**ਸਿਧ ਸਮਾਧ ਸਾਧ ਕਰ ਹਾਰੇ ਕਯੋਹੂੰ ਨ ਦੇਖਨ ਪਾਏ॥੧॥ਰਹਾਉ॥**
*(ਸ਼ਬਦ ਹਜ਼ਾਰੇ, ਪਾਤਸ਼ਾਹੀ ੧੦)*

ਉਹ ਚੱਕ੍ਰ-ਚਿਹਨ, ਵਰਨ-ਜਾਤ, ਰੰਗ-ਰੂਪ ਤੋਂ ਨਿਆਰਾ ਹੈ ਤੇ ਫਿਰ ਵੀ ਸੁੰਦਰ ਹੈ:

**ਅਰੂਪ ਹੈਂ॥ ਅਨੂਪ ਹੈਂ॥** *(ਜਾਪੁ)*

**ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥**
**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥** *(ਜਾਪੁ)*

ਮੌਲਾਨਾ ਰੂਮੀ ਦਾ ਕਹਿਣਾ ਹੈ ਕਿ ਮੈਂ ਨਹੀਂ ਜਾਣਦਾ, ਤੂੰ ਕੌਣ ਹੈਂ, ਤੇਰੀ ਕੀ ਹਸਤੀ ਹੈ? ਪਰ ਜੋ ਕੁਛ ਵੀ ਹੈਂ, ਤੂੰ ਹੀ ਹੈਂ:

*ਮਨ ਨ ਦਾਨਮ ਤੋ ਕਿ ਹਸਤੀ,*
*ਪਰ ਹਰ ਚਿ ਹਸਤੀ ਤੋ ਅਸਤ।*

ਵਿਅਕਤੀ ਮੰਨਦੇ ਹੋਏ ਇਕ ਹੋਰ ਵੱਡਾ ਦੋਸ਼ ਖੜਾ ਹੋ ਜਾਂਦਾ ਹੈ। ਵਿਅਕਤੀ ਦੇ ਦੋ ਰੂਪ ਹਨ—ਇਸਤਰੀ ਤੇ ਪੁਰਸ਼। ਫਿਰ ਦੋਹਾਂ ਵਿੱਚੋਂ ਇਕ ਚੁਣਨਾ ਪਵੇਗਾ। ਉਹ ਪੁਰਸ਼ ਹੈ ਯਾ ਇਸਤਰੀ, ਇਹ ਨਿਰਣਾ ਕਰਨਾ ਪਵੇਗਾ। ਸਾਰੀ ਦੁਨੀਆ ਵਿਚ ਕਿਤੇ ਈਸ਼ਵਰ ਇਸਤਰੀ ਯਾ ਪੁਰਸ਼ ਰੂਪ ਵਿਚ ਪੂਜਿਆ ਜਾਂਦਾ ਹੈ। ਸਾਡੇ ਦੇਸ਼ ਵਿਚ ਵੀ ਇਸਤਰੀ ਔਰ ਪੁਰਸ਼, ਦੋ ਰੂਪਾਂ ਵਿਚ ਬਹੁਤਾਤ ਵਿਚ ਪੂਜਿਆ ਜਾ ਰਿਹਾ ਹੈ। ਅਨੰਤ ਪੁਰਸ਼ ਰੂਪ ਹਨ ਤੇ ਅਨੰਤ ਦੇਵੀਆਂ ਦੇ ਰੂਪਾਂ ਦੀ ਪੂਜਾ ਹੋ ਰਹੀ ਹੈ।

ਨੈਣਾਂ ਦੇਵੀ, ਦੁਰਗਾ ਦੇਵੀ, ਕਾਲੀ ਦੇਵੀ, ਲਖਮੀ ਦੇਵੀ, ਸਰਸਵਤੀ ਦੇਵੀ, ਵੈਸ਼ਨੋ ਦੇਵੀ, ਪਾਰਬਤੀ ਦੇਵੀ, ਇਤਿਆਦਿਕ ਅਨੇਕਾਂ ਰੂਪ ਇਸਤਰੀ ਦੇ ਪੂਜੇ ਜਾ ਰਹੇ ਹਨ।

ਇਸ ਦੇਸ ਵਿਚ ਕਿਧਰੇ ਇਸਤਰੀ ਲਿੰਗ ਤੇ ਕਿਧਰੇ ਪੁਰਸ਼ ਲਿੰਗ ਵੀ ਪੂਜੇ ਜਾਂਦੇ ਹਨ। ਸ਼ਿਵ ਲਿੰਗ ਦੀ ਪੂਜਾ ਆਮ ਪ੍ਰਚਲਿਤ ਹੈ। ਆਸਾਮ ਗੋਹਾਟੀ ਵਿਚ ਕੁਮੁਖੀਆ ਦੇਵੀ ਦੇ ਮੰਦਰ ਵਿਚ ਇਸਤਰੀ ਲਿੰਗ (ਭਗ) ਦੀ ਪੂਜਾ ਹੁੰਦੀ ਹੈ। ਐਸਾ ਇਸ ਦੇਸ਼ ਵਿਚ ਤਾਂ ਵਿਆਪਕ ਰੂਪ ਵਿਚ ਹੈ।

ਸਤਿਗੁਰੂ ਜੀ ਦੀ ਬਾਣੀ ਦਾ ਫ਼ੁਰਮਾਨ ਹੈ ਕਿ ਪਰਮਾਤਮਾ ਇਸਤਰੀ ਯਾ ਪੁਰਸ਼ ਨਹੀਂ ਹੈ:

**ਸੁੰਨ ਮੰਡਲ ਇਕੁ ਜੋਗੀ ਬੈਸੇ॥**
**ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥** *(ਧਨਾਸਰੀ ਮ: ੧, ਪੰਨਾ 685)*

ਉਹ ਕਿਸੇ ਦਾ ਪਤੀ ਨਹੀਂ ਤੇ ਉਸ ਦੀ ਕੋਈ ਨਾਰੀ ਨਹੀਂ ਹੈ:

**ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ,**
**ਸਰਬ ਨਿਰੰਤਰਿ ਰਵਿ ਰਹਿਆ॥** *(ਆਸਾ ਮਹਲਾ ੧, ਪੰਨਾ 350)*

ਉਹ ਇਸਤਰੀ, ਪੁਰਖ ਤੇ ਸਰਬ ਵਿਚ ਪ੍ਰਕਾਸ਼ ਰੂਪ ਵਿਚ ਵਿਆਪਕ ਹੈ:

**ਤ੍ਰਿਭਵਣ ਜੋਤਿ ਰਹੇ ਲਿਵ ਲਾਈ॥**
**ਸੁਰਿ ਨਰ ਨਾਥ ਸਚੇ ਸਰਣਾਈ॥** *(ਧਨਾਸਰੀ ਮਹਲਾ ੧, ਪੰਨਾ 685)*

ਉਹ ਇਕ ਜੋਤਿ ਹੈ, ਪ੍ਰਕਾਸ਼ ਹੈ। ਜੋ ਘਟਿ ਘਟਿ ਵਿਚ ਵਿਆਪਕ ਹੈ। ਨਾਮ-ਅਭਿਆਸ ਦੀ ਪੂਰਨਤਾ ਨਾਲ ਤੇ ਗੁਰੂ ਕ੍ਰਿਪਾ ਨਾਲ ਜਦ ਉਹ ਅਕਾਲ ਪੁਰਖ ਪ੍ਰਗਟ ਹੁੰਦਾ ਹੈ ਤਾਂ ਨਿਰਾ ਇਕ ਨੂਰ ਹੀ ਹੁੰਦਾ ਹੈ:

**ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ॥**
*(ਜੈਤਸਰੀ ਮ: ੫, ਪੰਨਾ 700)*

ਉਹ ਸਤਿ ਹੈ, ਪ੍ਰਕਾਸ਼ਮਾਨ ਹੈ। ਭਾਵ ਚਿਤ ਹੈ ਤੇ ਉਹ ਅਨੰਦ ਸਰੂਪ ਹੈ।

ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ:

**ਸਤਿ ਸੁਹਾਣੁ ਸਦਾ ਮਨਿ ਚਾਉ॥** *(ਜਪੁਜੀ)*

ਉਹ ਸਤਿ ਹੈ, ਅਤੀ ਸੁੰਦਰ ਹੈ। ਸਦੀਵੀ ਖਿੜਿਆ ਹੋਇਆ ਅਨੰਦ ਸਰੂਪ ਹੈ।

ਉਹ ਇਕ ਪਰਮ ਸ਼ਕਤੀ ਹੈ ਤੇ ਵਿਆਪਕ ਹੈ। ਇਸ ਵਾਸਤੇ ਜਿਥੇ ਵੀ ਉਸ ਦੀ ਆਰਾਧਨਾ ਕਰੀਏ, ਪ੍ਰਗਟ ਹੋ ਜਾਂਦਾ ਹੈ:

**ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥**
*(ਸੂਹੀ ਮਹਲਾ ੪, ਪੰਨਾ 733)*

ਹਰ ਥਾਂ 'ਤੇ ਮਦਦਗਾਰ ਉਹੀ ਹੋ ਸਕਦਾ ਹੈ, ਜੋ ਹਰ ਥਾਂ 'ਤੇ ਹੋਵੇ:

**ਤੂੰ ਸਭਨੀ ਥਾਈ ਜਿਥੈ ਹਉ ਜਾਈ,**
**ਸਾਚਾ ਸਿਰਜਣਹਾਰੁ ਜੀਉ॥** *(ਆਸਾ ਮਹਲਾ ੧, ਪੰਨਾ 438)*

**ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ॥** *(ਸਲੋਕ ਮ: ੧, ਪੰਨਾ 84)*

ਪਦਾਰਥ ਦੇ ਬੋਧ ਨਾਲ ਜੈਸੇ ਜੈਸੇ ਪਰਮਾਤਮਾ ਦਾ ਬੋਧ ਵਧੇਗਾ ਤਾਂ ਫਿਰ ਪਰਮਾਤਮਾ ਵਿਅਕਤੀ ਨਾ ਰਹਿ ਕੇ ਸ਼ਕਤੀ ਹੋਵੇਗਾ। ਉਹ ਮੂਲ ਰੂਪ ਵਿਚ ਨਿਰਾਕਾਰ ਭਾਸੇਗਾ। ਆਕਾਰ ਉਸ ਦੀ ਛਾਇਆ ਪ੍ਰਤੀਤ ਹੋਵੇਗੀ:

**ਮਹਾ ਮਾਇਆ ਤਾ ਕੀ ਹੈ ਛਾਇਆ॥** *(ਗੋਂਡ ਮਹਲਾ ੫, ਪੰਨਾ 868)*

•

# ਤੀਰਥ

ਜਿਥੋਂ ਨਦੀ ਪਾਰ ਕਰੀਏ, ਤਟ ਨੂੰ ਤੀਰਥ ਆਖਦੇ ਹਨ। ਭਵਸਾਗਰ ਤੋਂ ਪਾਰ ਹੋਣ ਦਾ ਜਿਥੋਂ ਉਪਰਾਲਾ ਕੀਤਾ ਜਾ ਸਕੇ, ਪਾਰ ਪਹੁੰਚਿਆ ਜਾ ਸਕੇ, ਉਹ ਤੀਰਥ ਹੈ। ਤੀਰਥਾਂ ਦਾ ਜਨਮ ਕਿਵੇਂ ਹੋਇਆ—ਇਸ ਸੰਬੰਧ ਵਿਚ ਹੀ ਲੇਖ ਲਿਖਿਆ ਹੈ।

ਸਾਰੇ ਤੀਰਥ ਮਹਾਂਪੁਰਸ਼ਾਂ ਨੇ ਹੀ ਬਣਾਏ ਹਨ। ਕਿਸੇ ਥਾਂ 'ਤੇ ਕੋਈ ਮਹਾਂਪੁਰਸ਼ ਪੈਦਾ ਹੋਇਆ ਹੈ ਤੇ ਕਿਸੇ ਥਾਂ ਕਿਸੇ ਕਰਨੀ ਵਾਲੇ ਦਾ ਅੰਤ ਹੋਇਆ ਹੈ ਤੇ ਕਿਧਰੇ ਬੈਠ ਕੇ ਕੋਈ ਜਪ ਤਪ ਕਰਦਾ ਸੀ, ਐਸੀਆਂ ਥਾਵਾਂ 'ਤੇ ਜਦ ਸ਼ਰਧਾਲੂਆਂ ਦੀ ਆਮਦ ਵਧਦੀ ਹੈ, ਭਜਨ ਤੇ ਸੇਵਾ ਦੇ ਜਦ ਪ੍ਰਵਾਹ ਚੱਲਦੇ ਹਨ ਤਾਂ ਉਸ ਥਾਂ ਦੀ ਪਵਿੱਤਰਤਾ ਹੋਰ ਵਧਦੀ ਹੈ। ਉਥੇ ਅਧਿਆਤਮਕ ਤਰੰਗਾਂ ਦਾ ਵਾਧਾ ਹੋ ਜਾਂਦਾ ਹੈ, ਜੋ ਹਰ ਵਿਅਕਤੀ ਨੂੰ ਪ੍ਰਭਾਵਿਤ ਕਰਦੀਆਂ ਹਨ ਤੇ ਮਨੁੱਖ ਸੁਤੇ-ਸਿੱਧ ਪਰਮਾਤਮਾ ਵਾਲੇ ਪਾਸੇ ਲੱਗਦਾ ਹੈ।

ਅਕਸਰ ਤੀਰਥ ਪਹਾੜਾਂ ਦੀਆਂ ਦੁਰਗਮ ਘਾਟੀਆਂ, ਦਰਿਆ ਯਾ ਸਰੋਵਰਾਂ ਦੇ ਕਿਨਾਰੇ ਹਨ। ਇਨ੍ਹਾਂ ਦਾ ਪ੍ਰਕ੍ਰਿਤਕ ਸੁੰਦਰਤਾ ਦਾ ਵਾਤਾਵਰਣ ਵੀ ਅਧਿਆਤਮਵਾਦੀ ਨੂੰ ਪ੍ਰਭੂ-ਮਿਲਣ ਦਾ ਹਿਲੋਰਾ ਦੇ ਜਾਂਦਾ ਹੈ। ਆਵਾਜਾਈ ਘੱਟ ਜਾਏ ਤੇ ਭਜਨ ਦੀ ਥਾਂ 'ਤੇ ਸਿਰਫ਼ ਫੋਕੇ ਕਰਮ-ਕਾਂਡ ਯਾ ਮਨੋਰੰਜਕ ਬਿਰਤੀਆਂ ਰਹਿ ਜਾਣ ਤਾਂ ਸਹਿਜੇ ਸਹਿਜੇ ਅਧਿਆਤਮ ਤਰੰਗਾਂ ਆਪਣੀ ਹੋਂਦ ਖੋਹ ਬੈਠਦੀਆਂ ਹਨ ਤੇ ਇਸ ਤਰ੍ਹਾਂ ਤੀਰਥ ਕੇਵਲ ਨਾਮ-ਮਾਤਰ ਰਹਿ ਜਾਂਦਾ ਹੈ।

ਜਦ ਮਨੁੱਖ ਦੀਆਂ ਲੋੜਾਂ ਥੋੜੀਆਂ ਸਨ ਤੇ ਜੀਵਨ ਬਹੁਤ ਸਾਦਾ ਸੀ, ਤਾਂ ਅਕਸਰ ਮਨੁੱਖ ਅੱਧਖੜ ਉਮਰ ਵਿਚ ਤੀਰਥਾਂ ਦੀ ਯਾਤਰਾ 'ਤੇ ਚੱਲ ਪੈਂਦਾ ਸੀ ਤੇ ਧਰਮ ਉਪਦੇਸ਼ਕਾਂ ਵੱਲੋਂ ਤੀਰਥਾਂ 'ਤੇ ਜਾਣਾ ਲਾਜ਼ਮੀ ਵੀ ਕੀਤਾ ਹੋਇਆ ਸੀ, ਤਾਕਿ ਮਨੁੱਖ ਘਰ-ਗ੍ਰਹਿਸਤੀ ਤੋਂ ਫ਼ੁਰਸਤ ਹੋ ਆਪਣਾ ਧਿਆਨ ਪਰਮਾਤਮਾ ਵੱਲ ਲਾਵੇ। ਇਹ ਤਾਂ ਸਪੱਸ਼ਟ ਹੈ ਕਿ ਤੀਰਥ ਸਾਰੇ ਮਹਾਂਪੁਰਸ਼ਾਂ ਨੇ ਹੀ ਪੈਦਾ ਕੀਤੇ ਹਨ ਤੇ ਉਨ੍ਹਾਂ ਦੇ ਕਿਸੇ ਨਾ ਕਿਸੇ ਜੀਵਨ ਚਰਿਤ੍ਰ ਨਾਲ ਸੰਬੰਧਿਤ ਹਨ।

ਜਦ ਤੀਰਥਾਂ ਦੇ ਜਨਮ ਦਾਤੇ ਮਹਾਂਪੁਰਸ਼ ਹਨ, ਗੁਰਮਤਿ ਤੇ ਅਨਮਤਿ ਦੇ ਸਾਰੇ ਤੀਰਥ ਮਹਾਂਪੁਰਖਾਂ ਦੀ ਦੇਣ ਹਨ। ਰਾਇ ਭੋਇ ਦੀ ਤਲਵੰਡੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਨਨਕਾਣਾ ਸਾਹਿਬ ਬਣੀ। ਪਾਟਲੀ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਨਾਲ ਪਟਨਾ ਸਾਹਿਬ ਤੇ ਨਾਂਦੇੜ ਵਿਚ ਜੋਤੀ ਜੋਤਿ ਸਮਾਉਣ ਨਾਲ ਹਜ਼ੂਰ ਸਾਹਿਬ ਬਣਿਆ।

ਗੁਰੂ ਅਮਰਦਾਸ ਜੀ ਦੀ ਕਰਨੀ ਦੇ ਗੀਤ ਗਾ ਰਿਹਾ ਹੈ ਸ੍ਰੀ ਗੋਇੰਦਵਾਲ :

**ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ ॥**

*(ਸਵੱਯੇ ਮਹਲੇ ਚਉਥੇ ਕੇ, ਪੰਨਾ 1400)*

ਧਰਤੀ ਦੇ ਸਿਰਮੌਰ ਤੀਰਥ ਦੇ ਜਨਮ-ਦਾਤੇ ਹਨ—ਧੰਨ ਸ੍ਰੀ ਗੁਰੂ ਰਾਮਦਾਸ ਜੀ!

ਤਾਰਨ ਵਾਲੇ ਤੀਰਥ ਤਰਨ ਤਾਰਨ ਨੂੰ ਗੁਰੂ ਅਰਜਨ ਦੇਵ ਜੀ ਨੇ ਬਣਾਇਆ ਹੈ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਨਾਲ ਛੋਟਾ ਪਿੰਡ ਵਡਾਲੀ, ਵਡਾਲੀ ਸਾਹਿਬ ਬਣਿਆ। ਸਤਵੇਂ ਪਾਤਸ਼ਾਹ ਦੀ ਚਰਨ ਛੋਹ ਨੇ ਕੀਰਤੀ ਦੇ ਘਰ ਕੀਰਤਪੁਰ ਸਾਹਿਬ ਪੈਦਾ ਕੀਤਾ। ਮਨੁੱਖੀ ਸੂਰਤ ਨੂੰ ਗਗਨ ਮੰਡਲ ਵਿਚ ਪਹੁੰਚਾਣ ਵਾਲੇ ਨੇ ਬੰਗਲੇ ਨੂੰ ਪਵਿੱਤਰ ਕਰ, ਬੰਗਲਾ ਸਾਹਿਬ ਬਣਾਇਆ। ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਦਾ ਇਹ ਅਸਥਾਨ ਹਜ਼ਾਰਾਂ ਲੋਕਾਂ ਨੂੰ ਰੋਜ਼ ਆਤਮਿਕ ਸ਼ਾਂਤੀ ਤੇ ਸਰੀਰਕ ਤੰਦਰੁਸਤੀ ਦੇ ਰਿਹਾ ਹੈ।

ਤਿਆਗ ਮੱਲ ਨੇ ਜਿਥੇ ਸਭ ਕੁਝ ਤਿਆਗ, ਆਪਣੇ ਆਪ ਨੂੰ ਪ੍ਰਭੂ ਸਮਰਪਿਤ ਕੀਤਾ, ਉਹ ਥਾਂ ਬਾਬਾ ਬਕਾਲਾ ਸਾਹਿਬ ਕਹਿਲਾਈ ਤੇ ਜਿਥੇ ਧਰਮ ਤੇ ਸੱਚ ਦੀ ਖ਼ਾਤਰ ਆਪਣੇ ਤਨ ਨੂੰ ਕੁਰਬਾਨ ਕਰ ਦਿੱਤਾ, ਉਹ ਪਵਿੱਤਰ ਥਾਂ ਸੀਸ ਗੰਜ ਸਾਹਿਬ ਕਹਿਲਾਈ।

ਅਨੰਦ ਦੇ ਜਨਮ ਦਾਤੇ ਨੇ ਨਗਰ ਵਸਾ, ਅਨੰਦ ਦਾ ਪੁਰ ਹੀ ਬਣਾ ਦਿੱਤਾ।

ਤੀਰਥਾਂ ਦੀ ਹੋਂਦ ਮਹਾਂਪੁਰਸ਼ਾਂ ਦੇ ਚਰਨ-ਰਜ ਤੋਂ ਹੈ, ਇਸ ਵਾਸਤੇ ਤੀਰਥ ਨਹੀਂ, ਹਰੀਦਾਸ ਦੇ ਦਾਸ ਵੱਡੇ ਹਨ :

**ਕਹਿ ਕਬੀਰ ਹਉ ਭਇਆ ਉਦਾਸੁ ॥**
**ਤੀਰਥੁ ਬਡਾ ਕਿ ਹਰਿ ਕਾ ਦਾਸੁ ॥** *(ਗਉੜੀ ਕਬੀਰ, ਪੰਨਾ 331)*

ਭਜਨ ਬੰਦਗੀ ਦਾ ਸਭ ਤੋਂ ਬਹੁਤਾ ਅਸਰ ਪਾਣੀ ਤੇ ਮਿੱਟੀ (ਖ਼ਾਕ) 'ਤੇ ਪੈਂਦਾ ਹੈ। ਭਜਨ ਤੋਂ ਉਠੀਆਂ ਤਰੰਗਾਂ ਪਾਣੀ ਤੇ ਖ਼ਾਕ ਨੂੰ ਜ਼ਿਆਦਾ ਪ੍ਰਭਾਵਿਤ ਕਰਦੀਆਂ ਹਨ। ਬਾਣੀ ਨਾਮ ਦੀਆਂ ਤਰੰਗਾਂ ਨਾਲ ਪਾਣੀ ਅੰਮ੍ਰਿਤ ਬਣ

ਜਾਂਦਾ ਹੈ। ਔਰ ਖ਼ਾਕ ਇਤਨੀ ਮਹਾਨ ਹੁੰਦੀ ਹੈ ਕਿ ਮੱਥੇ 'ਤੇ ਲਾਉਣ ਨਾਲ ਮਸਤਕ ਰੌਸ਼ਨ ਹੋ ਜਾਂਦਾ ਹੈ।

ਜਿਥੇ ਬੈਠ ਕੋਈ ਗੁਰੂ ਸ਼ਬਦ ਦਾ ਜਾਪ ਕਰ, ਸ਼ਬਦ ਵਿਚ ਸਮਾ ਜਾਵੇ, ਉਨ੍ਹਾਂ ਮਹਾਂਪੁਰਸ਼ਾਂ ਦੇ ਚਰਨਾਂ ਦੀ ਖ਼ਾਕ ਤੋਂ ਕਰੋੜਾਂ ਗੰਗਾ ਕੁਰਬਾਨ ਕੀਤੀਆਂ ਜਾ ਸਕਦੀਆਂ ਹਨ:

**ਚਰਣੋਦਕੁ ਹੋਇ ਸੁਰਸਰੀ ਤਜਿ ਬੈਕੁੰਠ ਧਰਤਿ ਵਿਚਿ ਆਈ॥**
**ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ॥**
**ਤਿਹੁ ਲੋਈ ਪਰਵਾਣੁ ਹੈ ਮਹਾਦੇਵ ਲੈ ਸੀਸ ਚੜ੍ਹਾਈ॥**
**ਦੇਵੀ ਦੇਵ ਸਰੇਵਦੇ ਜੈ ਜੈ ਕਾਰ ਵਡੀ ਵਡਿਆਈ॥**
**ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ॥**
**ਸਾਧੂ ਧੂੜਿ ਦੁਲੰਭ ਹੈ ਸਾਧ ਸੰਗਤਿ ਸਤਿਗੁਰੁ ਸਰਣਾਈ॥**
**ਚਰਣ ਕਵਲ ਦਲ ਕੀਮ ਨ ਪਾਈ॥**

*(ਭਾਈ ਗੁਰਦਾਸ ਜੀ, ਵਾਰ 23, ਪਉੜੀ 4)*

ਤਾਂ ਤੇ ਗੋਬਿੰਦ ਦਾ ਨਾਮ ਹੀ ਹਕੀਕਤ ਵਿਚ ਗੰਗਾ ਜਲ ਹੈ:

**ਗੰਗਾ ਜਲੁ ਗੁਰ ਗੋਬਿੰਦ ਨਾਮ॥**
**ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ॥**

*(ਭੈਰਉ ਮ: ੫, ਪੰਨਾ 1137)*

ਭਾਈ ਨੰਦ ਲਾਲ ਜੀ ਤਾਂ ਆਪਣੀ ਇੱਕੋ ਹੀ ਤਮੰਨਾ ਦੱਸਦੇ ਹਨ ਕਿ ਜਿਸ ਰਸਤੇ ਵਿੱਚੋਂ ਰੰਗ-ਰਤੜਾ ਸਿੱਖ ਲੰਘ ਰਿਹਾ ਹੋਵੇ, ਹੇ ਗੁਰੂ! ਉਸ ਰਸਤੇ ਦੀ ਧੂੜ ਮੈਨੂੰ ਬਣਾ ਦੇ, ਤਾਕਿ ਮੈਂ ਵੀ ਮੱਥੇ 'ਤੇ ਲਾਵਣ ਜੋਗਾ ਹੋ ਜਾਵਾਂ:

*ਸ਼ਵਦ ਕੁਰਬਾਨਿ ਖ਼ਾਕਿ ਰਾਹਿ ਸੰਗਤ।*
*ਦਿਲਿ ਗੋਇਆ ਹਮੀਂ ਬਸ ਆਰਜ਼ੂ ਕਰਦ।* *(ਭਾਈ ਨੰਦ ਲਾਲ ਜੀ)*

ਨਾਮ ਬਾਣੀ ਦੇ ਜਪ ਦੀਆਂ ਤਰੰਗਾਂ ਧੂੜ ਨਾਲੋਂ ਪਾਣੀ ਨੂੰ ਜ਼ਿਆਦਾ ਪ੍ਰਭਾਵਿਤ ਕਰਦੀਆਂ ਹਨ। ਪਾਣੀ ਤਰਲ ਹੈ ਤੇ ਤਰੰਗਾਂ ਨੂੰ ਆਪਣੇ ਵਿਚ ਸਮੋ ਲੈਂਦਾ ਹੈ। ਪੰਜ ਪਿਆਰੇ ਪੰਜ ਬਾਣੀਆਂ ਦਾ ਪਾਠ ਪਾਣੀ ਵਿਚ ਦ੍ਰਿਸ਼ਟੀ ਰੱਖ ਕੇ ਕਰਦੇ ਹਨ, ਬਾਣੀ ਦੇ ਸਪਰਸ਼ ਨਾਲ ਪਾਣੀ ਅੰਮ੍ਰਿਤ ਬਣ ਜਾਂਦਾ ਹੈ।

ਦੁਨੀਆ ਅੰਦਰ ਵਾਹਿਦ ਇਕ ਸਰੋਵਰ ਹੈ, ਜਿਸ ਵਿਚ ਅੱਠੇ ਪਹਿਰ ਬਾਣੀ ਦੀਆਂ ਤਰੰਗਾਂ ਜਜ਼ਬ ਹੁੰਦੀਆਂ ਰਹਿੰਦੀਆਂ ਹਨ।

ਸੋ ਇੱਕੋ ਇਕ ਇਹ ਸਰੋਵਰ ਹੈ, ਜੋ ਅੰਮ੍ਰਿਤ ਹੈ—ਅੰਮ੍ਰਿਤਸਰ ਹੈ ਔਰ ਦੁਨੀਆ ਦਾ ਇਹ ਇੱਕੋ ਇਕ ਮੰਦਿਰ ਹੈ, ਜਿਸ ਵਿਚ ਅੱਠੇ ਪਹਿਰ ਪ੍ਰਭੂ ਗੀਤਾਂ ਦੀ ਗੁੰਜਾਰ ਉਠਦੀ ਰਹਿੰਦੀ ਹੈ।

ਕਵੀ ਗੁਵਾਲ ਨੇ ਤਾਂ ਆਖਿਆ ਸੀ ਕਿ ਮੈਂ ਅੰਮ੍ਰਿਤਸਰ ਤੋਂ ਬੈਕੁੰਠ ਨੂੰ ਕੁਰਬਾਨ ਕਰਦਾ ਹਾਂ, ਕਿਉਂਕਿ ਬੈਕੁੰਠ ਵਿਚ ਤਾਂ ਸਿਰਫ਼ ਅੰਮ੍ਰਿਤ ਦਾ ਕੁੰਭ ਹੈ, ਜੋ ਸੰਸਾਰ ਦੇ ਤਿਆਗੀਆਂ ਨੂੰ ਉਪਲਬਧ ਹੈ, ਪਰ ਇਥੇ ਤਾਂ ਅੰਮ੍ਰਿਤ ਦਾ ਸਰੋਵਰ ਹੈ, ਇਹ ਗੁਰੂ ਤੇ ਹਰੀ ਦਾ ਮੰਦਿਰ ਹੈ:

*ਰਾਜੈ ਸੁਰ ਊਹਾਂ ਤੇ ਈਹਾਂ ਸਾਧੂ ਸੁਰਿ ਰਾਜੈ ਸਦਾ,*
*ਸੁਧਾ ਹੈ ਊਹਾਂ ਤੇ ਈਹਾਂ ਸੁਧਾ ਸਰ ਦਰਸ ਹੈ।*
*ਪਾਨ ਕੀਏ ਵਾਕਿ ਹੋਤ ਅਮਰੁ ਸੁ ਮਰਹੂੰ ਕੇ,*
*ਜੀਵਨ ਮੁਕਤ ਯਹਿ ਸਭ ਕੋ ਪਰਸ ਹੈ।*
*ਗੁਵਾਲ ਕਵਿ ਯੋਗਿਨ ਕੋ ਦੁਰਲਭ ਕਹਾਂ ਹੈ ਵੋਹੁ,*
*ਯੋਗੀ ਭੋਗੀ ਦੋਊਨ ਕੋ ਹੋਤ ਈਹਾਂ ਹਰਸ਼ ਹੈ।*
*ਊਹਾਂ ਹਰੀ ਮੰਦਰ ਈਹਾਂ ਹਰੀ ਗੁਰੂ ਮੰਦਰ,*
*ਯਾਂਤੇ ਗੁਰਿ ਪੁਰ ਸਰ ਪੁਰ ਤੇ ਸਰਸ ਹੈ।*

ਈਸ਼ਵਰੀ ਚਿੰਤਨ, ਭਗਤੀ-ਭਾਵ ਤੇ ਸਿਫ਼ਤਿ-ਸਾਲਾਹ ਦੇ ਕੇਂਦਰ ਦਾ ਨਾਮ ਹੈ, ਅੰਮ੍ਰਿਤਸਰ:

**ਅੰਮ੍ਰਿਤ ਸਰੁ ਸਿਫਤੀ ਦਾ ਘਰੁ॥** *(ਮਹਲਾ ੩, ਪੰਨਾ 1412)*

ਇਸ ਦੀਆਂ ਪਾਵਨ ਤਰੰਗਾਂ, ਮਾਹੌਲ, ਅੰਮ੍ਰਿਤ ਸਰੋਵਰ ਤੇ ਅੱਠੇ ਪਹਿਰ ਗੁਰਬਾਣੀ ਗੀਤ ਦੀਆਂ ਗੁੰਜਾਰਾਂ ਵੇਖ ਕੇ ਹੀ ਆਖਿਆ ਗਿਆ ਹੈ:

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥** *(ਫੁਨਹੇ ਮਹਲਾ ੫, ਪੰਨਾ 1362)*

ਸਰੀਰ ਦੀ ਜ਼ਿੰਦਗੀ ਸਵਾਸਾਂ ਦਾ ਚੱਲਣਾ ਹੈ। ਤੀਰਥ ਦਾ ਜੀਵਨ ਭਜਨ ਕੀਰਤਨ ਦਾ ਚੱਲਦੇ ਰਹਿਣਾ ਹੈ। ਧਰਤੀ 'ਤੇ ਅਨੇਕਾਂ ਤੀਰਥ ਮੁਰਦਾ ਹੋ ਚੁੱਕੇ ਹਨ। ਹੁਣ ਉਥੇ ਰੂਹਾਨੀ ਜੀਵਨ ਦੀ ਪ੍ਰੇਰਨਾ ਨਹੀਂ ਮਿਲਦੀ, ਕਿਉਂਕਿ ਨਾਮ-ਭਜਨ, ਨਾਮ-ਕੀਰਤਨ ਤੀਰਥ ਦੀ ਜ਼ਿੰਦਗੀ ਦਾ ਭਜਨ ਪਾਠ ਹੈ।

ਜਿਥੇ ਜ਼ਿੰਦਗੀ ਹੈ, ਉਥੇ ਖ਼ਤਰਾ ਵੀ ਹੈ। ਕਬਰਾਂ ਨੂੰ, ਮੁਰਦਿਆਂ ਨੂੰ ਕੋਈ ਖ਼ਤਰਾ ਨਹੀਂ। ਜੀਂਵਦੇ ਜਾਗਦੇ ਬੰਦੇ ਨੂੰ ਬੀਮਾਰੀ ਦਾ, ਮੌਤ ਦਾ ਤੇ ਹੋਰ ਕਈ ਪ੍ਰਕਾਰ ਦੀਆਂ ਦੁਖਿਤ ਘਟਨਾਵਾਂ ਦਾ ਖ਼ਤਰਾ ਹੈ, ਪਰ ਮੁਰਦੇ ਨੂੰ ਕੋਈ ਖ਼ਤਰਾ ਨਹੀਂ। ਫੁੱਲ ਨੂੰ ਖ਼ਤਰਾ ਹੈ, ਕੰਡਿਆਂ ਨੂੰ ਕੋਈ ਖ਼ਤਰਾ ਨਹੀਂ। ਜਗਦੇ ਹੋਏ ਦੀਪਕ ਨੂੰ ਤਾਂ ਖ਼ਤਰਾ ਹੈ, ਪਰ ਬੁਝੇ ਹੋਏ ਦੀਵੇ ਨੂੰ ਕੀ ਖ਼ਤਰਾ ਹੈ?

ਇਸੇ ਤਰ੍ਹਾਂ ਜੋ ਵਿਅਕਤੀ, ਜੋ ਫੁੱਲ, ਜੋ ਦੀਵਾ, ਜੋ ਤੀਰਥ ਜਿਤਨਾ ਜ਼ਿਆਦਾ ਜ਼ਿੰਦਾ ਹੈ, ਉਤਨਾ ਹੀ ਖ਼ਤਰੇ ਵਿਚ ਹੈ। ਅੰਮ੍ਰਿਤਸਰ ਤੇ ਹਰਿਮੰਦਰ 'ਤੇ ਬਾਰ ਬਾਰ ਹਮਲੇ ਹੋਏ। ਬਾਰ ਬਾਰ ਇਸ ਦੇ ਜੀਵਨ ਨੂੰ ਨਸ਼ਟ ਕਰਨ ਦੀ

ਕੋਸ਼ਿਸ਼ ਕੀਤੀ ਗਈ, ਪਰ ਜਿਸ ਦੀਵੇ ਨੂੰ ਹਵਾ ਹੀ ਰੌਸ਼ਨੀ ਦੇਵੇ, ਹਵਾ ਦੇ ਝੌਂਕੇ ਜਿਸ ਦੇ ਤੇਜ ਨੂੰ ਵਧਾ ਦੇਣ, ਉਸ ਦੀਪਕ ਨੂੰ ਬੁਝਾਉਣਾ ਬਹੁਤ ਮੁਸ਼ਕਿਲ ਹੈ:

*ਫ਼ਾਨੂਸ ਬਨ ਕੇ ਜਿਸ ਕੀ ਹਿਫ਼ਾਜ਼ਤ ਹਵਾ ਕਰੇ।*
*ਵੋ ਸ਼ਮ੍ਹਾ ਕਯਾ ਬੁਝੇ ਜਿਸੇ ਰੌਸ਼ਨ ਖ਼ੁਦਾ ਕਰੇ।*

ਗੁਰੂ ਦੀ ਬਖ਼ਸ਼ਿਸ਼ ਦੈਵੀ ਸ਼ਕਤੀ ਜੋ ਨਾਮ-ਬਾਣੀ ਦੇ ਪ੍ਰਵਾਹ ਨਾਲ ਬਣੀ ਹੋਈ ਹੈ, ਪਰਲੈ ਪ੍ਰਯੰਤ ਇਹ ਤੀਰਥ ਭਵਸਾਗਰ ਤੋਂ ਪਾਰ ਹੋਣ ਦਾ ਜੀਵਾਂ ਲਈ ਇਕ ਵਾਹਿਦ ਵਸੀਲਾ ਬਣਿਆ ਰਹੇਗਾ, ਕਿਉਂਕਿ ਇਸ ਦੀ ਬਣਤਰ ਵਿਧਾਤੇ ਨੇ ਕੀਤੀ ਹੈ:

**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥**

ਗੋਬਿੰਦ ਦਾ ਨਾਮ ਉਹ ਅੰਮ੍ਰਿਤ ਹੈ, ਜੋ ਜਲ ਸਪਰਸ਼ ਕਰਦਿਆਂ ਅੰਮ੍ਰਿਤ ਕਰ ਦੇਂਦਾ ਹੈ।

ਸੰਸਾਰ ਦੇ ਸਾਰੇ ਧਰਮਾਂ ਵਿਚ ਚਰਨਾਮ੍ਰਿਤ ਯਾ ਜਲ ਦੀਆਂ ਚੁਲੀਆਂ ਲੈਣੀਆਂ, ਪਵਿੱਤਰ ਜਲ ਨੂੰ ਬੋਤਲਾਂ ਵਿਚ ਭਰ ਕੇ ਰੱਖਣਾ ਪ੍ਰਚਲਿਤ ਹੈ। ਅਕਾਲ ਪੁਰਖ ਦਾ ਨਾਮ ਅਤੀ ਸੂਖਮ ਤਰੰਗਾਂ ਪੈਦਾ ਕਰਦਾ ਹੈ। ਸੂਖਮ ਤਰੰਗਾਂ ਹੀ ਜਲ ਨੂੰ ਸਪਰਸ਼ ਕਰ ਸਕਦੀਆਂ ਹਨ।

•

# ਕਰਾਮਾਤ (ਸਿੱਧੀ)

ਧਾਰਮਿਕ ਦੁਨੀਆ ਅੰਦਰ ਆਦਿ ਕਾਲ ਤੋਂ ਕਰਾਮਾਤ ਦੀ ਚਰਚਾ ਚੱਲੀ ਹੈ। ਕਰਾਮਾਤ ਦਾ ਹੋਣਾ ਹੀ ਧਾਰਮਿਕ ਹੋਣ ਦਾ ਚਿੰਨ੍ਹ ਮੰਨਿਆ ਗਿਆ ਹੈ, ਉਹ ਕੰਮ ਜੋ ਆਮ ਮਨੁੱਖ ਦੀ ਪਹੁੰਚ ਤੋਂ ਪਰੇ ਹੋਵੇ, ਉਹ ਕਰਾਮਾਤ ਆਖੀ ਗਈ ਹੈ। ਸਾਰਾ ਧਾਰਮਿਕ ਇਤਿਹਾਸ ਤਰ੍ਹਾਂ ਤਰ੍ਹਾਂ ਦੀਆਂ ਕਰਾਮਾਤਾਂ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ। ਇਹ ਤਾਂ ਠੀਕ ਹੈ ਕਿ ਅਕਾਲ ਪੁਰਖ ਇਕ ਪਰਮ ਸ਼ਕਤੀ ਹੈ ਤੇ ਉਸ ਪਰਮ ਸ਼ਕਤੀ ਨਾਲ ਜੁੜਨ ਵਾਲਾ ਕਮਜ਼ੋਰ ਨਹੀਂ ਹੁੰਦਾ, ਉਹ ਵੀ ਸ਼ਕਤੀਸ਼ਾਲੀ ਹੋ ਜਾਂਦਾ ਹੈ।

ਕਿਸੇ ਵਿਸ਼ੇਸ਼ ਮੰਤਰ ਦਾ ਜਾਪ ਉਸ ਮੰਤਰ ਦੀ ਵਿਧੀ ਮੁਤਾਬਿਕ ਕਰਨ ਨਾਲ ਮੰਤਰ ਸਿੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ, ਲੇਕਿਨ ਇਸ ਨਾਲ ਹਿਰਦੇ ਦੀ ਸ਼ੁੱਧੀ ਨਹੀਂ ਹੁੰਦੀ। ਮੰਤਰ ਜਪ ਕਿਸੇ ਕਾਮਨਾ ਅਧੀਨ ਕਰਨ ਨਾਲ ਤੇ ਮੰਤਰ ਵਿਚ ਧਿਆਨ ਦੇ ਜੁੜਨ ਨਾਲ ਕੋਈ ਵਿਸ਼ੇਸ਼ ਸਿੱਧੀ ਹੱਥ ਆ ਜਾਂਦੀ ਹੈ। ਉਹ ਇਹ ਸਿੱਧੀਆਂ ਮਲੀਨ ਹਿਰਦਿਆਂ ਨੂੰ ਵੀ ਪ੍ਰਾਪਤ ਹੋ ਜਾਂਦੀਆਂ ਹਨ। ਸਿੱਧ ਲੋਕਾਂ ਦਾ ਕ੍ਰੋਧਿਤ ਹੋ ਕੇ ਸਰਾਪ ਦੇਣਾ, ਪਰ-ਨਾਰੀ ਗਮਨ ਕਰਨਾ, ਦੂਜੇ ਨੂੰ ਆਪਣੇ ਅਧੀਨ ਕਰਨ ਲਈ ਸਿੱਧੀ ਦਾ ਪ੍ਰਯੋਗ ਕਰਨਾ, ਦੂਜੇ ਦੇ ਅੰਦਰ ਪ੍ਰਵੇਸ਼ ਕਰ ਕੇ ਆਪਣਾ ਕਾਰਜ ਸਾਰਨਾ, ਇਤਿਆਦਿਕ ਘਟਨਾਵਾਂ ਹਿਰਦੇ ਦੇ ਅਸ਼ੁੱਧ ਹੋਣ ਦੀ ਸੂਚਨਾ ਦੇਂਦੀਆਂ ਹਨ।

ਗੁਰੂ ਨਾਨਕ ਦੇਵ ਜੀ 'ਤੇ ਸਿੱਧ ਆਪਣਾ ਅਸਰ ਪਾਉਣ ਲਈ ਤਰ੍ਹਾਂ ਤਰ੍ਹਾਂ ਦੀਆਂ ਕਰਾਮਾਤਾਂ ਵਿਖਾਂਦੇ ਰਹੇ। ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਬਾਲ ਰੂਪ ਜਾਣ, ਭਰਮਾਣ ਦੀ ਕੋਸ਼ਿਸ਼ ਕੀਤੀ। ਖੱਪਰ ਦੇ ਕੇ ਆਖਿਆ ਕਿ ਪਾਣੀ ਭਰ ਲਿਆਵੋ, ਪਰ ਸਰੋਵਰ ਵਿਚ ਪਾਣੀ ਦੀ ਥਾਂ ਰਤਨ ਜਵਾਹਰਾਤ ਨੂੰ ਵੇਖ ਸਤਿਗੁਰੂ ਜੀ ਵਾਪਸ ਆ ਗਏ ਤੇ ਕਹਿਣ ਲੱਗੇ ਕਿ ਸਿੱਧੋ! ਉਥੇ ਪਾਣੀ ਨਹੀਂ ਹੈ :

**ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ॥**
**ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ॥**

**ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ॥**
**ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ॥**
**ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ॥**
**ਫਿਰ ਆਇਆ ਗੁਰ ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ॥**
**ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ॥**
**ਕਲਿਜੁਗਿ ਨਾਨਕ ਨਾਮੁ ਸੁਖਾਲਾ॥੩੧॥**

*(ਭਾਈ ਗੁਰਦਾਸ ਜੀ, ਵਾਰ 1, ਪਉੜੀ 31)*

ਮੌਜੂਦਾ ਦੌਰ ਵਿਚ ਕੋਈ ਆਪਣੇ ਕੇਸਾਂ ਤੋਂ ਰਾਖ ਨਿਕਾਲ ਕੇ ਹੱਥ ਵਿਚ ਘੜੀਆਂ ਤੇ ਬਾਕੀ ਪਦਾਰਥ ਪ੍ਰਗਟ ਕਰ ਕੇ ਕਰਾਮਾਤਾਂ ਵਿਖਾਣ ਦਾ ਯਤਨ ਕਰ ਰਹੇ ਹਨ। ਕੁਛ ਸਦੀਆਂ ਪਹਿਲੇ ਮੰਤਰਾਂ ਦੇ ਜਾਪ ਨਾਲ ਬੀਮਾਰੀਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਂਦਾ ਸੀ।

ਚੇਚਕ ਮਿਆਦੀ ਬੁਖ਼ਾਰ ਨੂੰ ਵਿਸ਼ੇਸ਼ ਮੰਤਰਾਂ ਦੇ ਜਾਪ ਨਾਲ ਦੂਰ ਕਰ ਦਿੱਤਾ ਜਾਂਦਾ ਸੀ। ਬਿੱਛੂ, ਸਰਪ ਦੇ ਡੰਗ ਦਾ ਇਲਾਜ ਵੀ ਵਿਸ਼ੇਸ਼ ਤਰ੍ਹਾਂ ਦੇ ਮੰਤਰਾਂ ਨਾਲ ਕੀਤਾ ਜਾਂਦਾ ਸੀ। ਸਰਪ ਦੀ ਜ਼ਹਿਰ ਉਤਾਰਨ ਵਾਲਾ ਮੰਤਰ ਗਾਰੜੀ ਮੰਤਰ ਕਹਿਲਾਂਦਾ ਸੀ।

'ਗਾਥਾ' ਨਾਮਕ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਫ਼ੁਰਮਾਂਦੇ ਹਨ ਕਿ ਗਾਰੜੀ ਮੰਤਰ ਦੇ ਜਾਪ ਨਾਲ ਸੱਪ ਨੂੰ ਦੰਦਾਂ ਤੋਂ ਬਿਨਾਂ ਕਰ ਦਿੱਤਾ ਜਾਂਦਾ ਹੈ। ਕੋਈ ਵਿਰਲਾ ਹੀ ਸੰਤ ਐਸਾ ਹੈ, ਜੋ ਮਨ ਵਿੱਚੋਂ ਹਉਮੈ ਦੀ ਜ਼ਹਿਰ ਕੱਢੇ :

**ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ॥**
**ਬ੍ਯਾਧਿ ਉਪਾੜਣ ਸੰਤੰ॥**
**ਨਾਨਕ ਲਬਧ ਕਰਮਣਹ॥** *(ਮਹਲਾ ੫, ਗਾਥਾ, ਪੰਨਾ 1361)*

ਦਾੜ੍ਹ ਦੀ ਪੀੜ ਤੇ ਇਸ ਤਰ੍ਹਾਂ ਦੇ ਅਨੇਕਾਂ ਰੋਗ ਤੇ ਔਕੜਾਂ ਦੇ ਮੰਤਰ ਹਨ। ਜੋ ਮੰਤਰ ਜਪ ਕੇ ਮੰਤਰ ਸਿੱਧ ਕਰ ਲੈਂਦਾ ਹੈ, ਉਸ ਨੂੰ ਮੰਤਰੀ (ਮਾਂਦਰੀ) ਆਖਿਆ ਜਾਂਦਾ ਹੈ। ਇਕ ਮੰਤਰ ਇਕ ਰੋਗ 'ਤੇ ਕੰਮ ਕਰਦਾ ਸੀ ਤੇ ਉਸ ਇਕ ਮੰਤਰ ਨੂੰ ਸਿੱਧ ਕਰਨ ਲਈ ਕਈ ਸਾਲ ਜਪ ਕਰਨਾ ਪੈਂਦਾ ਸੀ। ਮਾਮੂਲੀ ਮਾਮੂਲੀ ਰੋਗਾਂ ਨੂੰ ਦੂਰ ਕਰਨ ਲਈ ਜੀਵਨ ਦੇ ਕਈ ਸਾਲ ਮੰਤਰ ਸਿੱਧੀ ਵਿਚ ਲੱਗ ਜਾਂਦੇ ਸਨ।

ਅਕਾਲ ਪੁਰਖ ਦਾ ਨਾਮ ਮੰਤਰਾਂ ਵਿੱਚੋਂ ਸਿਰਮੌਰ ਮੰਤਰ ਹੈ :

**ਨਮੋ ਮੰਤ੍ਰ ਮੰਤ੍ਰੇ॥ ਨਮੋ ਜੰਤ੍ਰ ਜੰਤ੍ਰੇ॥** *(ਜਾਪੁ)*

ਪਾਣੀ 'ਤੇ ਚੱਲਣਾ, ਅੱਗ ਖਾ ਲੈਣੀ, ਉਮਰ ਵੱਡੀ ਕਰ ਲੈਣੀ ਤੇ ਗਗਨ ਮੰਡਲ ਵਿਚ ਸੂਖਮ ਬਣ ਕੇ ਉੱਡਣਾ, ਇਹ ਆਮ ਪ੍ਰਚਲਿਤ ਸਿੱਧੀਆਂ ਸਨ।

ਇਨ੍ਹਾਂ ਸਿੱਧੀਆਂ ਦੇ ਆਸਰੇ 'ਤੇ ਜਗਤ ਪੂਜਦਾ ਸੀ। ਗੁਰੂ ਗੋਬਿੰਦ ਸਿੰਘ ਜੀ ਪਾਣੀ 'ਤੇ ਚੱਲਣ ਵਾਲੇ ਨੂੰ ਜਲ ਜੁਲਾਹਾ (ਗੰਗੇਰੀ) ਆਖਦੇ ਹਨ, ਇਕ ਤਰ੍ਹਾਂ ਦਾ ਪਾਣੀ 'ਤੇ ਚੱਲਣ ਵਾਲਾ ਛੋਟਾ ਜਾਨਵਰ। ਜ਼ਿੰਦਗੀ ਦਾ ਅੱਧਾ ਭਾਗ ਇਨ੍ਹਾਂ ਫੋਕੀਆਂ ਸਿੱਧੀਆਂ ਹਾਸਲ ਕਰਨ ਵਿਚ ਗਵਾਵਣਾ ਸਿਆਣਪ ਨਹੀਂ ਹੈ:

**ਜਲ ਕੇ ਤਰੱਈਆ ਕੋ ਗੰਗੇਰੀ ਸੀ ਕਹਿਤ ਜਗ,**
**ਆਗ ਕੇ ਭਛਯਾ ਸੋ ਚਕੋਰ ਸਮ ਜਾਨੀਐ॥** *(ਪਾ: ੧੦)*

ਬਿਨਾਂ ਪ੍ਰਭੂ-ਨਾਮ ਦੇ ਸੂਖਮ ਹੋ ਕੇ ਗਗਨ ਮੰਡਲ ਵਿਚ ਉੱਡਣ ਨਾਲ ਮਾਨਸਿਕ ਚੈਨ ਨਹੀਂ ਮਿਲਦਾ:

**ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥**
**ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਰਤੇ॥**
*(ਮ: ੫, ਗਾਥਾ, ਪੰਨਾ 1360)*

ਅਕਾਲ ਪੁਰਖ ਇਕ ਪਰਮ ਸ਼ਕਤੀ ਹੈ, ਉਸ ਦਾ ਚਿੰਤਨ ਕਰਦੇ ਕਰਦੇ ਜੋ ਸਹਿਜੇ ਮਿਲ ਜਾਵੇ, ਸਤਿਗੁਰੂ ਜੀ ਉਸ ਨੂੰ ਸਿੱਧੀ ਤੇ ਕਰਾਮਾਤ ਆਖਦੇ ਹਨ:

**ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥**
*(ਸਲੋਕ ਮ: ੩, ਪੰਨਾ 650)*

ਨਾਮ-ਸਿਮਰਨ ਦੀ ਆਪਣੀ ਬਰਕਤ ਹੈ ਤੇ ਸਾਰੀਆਂ ਸਿੱਧੀਆਂ ਨਾਮ ਦੀਆਂ ਦਾਸੀਆਂ ਹਨ:

**ਨਵ ਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾ ਕੀ ਦਾਸੀ॥** *(ਪੰਨਾ 1397)*

**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ,**
**ਜੋ ਹਰਿ ਹਿਰਦੈ ਸਦਾ ਵਸਾਇ॥** *(ਸਲੋਕ ਮ: ੩, ਪੰਨਾ 649)*

ਜੋਗੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਸੁਮੇਰ ਪਰਬਤ 'ਤੇ ਪ੍ਰਸ਼ਨ ਕੀਤਾ ਸੀ ਕਿ ਕਿਹੜੀ ਸ਼ਕਤੀ ਤੁਹਾਨੂੰ ਇਥੇ ਲਿਆਈ ਹੈ? ਇਤਨੀ ਦੁਰਗਮ ਘਾਟੀਆਂ 'ਤੇ ਕਿਵੇਂ ਚੜ੍ਹ ਕੇ ਆਏ ਹੋ? ਤਾਂ ਗੁਰੂ ਜੀ ਨੇ ਨਾਮ ਬਾਣੀ ਦੇ ਪ੍ਰਤਾਪ ਨਾਲ ਸੁਮੇਰ ਪਰਬਤ 'ਤੇ ਪੁੱਜਣ ਦੀ ਗੱਲ ਦੱਸੀ ਤੇ ਆਖਿਆ—ਨਾਮ ਸਭ ਤੋਂ ਉੱਚਾ ਹੈ:

**ਊਚੇ ਊਪਰਿ ਊਚਾ ਨਾਉ॥** *(ਜਪੁਜੀ)*

**ਬਾਬੇ ਡਿਠੀ ਪਿਰਥਮੀ ਨਵੈ ਖੰਡਿ ਜਿਥੈ ਤਕ ਆਹੀ॥**
**ਫਿਰਿ ਜਾਇ ਚੜ੍ਹਿਆ ਸੁਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ॥**

**ਚਉਰਾਸੀਹ ਸਿਧ ਗੋਰਖਾਦਿ ਮਨਿ ਅੰਦਰਿ ਗਣਤੀ ਵਰਤਾਈ॥**
**ਸਿਧ ਪੁਛਣਿ ਸੁਣਿ ਬਾਲਿਆ! ਕਉਣੁ ਸਕਤਿ ਤੁਹਿ ਏਥੇ ਲਿਆਈ॥**
**ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ॥**
**ਆਖਣਿ ਸਿਧਿ ਸੁਣਿ ਬਾਲਿਆ! ਆਪਣਾ ਨਾਉ ਤੁਮ ਦੇਹੁ ਬਤਾਈ?**
**ਬਾਬਾ ਆਖੇ ਨਾਥ ਜੀ! ਨਾਨਕ ਨਾਮ ਜਪੇ ਗਤਿ ਪਾਈ॥**
**ਨੀਚੁ ਕਹਾਇ ਊਚ ਘਰਿ ਆਈ॥੨੮॥**

*(ਭਾਈ ਗੁਰਦਾਸ ਜੀ, ਵਾਰ 1, ਪਉੜੀ 28)*

ਨਉ ਖੰਡ ਪ੍ਰਿਥਮੀ ਦਾ ਭ੍ਰਮਣ ਨਾਮ ਦੀ ਬਰਕਤ ਨਾਲ ਗੁਰੂ ਜੀ ਨੇ ਕੀਤਾ।

ਮਹਾਂਕਵੀ ਭਾਈ ਸੰਤੋਖ ਸਿੰਘ ਜੀ ਸਤਿਗੁਰੂ ਜੀ ਦੀਆਂ ਬਰਕਤਾਂ ਦਾ ਅਨੂਠੇ ਢੰਗ ਨਾਲ ਜ਼ਿਕਰ ਕਰਦੇ ਹਨ। ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਭ੍ਰਮਣ ਕਰਦੇ ਹਨ, ਜਿਵੇਂ ਇਕ ਛੱਤਰਪਤੀ ਰਾਜਾ ਆਪ ਲਾਓ-ਲਸ਼ਕਰ ਦੇ ਸਮੇਤ ਚੱਲਦਾ ਹੋਵੇ। ਦੁਸ਼ਟਾਂ, ਪਾਪੀਆਂ ਦੇ ਦਲ ਨੂੰ ਦਲਨ ਲਈ ਗੁਰੂ ਜੀ ਅਨੇਕਾਂ ਤਰ੍ਹਾਂ ਦੇ ਸ਼ਸਤਰ ਰੱਖਦੇ ਹਨ। ਭਗਤੀ ਦਾ ਆਪ ਪਾਸ ਝੰਡਾ ਹੈ। ਕੀਰਤਨ ਦਾ ਨਗਾਰਾ ਅੱਗੇ ਵੱਜਦਾ ਜਾ ਰਿਹਾ ਹੈ। ਗਿਆਨ ਦੀ ਆਪ ਜੀ ਪਾਸ ਤਲਵਾਰ ਹੈ। ਜੀਵਨ-ਜੁਗਤ ਦੀ ਕਮਾਨ ਹੈ। ਅਨੇਕਾਂ ਤਰ੍ਹਾਂ ਦੇ ਪ੍ਰਮਾਣ ਤੀਰ ਹਨ, ਪਰ ਜਿਥੇ ਕੋਈ ਬਹੁਤ ਢੀਠ ਦੋਖੀ ਹੈ ਤਾਂ ਆਪ ਕਰਾਮਾਤ ਨਾਮ ਸਿੱਧੀ ਦੀ ਤੋਪ ਤੋਂ ਕੰਮ ਲੈਂਦੇ ਹਨ। ਰੇਠੇ ਮਿੱਠੇ ਕਰਨੇ, ਵਲੀ ਕੰਧਾਰੀ ਦੇ ਸੁੱਟੇ ਭਾਰੀ ਪੱਥਰ ਨੂੰ ਹੱਥ ਨਾਲ ਰੋਕਣਾ (ਜਿਸ ਵਿਚ ਅਜੇ ਤਕ ਪੰਜਾ ਲੱਗਿਆ ਹੋਇਆ ਹੈ, ਇਹ ਅਸਥਾਨ ਸ੍ਰੀ ਪੰਜਾ ਸਾਹਿਬ ਕਹਿਲਾਂਦਾ ਹੈ), ਢਾਕੇ ਦੀ ਜਾਦੂਗਰਨੀ ਦਾ ਮਾਣ ਤੋੜਨਾ, ਇਤਿਆਦਿਕ।

ਢਿਗ ਬਿਜੇ ਹੇਤ ਸਾਜ ਬੇਦੀ ਕੁਲ ਕੇਤ ਦਲ,
ਚਲੇ ਦਲ ਦਲਬੇ ਕੋ ਦਲਨ ਬਿਦਾਰੀਆ।
ਭਗਤ ਕੀ ਕੇਤ ਪਟ ਪ੍ਰੇਮ ਕੇ ਸਮੇਤ ਕਰ,
ਕੀਰਤ ਨੀਸਾਨੋ ਗਹਰਾਨੋ ਘਨ ਭਾਰੀਆ।
ਗਿਆਨ ਕੋ ਖੜਗ ਧਰ ਜੁਗਤ ਕਮਾਨ ਕਰ,
ਨਾਨਾ ਦ੍ਰਿਸ਼ਟਾਂਤ ਲੀਨ ਛਲੀ ਮੁਖ ਧਾਰੀਆ।
ਜਹਾਂ ਦਿੜ੍ਹ ਕੋਟ ਤਹਾਂ ਕਰਾਮਾਤ ਤੋਪ ਸੰਗ,
ਢਾਹਿ ਕੇ ਮੈਦਾਨ ਦੀਨ ਮਿਲੇ ਅਰ ਹਾਰੀਆ।

*(ਗੁਰ ਪ੍ਰਤਾਪ ਸੂਰਜ ਗ੍ਰੰਥ)*

ਅਧਿਆਤਮ ਸਿੱਧੀ ਜੋ ਨਾਮ ਜਪ ਦੀ ਬਰਕਤ ਨਾਲ ਪ੍ਰਾਪਤ ਹੁੰਦੀ ਹੈ, ਉਹ ਉਸ ਦੀ ਵਰਤੋਂ ਮਹਾਂਪੁਰਖ ਸਿਰਫ਼ ਧਰਮ ਪ੍ਰਚਾਰ ਲਈ ਕਰਦੇ ਹਨ।

ਜਦ ਕਿ ਹੋਰ ਮੰਤਰਾਂ ਨਾਲ ਪ੍ਰਾਪਤ ਕੀਤੀ ਗਈ ਸਿੱਧੀ ਜੋ ਹਿਰਦੇ ਦੀ ਸ਼ੁੱਧੀ ਤੋਂ ਬਿਨਾਂ ਵੀ ਪ੍ਰਾਪਤ ਹੋ ਜਾਂਦੀ ਹੈ—ਮਨੁੱਖ ਆਪਣੀ ਪੂਜਾ-ਪ੍ਰਤਿਸ਼ਟਾ ਤੇ ਮਾਇਕੀ ਲਾਭ ਲਈ ਵਰਤਦਾ ਹੈ ਤੇ ਕਈ ਦਫ਼ਾ ਤਾਂ ਉਨ੍ਹਾਂ ਨਾਲ ਨਾਜਾਇਜ਼ ਪੂਰਤੀ ਵੀ ਕਰਦਾ ਹੈ।

ਰਾਸ ਪੂਤਨ, ਜੋ ਜ਼ਾਰ ਰੂਸ ਦੇ ਬਾਦਸ਼ਾਹ ਦਾ ਧਾਰਮਿਕ ਗੁਰੂ ਬਣ ਬੈਠਾ ਸੀ, ਅਨੇਕਾਂ ਸਿੱਧੀਆਂ ਦਾ ਮਾਲਿਕ ਸੀ ਤੇ ਉਹ ਉਨ੍ਹਾਂ ਸਿੱਧੀਆਂ ਦੀ ਦੁਰਵਰਤੋਂ ਕਰਦਾ ਸੀ। ਰੂਸ ਵਿਚ ਧਰਮ ਬਾਰੇ ਨਫ਼ਰਤ ਰਾਸ ਪੂਤਨ ਕਰਕੇ ਫੈਲੀ, ਭਾਵੇਂ ਹੋਰ ਅਨੇਕਾਂ ਕਾਰਨ ਸਨ, ਪਰ ਧਰਮੀ ਅਖਵਾਉਣ ਵਾਲੇ ਰਾਸ ਪੂਤਨ ਦਾ ਸਿੱਧੀਆਂ ਦਾ ਜਾਤੀ ਲਾਭ ਲਈ ਵਰਤਣਾ ਰੂਸੀਆਂ ਦੇ ਮਨ ਡੂੰਘੀ ਗਿਲਾਨੀ ਪੈਦਾ ਕਰ ਗਿਆ। ਹਿਰਦਾ ਸ਼ੁੱਧ ਨਾ ਹੋਵੇ ਤੇ ਸਿੱਧੀ ਪ੍ਰਾਪਤ ਹੋਵੇ ਤਾਂ ਮਨੁੱਖ ਉਨ੍ਹਾਂ ਦੀ ਵਰਤੋਂ ਗ਼ਲਤ ਕਰਦਾ ਹੈ। ਐਸੇ ਮੰਤਰ ਜਪ ਕੇ ਫੋਕੀਆਂ ਸਿੱਧੀਆਂ ਪ੍ਰਾਪਤ ਕਰਨੀਆਂ ਗੁਰਮਤਿ ਨੇ ਵਿਵਰਜਿਤ ਕੀਤੀਆਂ ਹਨ:

**ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥**

*(ਸਲੋਕ ਮ: ੩, ਪੰਨਾ 593)*

ਬਹੱਤਰ ਕਰਾਮਾਤਾਂ ਦਿਖਾਣ 'ਤੇ ਗੁਰੂ ਹਰਿਰਾਇ ਜੀ ਨੇ ਆਪਣੇ ਪੁੱਤਰ ਬਾਬਾ ਰਾਮਰਾਇ ਨੂੰ ਮੂੰਹ ਲਾਉਣ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਉਨ੍ਹਾਂ ਨੇ ਕਰਾਮਾਤਾਂ ਬਾਦਸ਼ਾਹ ਦੀ ਖ਼ੁਸ਼ੀ ਲਈ ਵਿਖਾਈਆਂ ਤੇ ਆਪਣਾ ਅਹੰਕਾਰ ਵਧਾਇਆ।

ਨਾਮ ਐਸੀ ਸਿੱਧੀ ਹੈ, ਜਿਸ ਨਾਲ ਨਿਰਮਾਣ ਨਿਰ-ਸੁਆਰਥ ਹੋ ਕੇ ਨਾਮ ਦੀ ਬਰਕਤ ਮਨੁੱਖ ਨਾਮ-ਪ੍ਰਚਾਰ ਲਈ ਕਰਦਾ ਹੈ।

ਬਹਾਦਰ ਸ਼ਾਹ ਦੇ ਦਰਬਾਰੀ ਸੱਯਦ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਜਦ ਭਰੇ ਦਰਬਾਰ ਵਿਚ ਕਰਾਮਾਤ ਦਿਖਾਣ ਲਈ ਆਖਿਆ ਤਾਂ ਗੁਰੂ ਜੀ ਨੇ ਸੱਯਦ ਨੂੰ ਕਿਹਾ ਕਿ ਤੂੰ ਕਰਾਮਾਤ ਵੇਖਣੀ ਹੈ!

ਕਰਾਮਾਤ ਤਾਂ ਬਹਾਦਰ ਸ਼ਾਹ ਦੇ ਮੂੰਹ ਵਿਚ ਵੱਸਦੀ ਹੈ, ਉਹ ਚਾਹੇ ਜਿਸ ਨੂੰ ਬਖ਼ਸ਼ ਦੇਵੇ, ਚਾਹੇ ਜਿਸ ਨੂੰ ਮਾਰ ਦੇਵੇ। ਉਸ ਦੇ ਮੂੰਹ 'ਚੋਂ ਨਿਕਲਿਆ ਬੋਲ ਹਜ਼ਾਰਾਂ ਲੋਕ ਮੰਨਣ ਨੂੰ ਤਿਆਰ ਹਨ। ਕਿਆ ਇਹ ਕਰਾਮਾਤ ਨਹੀਂ ਹੈ?

*ਮਾਰੇ ਬਖ਼ਸ਼ਹਿ ਦੇਰ ਬਰੀਨਾ।*
*ਤਿਸੁ ਮੁਖ ਮੇ ਲਖ ਅਜ਼ਮਤ ਪੀਨਾ।*

ਇਹ ਸੁਣ ਸੱਯਦ ਕਹਿਣ ਲੱਗਾ ਕਿ ਇਹ ਕਰਾਮਾਤ ਤਾਂ ਬਾਦਸ਼ਾਹ ਦੀ ਹੈ, ਤੁਹਾਡੇ ਵਿਚ ਕਿਹੜੀ ਕਰਾਮਾਤ ਹੈ? ਤਾਂ ਗੁਰੂ ਜੀ ਨੇ ਇਕ ਦਿਨਾਰ,

ਸੋਨੇ ਦੀ ਮੋਹਰ ਜੇਬ ਵਿੱਚੋਂ ਕੱਢ ਕੇ ਆਖਿਆ ਕਿ ਇਹ ਵੀ ਕਰਾਮਾਤ ਹੈ, ਜਗਤ ਦੀ ਸਾਰੀ ਹਲਚਲ ਇਸ ਧਨ ਕਰਕੇ ਹੈ:

*ਪਿਖ ਦਿਨਾਰ ਜੋ ਹਾਥ ਹਮਾਰੈ।*
*ਇਹ ਅਜ਼ਮਤ ਲੇਹੁ ਦੂਤੀ ਬਿਚਾਰੈ।*

ਪਰ:

*ਸੁਨ ਸੱਯਦ ਬੋਲਿਓ ਤਜ ਮੋਨ।*
*ਤੁਮ ਮੇਂ ਕਰਾਮਾਤ ਹੈ ਕਉਨ?*

ਸੱਯਦ ਕਹਿੰਦਾ ਹੈ ਕਿ ਇਹ ਦੂਜੀ ਕਰਾਮਾਤ ਧਨ ਦੀ ਹੈ। ਤੁਹਾਡੇ ਵਿਚ ਕਿਹੜੀ ਕਰਾਮਾਤ ਹੈ? ਤਾਂ ਗੁਰੂ ਜੀ ਨੇ ਮਿਆਨ ਵਿੱਚੋਂ ਸ੍ਰੀ ਸਾਹਿਬ ਕੱਢ ਲਈ। ਦਰਬਾਰ ਵਿਚ ਸੱਨਾਟਾ ਛਾ ਗਿਆ। ਚਿਹਰੇ ਪੀਲੇ ਪੈ ਗਏ। ਉੱਚੀ ਆਵਾਜ਼ ਨਾਲ ਗੁਰੂ ਜੀ ਨੇ ਆਖਿਆ ਕਿ ਇਹ ਵੀ ਇਕ ਕਰਾਮਾਤ ਹੈ। ਹੁਣ ਤੂੰ ਆਖ—ਕਰਾਮਾਤ ਦਿਖਾ—ਤੇ ਮੈਂ ਤੈਨੂੰ ਇਸ ਦੀ ਕਰਾਮਾਤ ਵਿਖਾਵਾਂ। ਕੰਬਣੀ ਛਿੜ ਗਈ।

ਸੱਯਦ ਹੱਥ ਜੋੜ ਕੇ ਕਹਿਣ ਲੱਗਾ ਕਿ ਪਾਤਸ਼ਾਹ! ਮੈਂ ਤੇ ਐਵੇਂ ਬਚਨ-ਬਿਲਾਸ ਕਰ ਰਿਹਾ ਸੀ:

*ਸੁਣ ਸਤਿਗੁਰ ਸ਼ਮਸ਼ੀਰ ਨਿਕਾਸੀ।*
*ਸਭ ਮੇਂ ਛਟਾ ਸਮਾਨ ਪ੍ਰਕਾਸ਼ੀ।*
*ਤਤ ਛਿਨ ਬਦਨ ਪੀਤ ਹੋਇ ਗਇ।*
*ਲੋਚਨ ਸਮੁਖ ਨ ਕਰਤੇ ਭਇ।*
*ਤੇਜ ਦਿਪਤ ਯਿਹ ਮੁਖ ਤੇ ਕਹਿੰ।*
*ਏ ਭੀ ਕਰਾਮਾਤ ਇਕ ਅਹਿੰ।*

ਗੁਰੂ ਜੀ ਨੇ ਆਖਿਆ ਕਿ ਤੇਰੀਆਂ ਸਾਰੀਆਂ ਕਰਾਮਾਤਾਂ ਇਸ ਇਕ ਕਰਾਮਾਤ ਦੇ ਸਾਹਮਣੇ ਠੰਡੀਆਂ ਪੈ ਗਈਆਂ ਹਨ, ਤਾਂ ਤੇ ਮੈਂ ਇਹੀ ਕਰਾਮਾਤ ਆਪਣੇ ਖ਼ਾਲਸੇ ਨੂੰ ਦੇਣੀ ਹੈ।

•

# ਏਕਤਾ

ਜਗਤ ਦੇ ਸਾਰੇ ਦੁੱਖਾਂ ਤੇ ਆਪਸੀ ਝਗੜੇ-ਕਲੇਸ਼ ਦਾ ਇਲਾਜ ਸਿਆਣੇ ਏਕਤਾ ਦੱਸਦੇ ਹਨ।

ਆਰਥਿਕ, ਸਮਾਜਿਕ, ਰਾਜਨੀਤਕ, ਸਾਰੇ ਬਖੇੜਿਆਂ ਦਾ ਇਲਾਜ ਏਕਤਾ ਹੈ, ਐਸਾ ਵਿਚਾਰਕਾਂ ਦੀ ਦੁਨੀਆ ਵਿਚ ਪ੍ਰਸਿੱਧ ਹੈ। ਸਾਰੀ ਦੁਨੀਆ ਦੀ ਰਾਜਨੀਤੀ ਇਕ ਹੋਵੇ, ਐਸਾ ਵੀ ਸੋਚਿਆ ਜਾਂਦਾ ਹੈ।

ਪਰ ਇਸ ਤਰ੍ਹਾਂ ਦੀ ਸਾਰੀ ਸੋਚਣੀ ਬਾਹਰੋਂ ਹੈ। ਬੁਨਿਆਦੀ ਨਹੀਂ ਹੈ। ਜਗਤ ਸਾਰਾ ਅਨੇਕਤਾ ਦੇ ਧਾਗੇ ਵਿਚ ਵੰਡਿਆ ਪਿਆ ਹੈ।

ਇਕ ਲਹਿਰ ਜੈਸੀ ਦੂਜੀ ਲਹਿਰ ਨਹੀਂ ਹੈ। ਇਕ ਦਰੱਖ਼ਤ ਜੈਸਾ ਦੂਜਾ ਦਰੱਖ਼ਤ ਨਹੀਂ ਹੈ। ਇਕ ਪੱਤੇ ਜੈਸਾ ਦੂਜਾ ਪੱਤਾ ਨਹੀਂ ਹੈ। ਹਰ ਫੁੱਲ ਹਰ ਫਲ ਆਪਣੀ ਵੱਖਰੀ ਹੋਂਦ ਰੱਖਦਾ ਹੈ। ਹਰ ਨਦੀ-ਸਾਗਰ ਵਿੱਚੋਂ ਉਠੀਆਂ ਲਹਿਰਾਂ, ਸਭ ਵੱਖ ਵੱਖ ਹਨ। ਇਕ ਲਹਿਰ ਜੈਸੀ ਦੂਜੀ ਲਹਿਰ ਨਹੀਂ ਹੈ। ਹਰ ਵਿਅਕਤੀ ਆਪਣਾ ਨਕਸ਼-ਨਿਗਾਰ, ਰੂਪ-ਰੰਗ, ਆਵਾਜ਼ ਵੱਖ ਹੀ ਰੱਖਦਾ ਹੈ। ਸੋ ਇਕ ਵਿਅਕਤੀ ਜੈਸਾ ਦੂਜਾ ਵਿਅਕਤੀ ਵੀ ਨਹੀਂ, ਲੱਖਾਂ ਮਨੁੱਖੀ ਬੱਚੇ ਰੋਜ਼ ਪੈਦਾ ਹੁੰਦੇ ਹਨ ਤੇ ਅਨੰਤ ਅਰਬ ਖਰਬ ਹੋ ਗੁਜ਼ਰੇ ਹਨ। ਹਰ ਇਕ ਆਪਣੀ ਹੋਂਦ ਵੱਖ ਹੀ ਲੈ ਕੇ ਆਇਆ ਹੈ:

**ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥**
**ਕੋਇ ਨ ਕਿਸ ਹੀ ਜੇਹਾ ਉਪਾਇਆ॥** *(ਮਾਰੂ ਮਹਲਾ ੩, ਪੰਨਾ 1056)*

ਕਰਤਾ ਪੁਰਖ ਪੁਨਰੁਕਤੀ ਨਹੀਂ ਕਰਦਾ ਤੇ ਇਹ ਹੀ ਉਸ ਦੇ ਨਿੱਤ ਨਵੇਂ ਹੋਣ ਦਾ ਸਬੂਤ ਹੈ:

**ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥**

*(ਧਨਾਸਰੀ ਮਹਲਾ ੧, ਪੰਨਾ 660)*

ਉਸ ਤੋਂ ਜੋ ਵੀ ਪ੍ਰਗਟ ਹੁੰਦਾ ਹੈ, ਉਹ ਨਿੱਤ ਨਵਾਂ ਹੀ ਹੈ, ਪਰ ਇਸ ਸਾਰੀ ਅਨੇਕਤਾ ਦਾ ਆਧਾਰ ਇਕ ਹੈ। ਸਾਗਰ ਇਕ ਹੈ, ਲਹਿਰਾਂ ਅਨੇਕ ਹਨ। ਸੂਰਜ ਇਕ ਹੈ, ਕਿਰਨਾਂ ਅਨੇਕ ਹਨ। ਨਿਰੰਕਾਰ ਤਾਂ ਇਕ ਹੈ, ਪਰ ਸੰਸਾਰ ਅਨੇਕ ਹਨ। ਉਹ ਆਪਣੇ ਤਲ 'ਤੇ ਇਕ ਹੈ, ਪਰ ਸੰਸਾਰ ਦੇ ਤਲ ਤਾਂ ਅਨੇਕ ਹਨ:

**ਅਨੇਕ ਹੈਂ॥ ਫਿਰਿ ਏਕ ਹੈਂ॥** *(ਜਾਪੁ)*

ਅਨੇਕਤਾ ਉਸ ਕਰਤੇ ਦਾ ਖੇਲ ਹੈ। ਲਹਿਰਾਂ ਸਾਗਰ ਦਾ ਕਲੋਲ ਹਨ। ਅਨੇਕਤਾ ਦਾ ਇਹ ਸਾਰਾ ਖੇਲ ਉਸ ਇਕ ਦੇ ਆਸਰੇ 'ਤੇ ਖੜਾ ਹੈ:

**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥**
**ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥** *(ਜਾਪੁ)*

ਸਮੂਹ ਬ੍ਰਹਿਮੰਡ ਦੀ ਅਨੇਕਤਾ ਦੇ ਵਿਚ ਉਸ ਇਕ ਨੂੰ ਲੱਭਣਾ ਹੀ ਧਰਮ ਹੈ। ਜਗਤ ਦੇ ਤਲ 'ਤੇ ਏਕਤਾ ਕਰਨੀ ਬਹੁਤ ਕਠਿਨ ਹੈ, ਪਰ ਉਸ ਇਕ ਨਾਲ ਜੁੜ ਜਾਈਏ, ਤਾਂ ਅਨੇਕਤਾ ਉਸ ਦਾ ਰੂਪ ਪ੍ਰਤੀਤ ਹੋ, ਪਿਆਰੀ ਲੱਗਦੀ ਹੈ ਤੇ ਅਨੇਕ ਨੂੰ ਵੇਖ, ਵਿਸਮਾਦ ਹੋ, ਬਾਰ ਬਾਰ ਉਹ ਇਕ ਚੇਤੇ ਆਂਵਦਾ ਹੈ। ਜੱਛ, ਗੰਧਰਬ, ਭੂਤ, ਪ੍ਰੇਤ, ਹਿੰਦੂ, ਮੁਸਲਿਮ ਤੂੰ ਹੀ ਹੈਂ। ਕਿਧਰੇ ਤੂੰ ਪੁਰਾਣਾਂ ਦਾ ਗਿਆਤਾ ਹੈਂ ਤੇ ਕਿਧਰੇ ਤੂੰ ਕੁਰਾਨ ਦਾ ਹਾਫ਼ਿਜ਼ ਹੈਂ। ਕਿਧਰੇ ਤੂੰ ਇਕ ਗੁਣ ਹੈਂ ਤੇ ਕਿਧਰੇ ਤਿੰਨਾਂ ਗੁਣਾਂ ਤੋਂ ਅਤੀਤ ਹੈਂ:

**ਕਹੂੰ ਜੱਛ ਗੰਧ੍ਰਬ ਉਰਗ ਕਹੂੰ ਬਿਦਿਆਧਰ,**
**ਕਹੂੰ ਭਏ ਕਿੰਨਰ ਪਿਸਾਚ ਕਹੂੰ ਪ੍ਰੇਤ ਹੋ॥**
**ਕਹੂੰ ਹੁਇ ਕੈ ਹਿੰਦੂਆ, ਗਾਇਤ੍ਰੀ ਕੋ ਗੁਪਤ ਜਪਿਓ,**
**ਕਹੂੰ ਹੁਇ ਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ॥**
**ਕਹੂੰ ਕੋਕ ਕਾਬ ਹੁਇ ਕੈ ਪੁਰਾਨ ਕੋ ਪੜਤ ਮਤ,**
**ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ॥**
**ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ,**
**ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥** *(ਅਕਾਲ ਉਸਤਤ)*

ਕਹਿੰਦੇ ਤਾਂ ਰਾਜਨੀਤਕ ਵੀ ਇਹੀ ਹਨ ਕਿ ਏਕਤਾ ਵਿਚ ਅਮਨ, ਚੈਨ, ਸੁਖ-ਸ਼ਾਂਤੀ ਹੈ, ਪਰ ਉਹ ਤਾਂ ਆਪਣੀ ਪਾਰਟੀ ਦੇ ਤਲ 'ਤੇ ਵੀ ਏਕਤਾ ਨਹੀਂ ਕਰ ਸਕਦੇ, ਨਾ ਹੀ ਏਕਤਾ ਨੂੰ ਵੇਖ ਸਕਦੇ ਹਨ, ਕਿਉਂਕਿ ਏਕਤਾ ਦਾ ਅਨੁਭਵ ਉਸ ਇਕ ਨਾਲ ਜੁੜ ਕੇ ਪ੍ਰਾਪਤ ਹੁੰਦਾ ਹੈ। ਜਿਤਨੇ ਤਕ ਉਸਦਾ ਬੋਧ ਨਹੀਂ ਮਿਲਿਆ, ਉਸ ਇਕ ਦੀ ਝਲਕ ਵੇਖਣ ਨੂੰ ਨਹੀਂ ਮਿਲੀ, ਏਕਤਾ ਤੇ ਇਕ ਦੀ ਗੱਲ ਕਰਨੀ ਝੂਠ ਹੈ, ਪਾਖੰਡ ਹੈ, ਧੋਖਾ ਹੈ। ਇਸ ਵਾਸਤੇ ਰਾਜਨੀਤਕ ਕਦੀ ਵੀ ਆਪਣੇ ਜੀਵਨ ਵਿਚ ਏਕਤਾ ਨਹੀਂ ਲਿਆ ਸਕਦਾ ਤੇ ਨਾ ਹੀ ਕਦੀ ਏਕਤਾ ਨੂੰ ਮਹਿਸੂਸ ਕਰ ਸਕਦਾ ਹੈ, ਬਲਕਿ ਸੰਸਾਰ ਦੋ ਟੁਕੜਿਆਂ ਵਿਚ ਵੰਡਿਆ ਹੋਇਆ ਦਿਖਾਈ ਦੇ ਰਿਹਾ ਹੈ, ਇਹ ਸਭ ਰਾਜਨੀਤੀ ਦਾ ਖੇਲ ਹੈ। ਜਦ ਮਨੁੱਖ ਉਸ ਅਖੰਡ ਜੋਤੀ ਨਾਲ ਜੁੜਿਆ ਨਹੀਂ ਤਾਂ ਫਿਰ ਇਹ ਖੰਡ ਖੰਡ ਕਰੇਗਾ। ਖੰਡਿਤ ਕਰਨਾ ਇਸ ਦਾ ਸੁਭਾਵ ਬਣ ਜਾਏਗਾ। ਖੰਡਿਤ ਮਨੁੱਖ ਕਰਕੇ

ਹੀ ਸੰਸਾਰ ਖੰਡਿਤ ਹੈ। ਅਖੰਡ ਜੋਤੀ ਦਾ ਬੋਧ ਅਖੰਡ ਨਾਲ ਜੁੜ ਕੇ ਹੀ ਪ੍ਰਾਪਤ ਹੁੰਦਾ ਹੈ। ਸਾਦੀ ਏਕਤਾ ਅਖੰਡਤਾ ਦਾ ਨਾਹਰਾ ਰਾਜਨੀਤੀ ਦਾ ਭੱਦਾ ਖੇਲ ਹੈ।

ਇਕ ਨਾਲ ਜੁੜੇ ਬਿਨਾਂ ਹਿਰਦਾ ਪਵਿੱਤਰ ਨਹੀਂ ਹੁੰਦਾ ਤੇ ਅਪਵਿੱਤਰ ਮਨੁੱਖ ਤੋਂ ਜੋ ਪ੍ਰਗਟ ਹੋਵੇਗਾ, ਸਭ ਅਪਵਿੱਤਰ ਹੀ ਹੋਵੇਗਾ। ਇਕ ਨੂੰ ਜਾਣ ਕੇ ਇਕ ਨਾਲ ਜੁੜ ਕੇ ਹੀ ਪਵਿੱਤਰਤਾ ਨਸੀਬ ਹੁੰਦੀ ਹੈ :

**ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥**
**ਬਿਨੁ ਬੂਝੇ ਤੂੰ ਸਦਾ ਨਾਪਾਕ ॥** *(ਆਸਾ ਮਹਲਾ ੫, ਪੰਨਾ 374)*

ਜੈਸੇ ਇਕ ਦਾ ਸਿਮਰਨ ਕਰ, ਕੋਈ ਪਾਕ ਪਵਿੱਤਰ ਹੁੰਦਾ ਹੈ, ਸਮੂਹ ਬ੍ਰਹਿਮੰਡ ਇਕ ਦਾ ਸਰੂਪ ਦਿਖਾਈ ਦੇਣ ਲੱਗ ਪੈਂਦਾ ਹੈ, ਉਹ ਇਕ ਨੂੰ ਸੁਣਦਾ ਹੈ, ਉਸ ਦੀ ਰਸਨਾ 'ਤੇ ਇਕ ਦੇ ਹੀ ਗੀਤ ਹੁੰਦੇ ਹਨ, ਉਸ ਦੀ ਜਾਗ੍ਰਤ ਅਵਸਥਾ ਵਿਚ ਤਾਂ ਇਕ ਹੁੰਦਾ ਹੈ, ਪਰ ਉਹ ਸੁਪਨ ਅਵਸਥਾ ਵਿਚ ਵੀ ਇਕ ਨਾਲ ਜੁੜਿਆ ਰਹਿੰਦਾ ਹੈ। ਗੁਰੂ ਅਮਰਦਾਸ ਜੀ ਦੀ ਭੱਟ ਮਹਿਮਾ ਗਾਇਨ ਕਰਦੇ ਹੋਏ ਫ਼ੁਰਮਾਨ ਕਰਦੇ ਹਨ ਕਿ ਗੁਰੂ ਜੀ ਤੁਸੀਂ ਇਕੱਤਰ ਵਰ੍ਹੇ ਦੀ ਅਵਸਥਾ ਵਿਚ ਇਕ ਨੂੰ ਸਿੱਧ ਕੀਤਾ, ਇਕ ਦੀ ਪਹਿਚਾਣ ਕੀਤੀ ਤੇ ਉਸ ਇਕ ਵਿਚ ਲੀਨ ਹੋਏ :

**ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ ॥**
**ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ ॥**
**ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥**
**ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥**
**ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ ॥**
**ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ ॥**
*(ਸਵਈਏ ਮਹਲੇ ਤੀਜੇ ਕੇ ੩, ਪੰਨਾ 1394)*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕ ਤੋਂ ਅਰੰਭ ਹੁੰਦੀ ਹੈ। ਗੁਰੂ ਗ੍ਰੰਥ ਦਾ ਪਹਿਲਾ ਅੱਖਰ ਇਕ ਹੈ। ਗੁਰੂ ਨਾਨਕ ਦੇਵ ਜੀ ਦੇ ਕੰਠ ਤੋਂ ਜੋ ਪਹਿਲਾ ਬ੍ਰਹਮ ਵਾਕ ਨਿਕਲਿਆ, ਉਹ ਇਕ ਹੀ ਹੈ ਤੇ ਸਾਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਸ ਏਕੇ ਦਾ ਵਿਸਥਾਰ ਸਹਿਤ ਵਿਚਾਰ ਹੈ।

ਇਕ ਨੂੰ ਸਮਝੇ ਬਿਨਾਂ ਤੇ ਜੁੜੇ ਬਿਨਾਂ ਮਨੁੱਖ ਸਦਾ ਅਪਵਿੱਤਰ ਰਹਿੰਦਾ ਹੈ। ਜਲਨ, ਈਰਖਾ, ਅਹੰਕਾਰ ਦੇ ਵੈਰ ਨਾਲ ਭਰਿਆ ਰਹਿੰਦਾ ਹੈ। ਇਕ ਨੂੰ ਸਮਝ ਕੇ ਹੀ ਪਵਿੱਤਰ ਹੋਇਆ ਜਾ ਸਕਦਾ ਹੈ :

**ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥**
**ਬਿਨੁ ਬੂਝੇ ਤੂੰ ਸਦਾ ਨਾਪਾਕ ॥** *(ਆਸਾ ਮਹਲਾ ੫, ਪੰਨਾ 374)*

•

# ਵੈਦ—ਮਨੀਸ਼—ਸੰਤ

ਜਗਤ ਨਾਲੋਂ ਜਗਤ ਦਾ ਗਿਆਨ ਮਹਾਨ ਹੈ, ਕਿਉਂਕਿ ਗਿਆਨ ਕਰਕੇ ਜਗਤ ਦੀ ਹੋਂਦ ਤੇ ਉਸ ਦੇ ਬਹੁਤ ਸਾਰੇ ਪਹਿਲੂਆਂ ਦਾ ਪਤਾ ਚੱਲਦਾ ਹੈ। ਪਰਮਾਤਮਾ ਦਾ ਸਰੂਪ, ਉਸ ਦੀ ਹੋਂਦ, ਉਸ ਦੇ ਗੁਣਾਂ ਦਾ ਬੋਧ ਵੀ ਗਿਆਨ ਕਰਕੇ ਹੈ। ਮਨੁੱਖਤਾ ਦਾ ਜਿਤਨਾ ਵਿਕਾਸ ਹੈ, ਉਹ ਗਿਆਨ ਆਸ਼੍ਰਿਤ ਹੈ ਤੇ ਮਨੁੱਖਤਾ ਦੀ ਮਹਾਨਤਾ ਵੀ ਗਿਆਨ ਕਰਕੇ ਹੈ:

*ਨਿੰਦ੍ਰਾ ਆਲਿਸ ਭੋਗ ਭੈ ਇਹ ਪਸੁ ਪੁਰਖ ਸਮਾਨ।*
*ਨਰਕ ਗਿਆਨ ਨਿਜ ਅਧਿਕਤਾ ਗਿਆਨ ਬਿਨਾ ਪਸੂ ਜਾਨ।*

ਪਸ਼ੂ ਵਿਕਾਸ ਰਹਿਤ ਹੋ ਗਿਆ, ਕਿਉਂਕਿ ਉਹ ਗਿਆਨ-ਰਹਿਤ ਸੀ। ਗਿਆਨ-ਰਹਿਤ ਮਨੁੱਖ ਵੀ ਪਸ਼ੂ ਤੁੱਲ ਹੈ।

ਗਿਆਨ ਦੇ ਤਾਂ ਉਂਝ ਬਹੁਤ ਪਹਿਲੂ ਹਨ। ਸਿਰਫ਼ ਸੂਰਜ ਹੀ ਨਹੀਂ, ਜਾਨਣਾ ਹੋਵੇ ਤਾਂ ਰੇਤ ਦੇ ਜ਼ੱਰੇ ਵਿਚ ਵੀ ਬਹੁਤ ਕੁਝ ਛੁਪਿਆ ਪਿਆ ਹੈ।

ਦਰੱਖ਼ਤ ਦਾ ਇਕ ਪੱਤਾ ਵੀ ਆਪਣੇ ਅੰਦਰ ਬਹੁਤ ਭੇਦ ਛੁਪਾਈ ਬੈਠਾ ਹੈ। ਅਨੰਤ ਪ੍ਰਿਥਵੀਆਂ ਤੇ ਅਨੰਤ ਸੂਰਜ ਹਨ। ਇਨ੍ਹਾਂ ਦੀ ਹੋਂਦ ਦੇ ਬੋਧ ਤੋਂ ਬਾਅਦ ਇਨ੍ਹਾਂ ਦਾ ਬੋਧ ਹਾਸਲ ਕਰਨਾ ਇਕ ਬਿਖਮ ਘਾਟੀ 'ਤੇ ਚੜ੍ਹਨਾ ਹੈ। ਪ੍ਰਥਮ ਵਸਤੂ ਦੀ ਹੋਂਦ ਦਾ ਬੋਧ ਤੇ ਫਿਰ ਵਸਤੂ ਦਾ ਬੋਧ।

ਅਨੰਤ ਸੂਰਜ ਹਨ, ਐਸਾ ਗਿਆਨ ਹਾਸਲ ਕਰਨ ਤੋਂ ਬਾਅਦ ਫਿਰ ਸੂਰਜ ਦਾ ਗਿਆਨ ਹਾਸਲ ਕਰਨਾ, ਇਹ ਕੀ ਹੈ, ਕਿਥੋਂ ਹੈ ਤੇ ਕਿਤਨਾ ਹੈ ? ਜਗਤ ਵਿਚ ਜਾਨਣ ਲਈ ਤਾਂ ਬਹੁਤ ਕੁਛ ਹੈ, ਪਰ ਜੀਵਨ ਛੋਟਾ ਹੈ। ਮਨੁੱਖ ਦੀ ਜੀਵਨ ਭਰ ਦੀ ਜਾਣਕਾਰੀ ਸਾਗਰ ਵਿੱਚੋਂ ਇਕ ਬੂੰਦ ਦੀ ਪ੍ਰਾਪਤੀ ਤੋਂ ਜ਼ਿਆਦਾ ਕੁਝ ਵੀ ਨਹੀਂ ਹੈ। ਸੋ ਇਹ ਤਾਂ ਸਪੱਸ਼ਟ ਹੋਇਆ ਕਿ ਜਾਨਣ ਲਈ ਬਹੁਤ ਕੁਛ ਹੈ। ਪਰ ਤਿੰਨ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਨਾ, ਜੀਵਨ ਲਈ ਲਾਜ਼ਮੀ ਹੈ। ਤਿੰਨ ਤਰ੍ਹਾਂ ਦੇ ਗਿਆਨ ਤੋਂ ਹੀਣਾ ਮਨੁੱਖ ਜੀਵਨ ਵਿਚ ਹਮੇਸ਼ਾ ਘਾਟ ਮਹਿਸੂਸ ਕਰੇਗਾ:

(1) ਤਨ ਦਾ ਗਿਆਨ;

(2) ਮਨ ਦਾ ਗਿਆਨ;

(3) ਆਤਮਾ ਦਾ ਗਿਆਨ।

ਤਨ ਦੇ ਗਿਆਨੀ ਨੂੰ ਵੈਦ ਆਖਦੇ ਹਨ, ਮਨ ਦਾ ਗਿਆਨੀ ਮਨੀਸ਼ ਹੈ ਤੇ ਆਤਮਾ ਦਾ ਬੋਧ ਰੱਖਣ ਵਾਲਾ ਸੰਤ ਹੈ।

ਵੈਦ ਨੂੰ ਸਰੀਰ ਦੀ ਇਕ-ਇਕ ਨਸ ਦਾ ਪਤਾ ਹੈ। ਸਰੀਰ ਦੇ ਪ੍ਰਾਕ੍ਰਿਤਕ ਸੁਭਾਵ ਦਾ ਗਿਆਨ ਹੈ। ਸਰੀਰ ਰੋਗੀ ਕਿਉਂ ਹੁੰਦਾ ਹੈ ਤੇ ਰੋਗਾਂ ਦੀ ਨਵਿਰਤੀ ਕਿਸ ਤਰ੍ਹਾਂ ਕਰਨੀ ਹੈ। ਰੋਗ ਤੇ ਰੋਗ ਨੂੰ ਦੂਰ ਕਰਨ ਵਾਲਾ ਸੁਜਾਨ ਵੈਦ ਹੁੰਦਾ ਹੈ:

**ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥** *(ਸਲੋਕ ਮ: ੨, ਪੰਨਾ 148)*

ਜਗਤ ਵਿਚ ਵੈਦ ਸਨਮਾਨਿਤ ਹੁੰਦੇ ਹਨ। ਔਰ ਪਰਮਾਤਮਾ ਤੋਂ ਬਾਅਦ ਦੁਖ ਵੇਲੇ ਉਨ੍ਹਾਂ ਦੀ ਯਾਦ ਆਂਵਦੀ ਹੈ। ਸਰੀਰ ਦੇ ਮਿਜ਼ਾਜ ਨੂੰ ਸਮਝ ਕੇ ਖਾਣਾ ਪੀਣਾ ਤੇ ਸਰੀਰ ਦੀਆਂ ਬਾਕੀ ਕ੍ਰਿਆਵਾਂ ਕਰਨੀਆਂ, ਇਹ ਵੈਦ ਰਾਜ ਦਾ ਗੁਣ ਹੈ।

ਆਦਿ ਕਾਲ ਤੋਂ ਸਰੀਰ ਦਾ ਬੋਧ ਰੱਖਣ ਵਾਲੇ ਬੜੇ ਗਿਆਨੀ ਹੋਏ ਹਨ।

ਵੈਦ ਧਨੰਤਰ ਤੇ ਹਕੀਮ ਲੁਕਮਾਨ ਦੇ ਕਿੱਸੇ ਤਾਂ ਜਗਤ ਪ੍ਰਸਿੱਧ ਹਨ। ਮਸਤਕ ਵੇਖ ਕੇ ਰੋਗ ਦੱਸ ਦੇਣਾ, ਇਹ ਧਨੰਤਰ ਤੇ ਲੁਕਮਾਨ ਦੀ ਖ਼ੂਬੀ ਸੀ। ਨਬਜ਼ ਵੇਖਣਾ, ਜ਼ਬਾਨ ਵੇਖਣਾ, ਅੱਖਾਂ ਵੇਖਣੀਆਂ ਯਾ ਸਰੀਰ ਦੇ ਹੋਰ ਅੰਗਾਂ ਨੂੰ ਵੇਖ, ਸਰੀਰ ਦੇ ਰੋਗਾਂ ਬਾਰੇ ਦੱਸਣਾ, ਇਹ ਵੈਦ ਦੀ ਕਲਾ ਹੈ। ਔਰ ਵੈਦ ਰਾਜ ਦੀ ਮਨੁੱਖੀ ਜਗਤ ਵਿਚ ਜ਼ਿਆਦਾ ਲੋੜ ਹੈ, ਕਿਉਂਕਿ ਬਹੁਤੇ ਮਨੁੱਖ ਆਪਣੇ ਸਰੀਰ ਦਾ ਬੋਧ ਹਾਸਲ ਕਰਨ ਵਿਚ ਅਸਮਰੱਥ ਹੁੰਦੇ ਹਨ।

ਤਨ ਤੋਂ ਬਾਅਦ ਮਨ ਹੈ, ਮਨ ਸੂਖਮ ਹੈ; ਸਰੀਰ ਜੜ੍ਹ ਹੈ, ਅਸਥੂਲ ਹੈ। ਸਰੀਰ ਦਾ ਬੋਧ ਹਾਸਲ ਕਰਨ ਦਾ ਢੰਗ ਵੀ ਅਸਥੂਲ ਹੈ, ਪਰ ਮਨ ਅਤੀ ਸੂਖਮ ਹੈ ਤੇ ਮਨ ਦਾ ਬੋਧ ਹਾਸਲ ਕਰਨਾ ਇਕ ਸੂਖਮ ਕਲਾ ਹੈ। ਇਸ ਸੂਖਮ ਕਲਾ ਦੇ ਗਿਆਨੀ ਨੂੰ ਮਨੀਸ਼ ਆਖਦੇ ਹਨ ਯਾ ਮਨੋ-ਵਿਗਿਆਨੀ।

ਵੈਦ ਤਨ ਵੇਖ ਕੇ ਰੋਗ ਦੱਸਦਾ ਹੈ, ਮਨੀਸ਼ ਮਨ ਪੜ੍ਹ ਕੇ ਮਾਨਸਿਕ ਬੋਧ ਦੇਂਦਾ ਹੈ। ਮਨ ਇਕ ਫੁਰਨਿਆਂ ਦਾ ਸਾਗਰ ਹੈ। ਸਾਗਰ ਵਿਚ ਜੁਆਰ ਭਾਟਾ ਰੋਜ਼ ਆਉਂਦਾ ਹੈ। ਮਨ ਅੰਦਰ ਉਤਾਰ-ਚੜ੍ਹਾਓ ਰੋਜ਼ ਹੀ ਆਂਵਦੇ ਹਨ। ਜੁਆਰ ਭਾਟੇ ਨੂੰ ਵੇਖਦੇ ਹੀ ਸਾਗਰ ਵਿਚ ਵਿਚਰਨ ਕਰਨ ਵਾਲੇ ਆਪਣਾ ਕੰਮ ਕਰਦੇ ਹਨ। ਮਨੀਸ਼ ਮਨ ਦੇ ਉਤਾਰ-ਚੜ੍ਹਾਓ ਨੂੰ ਵੇਖ ਕੇ ਹੀ ਕਰਮ ਕਰਦਾ ਹੈ। ਲੋਭ ਇਕ ਫੁਰਨਾ ਹੈ, ਕ੍ਰੋਧ ਇਕ ਫੁਰਨਾ ਹੈ, ਮੋਹ ਅਹੰਕਾਰ ਤੇ ਕਾਮ ਵੀ ਇਕ ਵਿਚਾਰ ਹੈ। ਕਿਸ ਵਿਚਾਰ ਨੇ ਫੁਰਨੇ ਨੂੰ ਸਾਕਾਰ ਰੂਪ ਦੇਣਾ ਹੈ ਤੇ ਕਿਤਨਾ ਦੇਣਾ ਹੈ,

ਇਹ ਬੋਧ ਹਾਸਲ ਕਰਨਾ ਕਠਿਨ ਹੈ। ਮਨ ਦੇ ਤਲ 'ਤੇ ਤਵਾਜ਼ਨ ਕਾਇਮ ਰੱਖਣਾ ਹੀ ਮਨ ਨੂੰ ਰੋਕਣਾ ਹੈ। ਕਿਸ ਫੁਰਨੇ ਨਾਲ ਚੱਲਣਾ ਹੈ ਤੇ ਕਿਸ ਫੁਰਨੇ ਨਾਲ ਨਹੀਂ ਚੱਲਣਾ, ਐਸੀ ਸੋਚ ਦੇ ਮਿਲਦਿਆਂ ਆਦਮੀ ਮਨੀਸ਼ ਹੋ ਜਾਂਦਾ ਹੈ। ਸਤਿਗੁਰੂ ਜੀ ਦਾ ਵੀ ਫ਼ੁਰਮਾਨ ਹੈ:

**ਮਨ ਕੀ ਪੜ੍ਹੀ ਵਾਚਣੀ ਸੁਖੀ ਹੂ ਸੁਖੁ ਸਾਰੁ॥**

*(ਸਲੋਕੁ ਮ: ੩, ਪੰਨਾ 1093)*

ਤਨ ਮਨ ਤੋਂ ਬਾਅਦ ਆਤਮਾ ਦਾ ਬੋਧ ਹਾਸਲ ਕਰਨਾ ਜੀਵਨ ਦਾ ਲਕਸ਼ ਹੈ। ਆਤਮਾ ਪਰਮ ਚੇਤਨਾ ਮਨ ਨਾਲੋਂ ਵੀ ਅਤੀ ਸੂਖਮ ਹੈ, ਉਹ ਪ੍ਰਕਾਸ਼ ਹੈ, ਪਰਮ ਰਸ ਹੈ, ਪਰਮ ਅਨੰਦ ਹੈ।

ਅੱਠੇ ਪਹਿਰ ਐਸੇ ਸਰੂਪ ਦਾ ਚਿੰਤਨ ਆਤਮ-ਗਿਆਨੀ (ਬ੍ਰਹਮ ਗਿਆਨੀ) ਬਣਾ ਦੇਂਦਾ ਹੈ ਤੇ ਆਤਮ-ਗਿਆਨੀ ਸ੍ਰੇਸ਼ਟ ਹੈ। ਵੈਦ ਕੋਲ ਮਨ ਦਾ ਬੋਧ ਨਹੀਂ ਤੇ ਮਨੀਸ਼ ਕੋਲ ਆਤਮਾ ਦਾ ਬੋਧ ਨਹੀਂ ਹੈ, ਪਰ ਸੰਤ ਜੋ ਆਤਮ-ਗਿਆਨੀ ਹੈ, ਉਹ ਵੈਦ ਵੀ ਹੈ ਤੇ ਮਨੀਸ਼ ਵੀ ਹੈ।

ਸੰਤ ਸਰੀਰ ਦੀ ਕ੍ਰਿਆ ਵੀ ਜਾਣਦਾ ਹੈ। ਉਹ ਮਨ ਦੇ ਸੁਭਾਵ ਨੂੰ ਵੀ ਪਹਿਚਾਣਦਾ ਹੈ। ਹਰ ਮਨੁੱਖ ਦਾ ਭਵਿੱਖ ਹੈ, ਪਰ ਸੰਤ ਦਾ ਕੋਈ ਭਵਿੱਖ ਨਹੀਂ ਹੈ, ਕਿਉਂਕਿ ਉਸ ਨੇ ਜੀਵਨ ਦੀ ਸਿਖਰਤਾ ਨੂੰ ਲੱਭ ਲਿਆ ਹੈ।

ਸੋ ਤਨ ਦਾ ਬੋਧ ਰੱਖਣ ਵਾਲਾ ਵੈਦ, ਮਨ ਦਾ ਬੋਧ ਰੱਖਣ ਵਾਲਾ ਮਨੀਸ਼ ਤੇ ਆਤਮਾ ਦਾ ਬੋਧ ਰੱਖਣ ਵਾਲਾ ਸੰਤ ਹੈ। ਜੋ ਵੈਦ ਨਹੀਂ ਹੈ ਤੇ ਮਨੀਸ਼ ਵੀ ਨਹੀਂ, ਸੰਤ ਵੀ ਨਹੀਂ, ਉਸ ਦਾ ਜਗਤ 'ਤੇ ਆਉਣਾ ਪਸ਼ੂ ਤੁੱਲ ਹੈ।

ਸਰੀਰ ਦਾ ਬੋਧ ਰੱਖਣ ਵਾਲਾ ਆਪਣੇ ਸਰੀਰ ਨੂੰ ਸਵਸਥ ਰੱਖਣ ਵਿਚ ਕਾਮਯਾਬ ਹੋ ਜਾਂਦਾ ਹੈ। ਮਨੀਸ਼ ਮਾਨਸਿਕ ਰੋਗਾਂ ਤੋਂ ਛੁਟਕਾਰਾ ਹਾਸਲ ਕਰ ਲੈਂਦਾ ਹੈ। ਸੰਤ ਚੂੰਕਿ ਪੂਰਨ ਸਿਖਰ 'ਤੇ ਪੁੱਜਦਾ ਹੈ, ਇਸ ਵਾਸਤੇ ਸੰਤ ਹਰੀ ਦਾ ਪਿਆਰਾ, ਸਰੀਰ ਮਨ ਕਰਕੇ ਪੂਰਨ ਤੌਰ 'ਤੇ ਅਰੋਗ ਹੁੰਦਾ ਹੈ:

**ਰੋਗ ਸੋਗ ਦੂਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ॥**

*(ਟੋਡੀ ਮਹਲਾ ੫, ਪੰਨਾ 711)*

•

# ਪੂਰਨ ਪੁਰਖ

ਜੀਵਨ ਪੂਰਨਤਾ ਦੀ ਤਲਾਸ਼ ਲਈ ਹੈ। ਹਰ ਜੀਵ ਜਾਣੇ-ਅਨਜਾਣੇ ਪੂਰਨਤਾ ਦੀ ਖੋਜ ਕਰ ਰਿਹਾ ਹੈ। ਅਧੂਰਾ-ਪਨ ਖਟਕਦਾ ਹੈ, ਬੇਚੈਨ ਰੱਖਦਾ ਹੈ। ਮਨੁੱਖ ਚੂੰਕਿ ਜ਼ਿਆਦਾ ਸੁਚੇਤ ਪ੍ਰਾਣੀ ਹੈ, ਇਸ ਲਈ ਇਸ ਨੂੰ ਅਧੂਰਾ-ਪਨ ਬਹੁਤ ਅਖਰਦਾ ਹੈ। ਇਸ ਦੀ ਸਾਰੀ ਭੱਜ-ਦੌੜ ਪੂਰਨਤਾ ਦੀ ਤਲਾਸ਼ ਹੈ।

ਮਨੁੱਖੀ ਬੱਚਾ ਜੰਮਦਾ ਵੀ ਅਧੂਰਾ ਹੀ ਹੈ। ਇਸ ਕੋਲ ਪੈਰ ਤਾਂ ਹਨ, ਪਰ ਅਜੇ ਚੱਲਣ ਦੀ ਸਮਰੱਥਾ ਨਹੀਂ ਹੈ। ਹੱਥਾਂ ਵਿਚ ਪਕੜਨ ਦੀ ਤਾਕਤ ਨਹੀਂ। ਜ਼ਬਾਨ ਅਜੇ ਬੋਲਣ ਤੋਂ ਅਸਮਰੱਥ ਹੈ, ਅਜੇ ਦੰਦ ਤਾਂ ਆਏ ਹੀ ਨਹੀਂ, ਦਿਮਾਗ਼ ਅਜੇ ਸੋਚ ਨਹੀਂ ਸਕਦਾ। ਸੋ ਅਧੂਰਾ ਜੰਮਿਆ ਹੈ, ਇਹ ਅਧੂਰਾ-ਪਨ ਪਰਮਾਤਮਾ ਵੱਲੋਂ ਇਕ ਵਰਦਾਨ ਹੈ, ਕਿਉਂਕਿ ਏਹੀ ਅਧੂਰਾ-ਪਨ ਪੂਰਨਤਾ ਦੀ ਤਲਾਸ਼ ਕਰਨ 'ਤੇ ਮਜਬੂਰ ਕਰ ਦੇਂਦਾ ਹੈ। ਸਰੀਰ ਦੀ ਪੂਰਨਤਾ ਤਾਂ ਚਾਲ੍ਹੀਸ ਸਾਲ 'ਤੇ ਜਾ ਕੇ ਹੋ ਜਾਂਦੀ ਹੈ:

**ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥**

*(ਮ: ੧, ਪੰਨਾ 138)*

ਸਰੀਰ ਵਿਚ ਜੋ ਕੁਝ ਬਣਦਾ ਹੈ, ਉਹ ਚਾਲ੍ਹੀ ਸਾਲ ਤਕ ਬਣ ਜਾਂਦਾ ਹੈ। ਹੁਣ ਇਸ ਵਿਚ ਨਵਾਂ ਹੋਰ ਕੁਝ ਵੀ ਵਾਧਾ ਨਹੀਂ ਹੋਵੇਗਾ। ਚਾਲ੍ਹੀ ਸਾਲ ਜੀਵਨ ਦਾ ਸਿਖਰ ਹੈ, ਇਸ ਸਿਖਰ ਤੋਂ ਪੈਰ ਫਿਰ ਖਿਸਕਦਾ ਹੈ ਤੇ ਥੱਲੇ ਆਉਣਾ ਅਰੰਭ ਹੁੰਦਾ ਹੈ।

ਪਰ ਮਨੁੱਖ ਸਿਰਫ਼ ਸਰੀਰ ਨਹੀਂ ਹੈ, ਇਹ ਮਨ ਵੀ ਹੈ ਤੇ ਜਿਤਨੇ ਤਕ ਮਨ ਪੂਰਾ ਨਹੀਂ ਹੁੰਦਾ, ਸਰੀਰ ਦੀ ਪੂਰਨਤਾ ਨਾਲ ਤ੍ਰਿਪਤੀ ਨਸੀਬ ਨਹੀਂ ਹੁੰਦੀ, ਬਲਕਿ ਚਾਲ੍ਹੀ ਸਾਲ ਤਕ ਪੁੱਜਦੇ-ਪੁੱਜਦੇ ਅਤ੍ਰਿਪਤੀ ਬੜੀ ਜ਼ੋਰ ਦੀ ਅਖਰਨ ਲੱਗ ਪੈਂਦੀ ਹੈ। ਆਦਿ ਕਾਲ ਤੋਂ ਭਾਰਤ ਦੀ ਮਨੀਸ਼ਾ ਇਸ ਖੋਜ ਵਿਚ ਰਹੀ ਹੈ ਕਿ ਮਨ ਦੀ ਤ੍ਰਿਪਤੀ ਕਿਉਂ ਨਹੀਂ ਹੁੰਦੀ ਤੇ ਸਰੀਰਕ ਜੀਵਨ ਦੇ ਅੰਤ ਤਕ ਅਤ੍ਰਿਪਤੀ ਅਧੂਰਾ-ਪਨ ਬੇਚੈਨ ਰੱਖਦਾ ਹੈ।

ਜਗਤ ਵਿਚ ਜੋ ਵੀ ਕੀਤਾ ਔਰ ਜਿਤਨਾ ਜ਼ਿਆਦਾ ਲੱਭਿਆ, ਉਤਨਾ ਅਧੂਰਾ-ਪਨ ਮਹਿਸੂਸ ਹੋਇਆ ਹੈ। ਸੱਚ ਤਾਂ ਇਹ ਹੈ ਕਿ ਇਕ ਧਨਵਾਨ

ਜਿਤਨਾ ਆਪਣੇ ਆਪ ਵਿਚ ਅਧੂਰਾ-ਪਨ ਮਹਿਸੂਸ ਕਰਦਾ ਹੈ, ਉਤਨਾ ਨਿਰਧਨ ਮਹਿਸੂਸ ਨਹੀਂ ਕਰਦਾ, ਕਿਉਂਕਿ ਨਿਰਧਨ ਨੂੰ ਅਜੇ ਆਸਾ ਹੈ, ਸ਼ਾਇਦ ਧਨ ਦੇ ਮਿਲਣ ਨਾਲ ਪੂਰਨ ਹੋ ਸਕਾਂ। ਇਹ ਆਸਾ, ਇਹ ਵਾਸ਼ਨਾ ਉਸ ਨੂੰ ਭਾਵੇਂ ਵਕਤੀ ਤੌਰ 'ਤੇ ਦਿਲਾਸਾ ਦੇ ਦੇਵੇ, ਪਰ ਸਦੀਵੀ ਦਿਲਾਸਾ ਨਹੀਂ ਦਿੱਤਾ ਜਾ ਸਕਦਾ। ਧਨ ਦੇ ਮਿਲਦਿਆਂ ਪਤਾ ਚੱਲਦਾ ਹੈ ਕਿ ਅਧੂਰਾ-ਪਨ ਆਪਣੀ ਥਾਂ 'ਤੇ ਮੌਜੂਦ ਹੈ। ਵੱਡਿਆਂ ਨੇ ਵੱਡੇ-ਵੱਡੇ ਕੰਮ ਕਰ ਕੇ ਵੇਖ ਲਏ ਹਨ, ਪੂਰਾ ਹੁੰਦਾ ਕੁਝ ਦਿਖਾਈ ਨਹੀਂ ਦਿੱਤਾ:

**ਕਰਿ ਕਰਿ ਥਾਕੇ ਵਡੇ ਵਡੇਰੇ॥**
**ਕਿਨ ਹੀ ਨ ਕੀਏ ਕਾਜ ਮਾਇਆ ਪੂਰੇ॥**

*(ਰਾਮਕਲੀ ਮਹਲਾ ੫, ਪੰਨਾ 889)*

ਜੰਮਿਆ ਅਧੂਰਾ ਪਰ ਅਧੂਰਾ ਹੀ ਮਰ ਗਿਆ, ਇਹ ਜ਼ਿੰਦਗੀ ਦੀ ਹਾਰ ਹੈ। ਮਨ ਦੀ ਤ੍ਰਿਪਤੀ ਮਨ ਦਾ ਪੂਰਨ ਹੋਣਾ ਹੈ ਤੇ ਮਨ ਦੇ ਪੂਰਨ ਹੋਣ ਨਾਲ ਜੀਵਨ ਪੂਰਨ ਹੁੰਦਾ ਹੈ, ਇਸ ਤਰ੍ਹਾਂ ਦੇ ਮਨੁੱਖ ਨੂੰ ਪੂਰਨ ਪੁਰਖ ਆਖਿਆ ਗਿਆ ਹੈ।

ਮਨ ਉਸ ਦਿਨ ਤ੍ਰਿਪਤ ਹੁੰਦਾ ਹੈ, ਜਦ ਪੂਰਨ ਦੀ ਪ੍ਰਾਪਤੀ ਹੋਵੇ ਤੇ ਪੂਰਾ ਕੇਵਲ ਅਕਾਲ ਪੁਰਖ ਹੈ:

**ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ॥**
**ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ॥**

*(ਗਉੜੀ ਸੁਖਮਨੀ ਮ: ੫, ਪੰਨਾ 295)*

ਕਿਸੇ ਧਨਵਾਨ ਨਾਲ ਸੰਬੰਧ ਜੋੜ ਕੇ ਮਨੁੱਖ ਧਨਵਾਨ ਨਹੀਂ ਹੁੰਦਾ ਯਾ ਕਿਸੇ ਕਲਾਕਾਰ ਦੀ ਉਪਮਾ ਕਰ ਕੇ ਕੋਈ ਕਲਾਕਾਰ ਨਹੀਂ ਬਣ ਜਾਂਦਾ, ਪਰ ਪੂਰਨ ਪ੍ਰਭੂ ਦੀ ਉਪਮਾ ਕਰ ਕੇ ਤੇ ਉਸ ਨਾਲ ਜੁੜ ਕੇ ਮਨੁੱਖ ਪੂਰਨ ਹੋ ਜਾਂਦਾ ਹੈ।

ਕੋਈ ਪੂਰਨ ਹੋ ਗਿਆ ਹੈ, ਇਸ ਦੀ ਪਹਿਚਾਣ ਕਿਸ ਤਰ੍ਹਾਂ ਹੋਵੇ, ਤਾਂ ਗੁਰੂ ਅਰਜਨ ਦੇਵ ਜੀ ਨੇ ਪੂਰਨ ਮਨੁੱਖ ਦੇ ਕੁਛ ਲੱਛਣ ਲਿਖੇ ਹਨ। ਲੱਛਣਾਂ ਤੋਂ ਪੂਰਨ ਪੁਰਖ ਦੀ ਪਹਿਚਾਣ ਹੋ ਜਾਂਦੀ ਹੈ।

ਜਿਵੇਂ ਕੁਮਲਾਇਆ ਤੇ ਮੁਰਝਾਇਆ ਚਿਹਰਾ ਵੇਖ ਕੇ ਅੰਦਾਜ਼ਾ ਲੱਗਦਾ ਹੈ ਕਿ ਇਹ ਬੰਦਾ ਭੁੱਖਾ ਹੈ। ਚਿਹਰੇ ਦੀ ਪ੍ਰਸੰਨਤਾ ਦੇ ਲੱਛਣ ਦੱਸਦੇ ਹਨ ਕਿ ਇਹ ਅੰਦਰੋਂ ਖ਼ੁਸ਼ ਹੈ। ਸਰੀਰ ਵਿਚ ਕਾਂਬਾ ਛਿੜਿਆ ਹੋਵੇ ਤਾਂ ਪਤਾ ਚੱਲਦਾ ਹੈ ਕਿ ਇਸ ਨੂੰ ਠੰਡ ਲੱਗ ਰਹੀ ਹੈ।

ਗਰਮ ਪਿੰਡਾ ਵੇਖ ਕੇ ਬੁਖ਼ਾਰ (ਤਾਪ) ਦੇ ਲੱਛਣ ਦਿਖਾਈ ਦੇਂਦੇ ਹਨ। ਚਾਲ-ਢਾਲ, ਚਿਹਰੇ ਦੀ ਆਭਾ ਤੋਂ ਪਤਾ ਚੱਲ ਜਾਂਦਾ ਹੈ ਕਿ ਇਹ ਮਨੁੱਖ ਧਨਵਾਨ ਹੈ।

ਇਸੇ ਤਰ੍ਹਾਂ ਕੁਝ ਲੱਛਣ ਐਸੇ ਹਨ, ਜਿਨ੍ਹਾਂ ਨੂੰ ਵੇਖ ਕੇ ਅਨੁਮਾਨ ਲੱਗਦਾ ਹੈ ਕਿ ਇਹ ਪੂਰਨ ਪੁਰਖ ਹੈ, ਸੰਤ ਹੈ, ਬ੍ਰਹਮ-ਗਿਆਨੀ ਹੈ।

ਗੁਰੂ ਅਰਜਨ ਦੇਵ ਜੀ ਨੇ ਪੂਰਨ ਪੁਰਖ ਦੇ ਛੇ ਲੱਛਣ ਦੱਸੇ ਹਨ। ਜਿਸ ਤਨ ਵਿਚ ਛੇ ਲੱਛਣ ਪ੍ਰਗਟ ਹੋ ਜਾਣ, ਸਮਝੋ ਉਹ ਪੂਰਨ ਪੁਰਖ ਹੈ। ਇਸ ਦੀ ਜੀਵਨ ਯਾਤਰਾ ਸਫਲ ਹੋਈ। ਮਕਸਦ ਦੀ ਪੂਰਤੀ ਹੋ ਗਈ ਤੇ ਜੀਵਨ ਧੰਨ ਧੰਨ ਹੋ ਗਿਆ। ਸੋ ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ ਪੂਰਨ ਪੁਰਖ ਦੇ ਛੇ ਲੱਛਣ ਹਨ:

**ਖਟ ਲਖ੍ਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥**

*(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1357)*

ਇਨ੍ਹਾਂ ਛੇ ਲੱਛਣਾਂ ਦੀ ਵਿਚਾਰ ਆਪਾਂ ਕਰਨੀ ਹੈ, ਜੋ ਗੁਰੂ ਅਰਜਨ ਦੇਵ ਜੀ ਨੇ 'ਸਹਸਕ੍ਰਿਤੀ ਸਲੋਕ' ਅੰਦਰ ਲਿਖੇ ਹਨ ਤੇ ਸਾਰਾ ਸਲੋਕ ਇਸ ਪ੍ਰਕਾਰ ਹੈ:

**ਮੰਤ੍ਰੰ ਰਾਮ ਰਾਮ ਨਾਮੰ ਧ੍ਯ੍ਯਾਨੰ ਸਰਬਤ੍ਰ ਪੂਰਨਹ ॥**
**ਗ੍ਯ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥**
**ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥**
**ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥**
**ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥**
**ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯ੍ਯਾਗਿ ਸਗਲ ਰੇਣੁਕਹ ॥**
**ਖਟ ਲਖ੍ਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥**

*(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1357)*

ਪ੍ਰਥਮ ਲੱਛਣ ਪੂਰਨ ਪੁਰਖ ਦਾ ਇਹ ਹੈ ਕਿ ਉਸ ਦੀ ਰਸਨਾ 'ਤੇ ਰਮੇ ਹੋਏ ਰਾਮ ਦਾ ਮੰਤ੍ਰ ਹੋਵੇਗਾ, ਉਸ ਮੰਤ੍ਰ ਜਾਪ ਵਿਚ ਉਸ ਦਾ ਪੂਰਨ ਧਿਆਨ ਹੋਵੇਗਾ। ਤੋਤੇ ਦੀ ਤਰ੍ਹਾਂ ਰਟਨ ਨਹੀਂ ਹੋਵੇਗਾ। ਉਸ ਲਈ ਦੁਖ ਸੁਖ ਇਕ-ਸਮਾਨ ਹੋਵੇਗਾ। ਉਸ ਕੋਲ ਇਹ ਪੂਰਾ ਬੋਧ ਹੋਵੇਗਾ ਕਿ ਹਰਿ ਸੁਖ ਦੇ ਨਾਲ ਦੁਖ ਜੁੜਿਆ ਹੈ, ਜਗਤ ਵਿਚ ਇਕੱਲਾ ਕੁਝ ਵੀ ਨਹੀਂ ਹੈ, ਦੂਜਾ ਨਾਲ ਜੁੜਿਆ ਹੋਇਆ ਹੈ। ਹਰ ਜਨਮ ਮਰਨ ਦੇ ਨਾਲ ਜੁੜਿਆ ਹੋਇਆ ਹੈ। ਨਫ਼ਾ ਨੁਕਸਾਨ ਤੇ ਖ਼ੁਸ਼ੀਆਂ ਗ਼ਮ ਨਾਲ ਜੁੜੀਆਂ ਹੋਈਆਂ ਹਨ। ਹਾਸੇ ਰੋਣਿਆਂ ਨਾਲ ਤੇ ਸੁੰਦਰਤਾ ਕੁਰੂਪਤਾ ਨਾਲ ਸੰਬੰਧਿਤ ਹੈ। ਜਿਤਨੀ ਵੱਡੀ ਇੱਜ਼ਤ ਹੋਵੇਗੀ, ਬੇਇੱਜ਼ਤੀ ਦਾ ਉਤਨਾ ਹੀ ਵੱਡਾ ਡਰ ਹੋਵੇਗਾ। ਅਸੀਂ ਇਕ ਨਹੀਂ ਮੰਗ ਸਕਦੇ, ਦੂਜਾ ਨਾਲ ਮਿਲੇਗਾ:

**ਸੁਖੁ ਮਾਂਗਤ ਦੁਖੁ ਆਗੈ ਆਵੈ ॥**
**ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥** *(ਗਉੜੀ ਕਬੀਰ ਜੀ, ਪੰਨਾ 330)*

ਅਸੀਂ ਕਿਸੇ ਦਾ ਦੁਖ ਨਾਪਣਾ ਹੋਵੇ ਤਾਂ ਉਸ ਦਾ ਸੁਖ ਨਾਪ ਕੇ ਵੇਖ ਲਈਏ। ਜੇ ਸੁਖ ਬਹੁਤ ਹੈ ਤਾਂ ਦੁਖ ਵੀ ਬਹੁਤ ਹੀ ਹੋਵੇਗਾ। ਇਕੱਲਾ ਸਿਰਫ਼ ਪਰਮਾਤਮਾ ਹੈ—ਜਗਤ ਦੋ ਰੰਗੀ ਹੈ।

ਪੂਰਨ ਪੁਰਖ ਦਾ ਤੀਜਾ ਲੱਛਣ ਇਹ ਹੈ, ਉਸ ਦੀ ਦਇਆ ਸਾਰਿਆਂ ਲਈ ਹੈ। ਉਸ ਨੂੰ ਇਹ ਬੋਧ ਹੈ, ਜੋ ਮੇਰੇ ਵਿਚ ਹੈ, ਉਹੀ ਦੂਜੇ ਵਿਚ ਬੈਠਾ ਹੈ। ਉਸ ਦੀ ਦਇਆ ਅਕਾਸ਼ ਦੀ ਤਰ੍ਹਾਂ ਵਿਆਪਕ ਹੈ, ਜਿਸ ਹੇਠ ਸਾਰੇ ਆ ਜਾਂਦੇ ਹਨ। ਦਇਆ ਪ੍ਰਬਲ ਹੋਵੇ ਤਾਂ ਕਿਸੇ ਨੂੰ ਦੁਖ ਨਹੀਂ ਦਿੱਤਾ ਜਾ ਸਕਦਾ ਤੇ ਇਸ ਤਰ੍ਹਾਂ ਮਨੁੱਖ ਦੋਖ ਤੇ ਪਾਪਾਂ ਤੋਂ ਬਚਿਆ ਰਹਿੰਦਾ ਹੈ।

ਚੌਥਾ ਲੱਛਣ ਇਹ ਹੈ, ਗੋਪਾਲ ਦਾ ਕੀਰਤਨ, ਉਸ ਪ੍ਰਭੂ ਅਕਾਲ ਪੁਰਖ ਦਾ ਜਸ ਗਾਇਨ ਕਰਨਾ, ਉਸਦਾ ਭੋਜਨ ਹੋਵੇਗਾ, ਭਜਨ ਹੀ ਉਸਦਾ ਭੋਜਨ ਹੋਵੇਗਾ। ਜੋ ਭੋਜਨ ਤੋਂ ਰਸ, ਤਾਕਤ ਤੇ ਖ਼ੁਸ਼ੀ ਮਿਲਦੀ ਹੈ, ਉਹ ਭਜਨ ਤੋਂ ਲਵੇਗਾ।

ਇਹ ਸੱਚਾਈ ਹੈ ਕਿ ਦੁਖੀ ਆਦਮੀ ਬਹੁਤ ਖਾਂਦਾ ਹੈ, ਉਸ ਨੂੰ ਅੰਦਰ ਖ਼ਲਾਅ ਪ੍ਰਤੀਤ ਹੁੰਦਾ ਹੈ, ਜਦ ਅੰਦਰ ਆਪਣੇ ਆਪ ਨੂੰ ਖ਼ਾਲੀ ਖ਼ਾਲੀ ਮਹਿਸੂਸ ਕਰਦਾ ਹੈ ਤਾਂ ਉਸ ਖ਼ਲਾਅ ਨੂੰ ਭਰਨ ਲਈ ਸਿਰਫ਼ ਭੋਜਨ ਹੀ ਜ਼ਰੀਆ ਰਹਿ ਜਾਂਦਾ ਹੈ।

ਖ਼ੁਸ਼ੀ ਵਿਚ ਭੁੱਖ ਘੱਟ ਲੱਗਦੀ ਹੈ। ਘਰ ਵਿਚ ਇਕਲੌਤੇ ਬੱਚੇ ਦੀ ਸ਼ਾਦੀ ਹੈ, ਮਾਂ ਹਰ ਇਕ ਨੂੰ ਖਾਣ ਲਈ ਪ੍ਰੇਰ ਰਹੀ ਹੈ, ਜਦ ਉਸ ਨੂੰ ਕੋਈ ਕਹਿੰਦਾ ਹੈ ਕਿ ਤੂੰ ਵੀ ਖਾ ਲੈ ਤਾਂ ਕਹਿੰਦੀ ਹੈ ਕਿ ਮੈਨੂੰ ਭੁੱਖ ਨਹੀਂ। ਦਰਅਸਲ ਉਹ ਅੰਦਰੋਂ ਪ੍ਰਸੰਨ ਹੈ, ਉਸ ਨੂੰ ਖ਼ੁਸ਼ੀ ਨੇ ਭਰ ਦਿੱਤਾ ਹੈ। ਖ਼ੁਸ਼ੀ ਕਮਜ਼ੋਰ ਨਹੀਂ ਹੋਣ ਦੇਂਦੀ। ਇਹ ਤਾਂ ਇਕ ਦੁਨਿਆਵੀ ਖ਼ੁਸ਼ੀ ਹੈ ਤੇ ਸਿਰਫ਼ ਵਕਤੀ ਖ਼ੁਸ਼ੀ ਹੈ, ਜੋ ਇਸ ਨਾਲ ਮਨੁੱਖ ਵਕਤੀ ਤੌਰ 'ਤੇ ਇਤਨਾ ਭਰ ਜਾਂਦਾ ਹੈ ਕਿ ਭੁੱਖ ਨਹੀਂ ਲੱਗਦੀ। ਤੇ ਜਿਸ ਨੂੰ ਸੱਚੀ ਖ਼ੁਸ਼ੀ ਨਾਮ ਦੀ ਮਿਲੀ ਹੋਵੇ, ਉਸ ਨੂੰ ਵੀ ਭੁੱਖ ਘੱਟ ਲੱਗਦੀ ਹੈ, ਉਹ ਅੰਦਰੋਂ ਹਰ ਵਕਤ ਰੱਜਿਆ-ਰੱਜਿਆ ਮਹਿਸੂਸ ਕਰਦਾ ਹੈ :

**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**

*(ਰਾਮਕਲੀ ਮ: ੩, ਅਨੰਦੁ, ਪੰਨਾ 917)*

ਇਸ ਵਾਸਤੇ ਪੂਰਨ ਪੁਰਖ ਦਾ ਭੋਜਨ ਪਰਮਾਤਮਾ ਦਾ ਨਾਮ ਤੇ ਗਿਆਨ ਹੀ ਬਣ ਜਾਂਦਾ ਹੈ :

**ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥**

*(ਗਉੜੀ ਸੁਖਮਨੀ ਮ: ੫, ਪੰਨਾ 273)*

ਜਦ ਭੋਜਨ ਅਕਾਲ ਪੁਰਖ ਦਾ ਨਾਮ ਬਣ ਜਾਂਦਾ ਹੈ ਤਾਂ ਫਿਰ ਪੂਰਨ

ਪੁਰਖ ਜਗਤ ਵਿਚ ਇਸ ਤਰ੍ਹਾਂ ਨਿਰਲੇਪ ਰਹਿੰਦਾ ਹੈ, ਜਿਵੇਂ ਪਾਣੀ ਵਿਚ ਕਮਲ।

ਪੰਜਵਾਂ ਲੱਛਣ, ਉਸ ਦਾ ਉਪਦੇਸ਼ ਸਾਰਿਆਂ ਲਈ ਇਕ ਹੋਵੇਗਾ ਤੇ ਉਪਦੇਸ਼ ਵਿਚ ਸਾਂਝੀਵਾਲਤਾ ਹੋਵੇਗੀ, ਇਸ ਵਾਸਤੇ ਉਹ ਮਿੱਤਰ ਤੇ ਸ਼ਤਰੂ ਦੀ ਭਾਵਨਾ ਤੋਂ ਉੱਚਾ ਹੋਵੇਗਾ ਤੇ ਅਕਾਲ ਪੁਰਖ ਦੀ ਬੰਦਗੀ ਭਾਵ-ਪੂਰਤ ਕਰੇਗਾ।

ਛੇਵਾਂ ਲੱਛਣ, ਉਹ ਕਿਸੇ ਦੀ ਨਿੰਦਾ ਸੁਣ ਕੇ ਖ਼ੁਸ਼ ਨਹੀਂ ਹੋਵੇਗਾ। ਖ਼ੁਸ਼ੀ ਤਾਂ ਅਹੰਕਾਰੀ ਨੂੰ ਮਿਲਦੀ ਹੈ। ਜਦ ਕਿਸੇ ਦੀ ਗੱਲ ਘਟਾ ਕੇ ਬਿਆਨ ਕੀਤੀ ਜਾਏ ਤੇ ਉਸ ਦਾ ਰੁਤਬਾ ਸਾਡੀ ਨਿਗਾਹ ਵਿਚ ਘੱਟ ਜਾਂਦਾ ਹੈ ਤੇ ਉਸ ਦੀ ਤੁਲਨਾ 'ਤੇ ਅਸੀਂ ਆਪਣੇ ਆਪ ਨੂੰ ਵੱਡਾ ਸਮਝਣ ਲੱਗ ਪੈਂਦੇ ਹਾਂ। ਨਿੰਦਾ ਸੁਣਨ ਤੋਂ ਜਿਹੜੀ ਖ਼ੁਸ਼ੀ ਮਿਲਦੀ ਹੈ, ਉਹ ਦਰਅਸਲ ਆਪਣੀ ਵਡਿਆਈ ਦੀ ਖ਼ੁਸ਼ੀ ਹੁੰਦੀ ਹੈ। ਅਸੀਂ ਵੱਧ ਜਾਂਦੇ ਹਾਂ, ਜਦ ਕਿਸੇ ਨੂੰ ਘਟਾ ਕੇ ਬਿਆਨ ਕੀਤਾ ਜਾਵੇ, ਜਿਤਨਾ ਅਹੰਕਾਰੀ ਹੋਵੇਗਾ, ਉਤਨਾ ਹੀ ਨਿੰਦਕ ਹੋਵੇਗਾ।

ਪੂਰਨ ਪੁਰਖ ਕਿਸੇ ਦੀ ਨਿੰਦਾ ਸੁਣਦਾ ਵੀ ਨਹੀਂ ਹੈ, ਕਿਉਂਕਿ ਉਸ ਨੇ ਆਪਾ-ਭਾਵ ਦਾ ਤਿਆਗ ਕੀਤਾ ਹੈ। ਸਾਰਿਆਂ ਦੀ ਰਜ ਬਣ ਗਿਆ ਹੈ। ਆਪਣੇ ਆਪ ਨੂੰ ਸਾਰਿਆਂ ਦੇ ਚਰਨਾਂ ਤਲੇ ਸਮਝਦਾ ਹੈ। ਉਹ ਕਿਸੇ ਦੇ ਸਿਰ ਦਾ ਬੋਝ ਨਹੀਂ ਹੈ। ਉਹ ਤਾਂ ਸਾਰਿਆਂ ਦੇ ਚਰਨਾਂ ਦੀ ਧੂੜ ਹੈ। ਇਹ ਪਰਮ ਪੁਰਖ ਦਾ ਛੇਵਾਂ ਲੱਛਣ ਹੈ।

ਇਨ੍ਹਾਂ ਲੱਛਣਾਂ ਨਾਲ ਪਹਿਚਾਣ ਹੋ ਜਾਂਦੀ ਹੈ ਕਿ ਪੂਰਨ ਮਨੁੱਖ ਹੈ। ਇਸ ਨੇ ਜੀਵਨ ਦਾ ਸਹੀ ਉਪਯੋਗ ਕੀਤਾ ਹੈ। ਇਸ ਨੇ ਪੂਰਨ ਅਨੰਦ ਮਾਣਿਆ ਹੈ :

**ਖਟ ਲਖੵਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥**

*(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1357)*

ਇਸ ਤਰ੍ਹਾਂ ਦੇ ਲੱਛਣ ਰੱਖਣ ਵਾਲੇ ਨੂੰ ਹੀ ਸੰਤ, ਸਾਧੂ, ਸੱਜਣ ਆਖਦੇ ਹਨ ਤੇ ਇਸ ਤਰ੍ਹਾਂ ਦੇ ਪੂਰਨ ਪੁਰਖ ਹੀ ਜੀਵਨ ਨੂੰ ਪੂਰਨ ਕਰਨ ਵਿਚ ਜਗਤ ਲਈ ਮਦਦਗਾਰ ਬਣਦੇ ਹਨ, ਕਿਉਂਕਿ ਉਨ੍ਹਾਂ ਤੋਂ ਹੀ ਪੂਰਨ ਹੋਣ ਦੀ ਪ੍ਰੇਰਨਾ ਮਿਲਦੀ ਹੈ।

•

# ਦੁਰਲੱਭ

ਮਨੁੱਖ ਜਿਸ ਵਸਤੂ ਯਾ ਜਿਸ ਹਸਤੀ ਨੂੰ ਦੁਰਲੱਭ ਮੰਨ ਲੈਂਦਾ ਹੈ, ਉਸ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਪ੍ਰਭਾਵਿਤ ਹੋਇਆ ਉਸ ਦੀ ਤਲਬ ਕਰਦਾ ਹੈ। ਪ੍ਰਸ਼ਨ ਇਹ ਨਹੀਂ ਹੈ ਕਿ ਵਸਤੂ ਯਾ ਹਸਤੀ ਦੁਰਲੱਭ ਹੈ। ਇਹ ਮਨੁੱਖ ਦੀ ਮਨੌਤ ਨੇ ਫ਼ੈਸਲਾ ਕਰਨਾ ਹੈ ਕਿ ਜੱਸ ਨੂੰ ਇਹ ਦੁਰਲੱਭ ਮੰਨ ਲਵੇ ਯਾ ਤੁੱਛ ਸਮਝ ਕੇ ਉਹਲੇ ਕਰ ਦੇਵੇ। ਅਕਸਰ ਮਨੁੱਖ ਦੀ ਮਨੌਤ ਗ਼ਲਤ ਹੁੰਦੀ ਹੈ, ਇਹ ਤੁੱਛ ਨੂੰ ਦੁਰਲੱਭ ਤੇ ਦੁਰਲੱਭ ਨੂੰ ਤੁੱਛ ਸਮਝ ਬੈਠਦਾ ਹੈ। ਇਸ ਸੰਬੰਧ ਵਿਚ ਕਬੀਰ ਜੀ ਦਾ ਇਹ ਪ੍ਰਮਾਣ ਬਿਲਕੁਲ ਯਥਾਰਥ ਹੈ:

**ਨੰਿਬੁ ਭਇਓ ਆਂਬੁ ਆਂਬੁ ਭਇਓ ਨੰਿਬਾ ਕੇਲਾ ਪਾਕਾ ਝਾਰਿ॥**
**ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ॥**

*(ਰਾਮਕਲੀ ਕਬੀਰ ਜੀ, ਪੰਨਾ 972)*

ਨਿੰਮ ਦੇ ਕੜਵੇ-ਕਸੈਲੇ ਫਲ ਨੂੰ ਅੰਬ ਦਾ ਫਲ ਜਾਣ ਖਾਈ ਜਾਂਦਾ ਹੈ ਤੇ ਮਿੱਠੇ ਗੁਣਕਾਰੀ ਅੰਬ ਨੂੰ ਨਿੰਮ ਦਾ ਕੜਵਾ ਫਲ ਜਾਣ ਪੈਰਾਂ ਤਲੇ ਸੁੱਟੀ ਜਾਂਦਾ ਹੈ।

ਪੱਕੇ ਫਲ ਨੂੰ ਝਾੜੀ ਦਾ ਕੰਡਿਆਲਾ ਫਲ ਸਮਝਿਆ ਹੈ ਤੇ ਕੰਡਿਆਲਾ ਝਾੜੀ ਦਾ ਫਲ ਪੱਕਾ ਕੇਲਾ ਜਾਣ ਕੇ ਗ੍ਰਹਿਣ ਕੀਤਾ ਹੈ ਤੇ ਇਸੇ ਤਰ੍ਹਾਂ ਸਿੰਮਲ ਦਾ ਫਿੱਕਾ ਫਲ ਨਾਰੀਏਲ ਜਾਣ ਲਿਆ ਹੈ ਤੇ ਨਾਰੀਏਲ ਦੇ ਸੁਆਦਲੇ ਫਲ ਨੂੰ ਸਿੰਮਲ ਦਾ ਫਿੱਕਾ ਫਲ ਸਮਝ ਕੇ ਤਿਆਗ ਛੱਡਿਆ ਹੈ।

ਕਬੀਰ ਜੀ ਨੇ ਮਨੁੱਖ ਦੀ ਸੂਝ ਸਮਝ ਦੀ ਬਹੁਤ ਸੋਹਣੇ ਢੰਗ ਨਾਲ ਤਰਜਮਾਨੀ ਕੀਤੀ ਹੈ। ਐਸੀ ਮੂਰਖਤਾ ਮਨੁੱਖੀ ਤਲ 'ਤੇ ਸਮੱਗਰ ਰੂਪ ਵਿਚ ਦਿਖਾਈ ਦੇ ਰਹੀ ਹੈ। ਮਨੁੱਖ ਜਿਨ੍ਹਾਂ ਦੇ ਪ੍ਰਭਾਵ ਹੇਠ ਜੀਅ ਰਿਹਾ ਹੈ, ਉਹ ਜੀਵਨ ਦਾ ਸਾਰ ਨਹੀਂ ਹੈ, ਸਿਰਫ਼ ਜੀਵਨ ਦੀ ਲੋੜ ਹੈ।

ਮਨੁੱਖ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ ਧਨ ਅਤੇ ਰੂਪ 'ਤੇ। ਧਨ ਤੋਂ ਪ੍ਰਭਾਵਿਤ ਹੋ, ਲੋਭੀ ਬਣ ਜਾਂਦਾ ਹੈ ਤੇ ਲੋਭ ਚੋਰੀ ਕਰਨ 'ਤੇ ਮਜਬੂਰ ਕਰਦਾ ਹੈ। ਰੂਪ ਤੋਂ ਪ੍ਰਭਾਵਿਤ ਹੋ, ਦੁਰਾਚਾਰ ਦੇ ਦਲਦਲ ਵਿਚ ਫਸ ਜਾਂਦਾ ਹੈ। ਧਨ ਤੇ ਰੂਪ ਸਰੀਰ ਦੀ ਲੋੜ ਹੈ, ਲੇਕਿਨ ਮਨੁੱਖ ਨੇ ਤਾਂ ਪ੍ਰਾਣਾਧਾਰ ਬਣਾ ਲਿਆ

ਹੈ ਔਰ ਮਨੁੱਖ ਨੇ ਆਪਣੇ ਨਾਲੋਂ ਵੀ ਜ਼ਿਆਦਾ ਅਹਿਮੀਅਤ ਦੇ ਕੇ ਆਪਣੀ ਹੀ ਹਸਤੀ ਗਵਾਈ ਹੈ। ਇੰਦਰੀਆਂ ਦਾ ਜੋ ਰਸ ਹੈ, ਉਸੇ ਹੀ ਰਸ ਤੋਂ ਪ੍ਰਭਾਵਿਤ ਹੋ, ਲੀਨ ਰਹਿਣਾ, ਜੀਵਨ ਅਜਾਈਂ ਗਵਾਉਣ ਵਾਲੀ ਘਟਨਾ ਹੈ।

ਗੁਰੂ ਅਰਜਨ ਦੇਵ ਜੀ ਮਨੁੱਖ ਦੀ ਦੀਨ-ਦਸ਼ਾ ਨੂੰ ਵੇਖ ਸਮਝਾਂਦੇ ਹਨ ਕਿ ਜੋ ਦੁਰਲੱਭ ਹੈ, ਉਹ ਤੂੰ ਤੁੱਛ ਜਾਣ ਕੇ ਤਿਆਗ ਦਿੱਤਾ ਹੈ ਔਰ ਜੋ ਤੁੱਛ ਹੈ, ਸਿਰਫ਼ ਵਕਤੀ ਲੋੜ ਹੈ, ਉਸ ਨੂੰ ਮਹਾਨ ਸਮਝ ਕੇ ਬਗ਼ਲਗੀਰ ਹੋ ਰਿਹਾ ਹੈਂ।

ਧਨ ਤੇ ਰੂਪ ਔਰ ਇੰਦਰਿਆਂ ਦੇ ਰਸ ਦਾ ਮਾਲਕ ਹੋ ਜਾਣਾ ਕੋਈ ਦੁਰਲੱਭ ਨਹੀਂ ਹੈ। ਇੰਦਰਿਆਂ ਦੇ ਰਸ ਵਿਚ ਜੋ ਜੀਅ ਰਿਹਾ ਹੈ ਤੇ ਰਸ ਬਹੁਤ ਮਾਤਰਾ ਵਿਚ ਕੋਲ ਹੈ ਤਾਂ ਉਸ ਨੂੰ ਇੰਦਰ ਆਖਦੇ ਹਨ। ਇੰਦਰ ਤੋਂ ਭਾਵ ਜੋ ਇੰਦਰਿਆਂ ਦੇ ਰਸ ਵਿਚ ਜੀਅ ਰਿਹਾ ਹੈ। ਸੋ ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ ਇਹ ਇੰਦਰਿਆਂ ਦਾ ਰਸ ਵੀ ਕੋਈ ਦੁਰਲੱਭ ਨਹੀਂ ਹੈ:

**ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ ॥**
**ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ ॥**
**ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ ਨਚ ਦੁਰਲਭੰ ਬਨਿਤਾ ਬਿਲਾਸਹ ॥**
**ਨਚ ਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ ॥**
**ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧ੍ਹਿੰ ਸਾਧਸੰਗਿ ਕ੍ਰਿਪਾ ਪ੍ਰਭੰ ॥**

*(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1357)*

ਧਨ, ਰੂਪ ਤੇ ਰਾਜ-ਸੱਤਾ ਤੋਂ ਬਾਅਦ ਮਨੁੱਖ ਖਾਣ-ਪਾਣ ਤੇ ਪਹਿਰਾਣ ਤੋਂ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਸੁਆਦਲੇ ਭੋਜਨ ਤੇ ਸਵੱਛ ਤੇ ਸੁੰਦਰ ਕੀਮਤੀ ਕੱਪੜੇ ਮਨ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ ਤੇ ਪ੍ਰਭਾਵਿਤ ਹੋਇਆ ਮਨੁੱਖ ਇਨ੍ਹਾਂ ਦਾ ਹੀ ਚਿੰਤਨ ਕਰਦਾ ਰਹਿੰਦਾ ਹੈ।

ਪੁੱਤਰ, ਮਿੱਤਰ, ਸੰਬੰਧੀ ਇਨ੍ਹਾਂ ਦੇ ਪ੍ਰਭਾਵ ਹੇਠ ਜੀਂਵਦਾ ਹੈ। ਇਸਤਰੀ ਨੂੰ ਵਿਲਾਸ ਦੀ ਹੀ ਪੁਤਲੀ ਮੰਨ, ਲੀਨ ਰਹਿੰਦਾ ਹੈ ਯਾ ਇਸਤਰੀ ਪੁਰਸ਼ ਵਿਚ ਲੀਨ ਰਹਿੰਦੀ ਹੈ। ਜੋ ਸਿਰਫ਼ ਦੁਨਿਆਵੀ ਲੋੜਾਂ ਸਨ, ਉਨ੍ਹਾਂ ਨੂੰ ਜੀਵਨ ਦਾ ਆਧਾਰ ਮੰਨ ਲੈਂਦਾ ਹੈ। ਕਿਸੇ ਸੰਗਮਰਮਰ ਦੇ ਮਹੱਲ ਦੀ ਉਸਾਰੀ ਰੇਤ ਦੀ ਬੁਨਿਆਦ 'ਤੇ ਕਰਨੀ ਹੋਵੇ, ਐਸਾ ਹੀ ਜੀਵਨ ਦਾ ਸੁੰਦਰ ਮਹੱਲ ਅਸੀਂ ਕੱਚੀ ਰੇਤ ਦੇ ਆਸਰੇ 'ਤੇ ਖੜਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੋ ਪ੍ਰਭਾਵਿਤ ਹੋਣ ਵਾਲੀ ਸ਼ਕਤੀ ਬਚਦੀ ਹੈ, ਉਹ ਵਿੱਦਿਆ ਦੀ ਪ੍ਰਬੀਨਤਾ ਤੇ ਚੰਚਲਤਾ ਦੀ ਨਜ਼ਰ ਹੋ ਜਾਂਦੀ ਹੈ। ਵਿੱਦਿਆ ਦੀ ਪ੍ਰਬੀਨਤਾ ਤੇ ਚਾਤੁਰੀ ਵੀ ਮਨੁੱਖ ਨੂੰ ਅਧੀਨ ਰੱਖਦੀ ਹੈ। ਮਨੁੱਖ ਇਨ੍ਹਾਂ ਦਾ ਗ਼ੁਲਾਮ ਹੋ, ਜੀਵਨ ਦੀ ਉੱਚਤਾ ਖੋਹ ਬੈਠਦਾ ਹੈ ਤਾਂ ਫਿਰ ਸਵਾਲ ਖੜਾ ਹੋਵੇਗਾ ਕਿ ਦੁਰਲੱਭ ਕੀ ਹੈ, ਤੇ ਉਸ ਦੁਰਲੱਭ ਦੀ ਪ੍ਰਾਪਤੀ ਦਾ ਸਾਧਨ ਕੀ ਹੈ?

**ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧਿੵੰ ਸਾਧਸੰਗਿ ਕ੍ਰਿਪਾ ਪ੍ਰਭੰ ॥**

ਦੁਰਲੱਭ ਹੈ ਇਕ ਪਰਮਾਤਮਾ ਦਾ ਨਾਮ—ਪਰ ਇਹ ਦੁਰਲੱਭ ਹੈ, ਪਤਾ ਚੱਲੇਗਾ ਗੁਰੂ ਪਾਸੋਂ, ਸਾਧ ਸੰਗਤ ਵਿਚ ਜਦ ਸਤਿਸੰਗਤ ਵਿਚ ਨਾਮ ਦੀ ਮਹਿਮਾ ਸੁਣੇਗਾ ਤਾਂ ਮਨ ਪ੍ਰਭਾਵਿਤ ਹੋਵੇਗਾ ਤੇ ਪ੍ਰਭਾਵਿਤ ਹੋਇਆ ਮਨ ਨਾਮ ਦੀ ਜਾਚਨਾ ਕਰੇਗਾ। ਬਿਨਾਂ ਪ੍ਰਭਾਵਿਤ ਮੰਗ ਨਹੀਂ ਪੈਦਾ ਹੁੰਦੀ। ਜਦ ਪ੍ਰਭਾਵਿਤ ਹੋਇਆ ਮੰਗ ਕਰਦਾ ਹੈ, ਪ੍ਰਾਰਥਨਾ ਕਰਦਾ ਹੈ ਤਾਂ ਕ੍ਰਿਪਾ ਹੋ ਜਾਂਦੀ ਹੈ :

**ਜਾਚਕ ਜਨੁ ਜਾਚੈ ਪ੍ਰਭ ਦਾਨੁ ॥**
**ਕਰਿ ਕਿਰਪਾ ਦੇਵਹੁ ਹਰਿ ਨਾਮੁ ॥** *(ਗਉੜੀ ਸੁਖਮਨੀ ਮ: ੫, ਪੰਨਾ 289)*

ਤੇ ਜਦ ਕ੍ਰਿਪਾ ਹੋ ਜਾਂਦੀ ਹੈ ਤਾਂ ਨਾਮ-ਰਸ ਨਾਲ ਜੀਵਨ ਲਬਰੇਜ਼ ਹੋ ਜਾਂਦਾ ਹੈ, ਧੰਨ ਧੰਨ ਹੋ ਜਾਂਦਾ ਹੈ ਤੇ ਦੁਰਲੱਭ ਦੀ ਪ੍ਰਾਪਤੀ ਹੋ ਜਾਣ 'ਤੇ ਜੀਵਨ ਮਹਾਨ ਤੇ ਸਫਲ ਹੋ ਜਾਂਦਾ ਹੈ।

•

# ਧਰਮ ਨੀਤੀ ਤੇ ਰਾਜਨੀਤੀ

ਮਨੁੱਖੀ ਜੀਵਨ ਨੈਤਿਕਤਾ ਦੀ ਬੁਨਿਆਦ 'ਤੇ ਖੜਾ ਹੈ, ਨੈਤਿਕਤਾ ਤੋਂ ਥੱਲੇ ਆਂਵਦਿਆਂ ਜੀਵਨ ਪਸ਼ੂਆਂ ਦੀ ਸ਼੍ਰੇਣੀ ਵਿਚ ਜਾ ਰਲਦਾ ਹੈ। ਨੈਤਿਕਤਾ ਹੈ ਕੀ ?

ਆਪਣੇ ਸੁਭਾਵ ਵਿਚ ਜੀਵਣਾ, ਸੁਤੇ-ਸਿੱਧ ਆਪਣੇ ਸੁਭਾਵ ਅੰਦਰ ਹਰ ਕ੍ਰਿਆ ਕਰਨੀ। ਸੁਭਾਵ ਤੋਂ ਵਿਪਰੀਤ ਜਾਣ ਦੀ ਰੁਚੀ ਹੀ ਨਾ ਉਪਜੇ ਤੇ ਮਨੁੱਖ ਦਾ ਸੁਭਾਵ ਤਾਂ ਮਨੁੱਖਤਾ ਹੀ ਹੈ।

ਜਦ ਕੋਈ ਮਨੁੱਖ ਆਪਣੇ ਸੁਭਾਵ ਵਿਚ ਜੀਂਵਦਾ ਹੈ ਤਾਂ ਉਹੋ ਧਰਮ ਨੀਤੀ ਅਨੁਸਾਰ ਚੱਲ ਰਿਹਾ ਹੈ।

ਮਨੁੱਖੀ ਸੁਭਾਵ ਵਿਚ ਇਹ ਖ਼ਾਸ ਇੱਛਾ ਰਹਿੰਦੀ ਹੈ ਕਿ ਮੈਂ ਸੁਖੀ ਹੋਵਾਂ। ਮੇਰੇ ਕੋਲ ਸੁਖ ਹਰ ਵਕਤ ਹੋਵੇ। ਸੋ ਜੇ ਇਹ ਵਿਚਾਰ ਇਕ ਮਨੁੱਖ ਦੇ ਅੰਦਰ ਚੱਲਦਾ ਹੈ ਤਾਂ ਇਹ ਵਿਚਾਰ ਸਾਰਿਆਂ ਦੇ ਅੰਦਰ ਚੱਲਦਾ ਹੈ। ਜਦ ਮਨੁੱਖ ਇਹ ਸੋਚਣੀ ਦੂਜਿਆਂ ਲਈ ਵੀ ਸੋਚਦਾ ਹੈ, ਸੁਖ ਤਾਂ ਹਰ ਇਕ ਨੂੰ ਚਾਹੀਦਾ ਹੈ ਤੇ ਮੈਂ ਕਿਸੇ ਦੇ ਸੁਖ ਮਿਲਣ ਵਿਚ ਸਹਾਇਕ ਨਹੀਂ ਹੋ ਸਕਦਾ ਤਾਂ ਕਿਸੇ ਦੇ ਸੁਖ ਵਿਚ ਵਿਘਨ ਵੀ ਨਾ ਪਾਵਾਂ।

ਦੂਜੇ ਨੂੰ ਦੁਖ ਨਾ ਦੇਣਾ ਤੇ ਹੋ ਸਕੇ ਤਾਂ ਉਸ ਨੂੰ ਸੁਖ ਮਿਲ ਸਕੇ, ਸਹਾਇਕ ਹੋਣਾ, ਇਹ ਮਨੁੱਖ ਦਾ ਸੁਭਾਵ ਹੈ। ਇਸ ਸੁਭਾਵ ਵਿਚ ਜੀਵਨ ਵਾਲੇ ਨੂੰ ਧਰਮੀ ਕਹਿੰਦੇ ਹਨ। ਉਹ ਧਰਮ ਨੀਤੀ ਅਨੁਸਾਰ ਜੀਅ ਰਿਹਾ ਹੈ।

ਵਕਤ ਸੀ ਕਿ ਧਰਮੀ ਪੂਜਯ ਸੀ। ਆਪਣੇ ਸੁਭਾਵ ਵਿਚ ਹੀ ਜੀਵਣਾ ਆਪਣਾ ਧਰਮ ਹੈ ਤੇ ਸੁਭਾਵ ਦੇ ਵਿਪਰੀਤ ਜੀਵਣਾ ਅਧਰਮ ਹੈ। ਅਧਰਮੀ ਖ਼ੁਦ ਤਾਂ ਦੁਖੀ ਹੁੰਦਾ ਹੈ। ਉਹ ਆਪਣੇ ਦੁਖ ਨੂੰ ਵੰਡਦਾ ਹੈ। ਦੂਜਿਆਂ ਨੂੰ ਦੁਖੀ ਕਰਦਾ ਹੈ ਤੇ ਇਸ ਤਰ੍ਹਾਂ ਦੇ ਅਧਰਮੀ ਦੁਖੀਆਂ ਕਰਕੇ ਮਨੁੱਖੀ ਸਮਾਜਿਕ ਢਾਂਚਾ ਡਾਵਾਂ-ਡੋਲ ਹੋ ਜਾਂਦਾ ਹੈ।

ਧਰਮ ਨੀਤੀ ਤੋਂ ਮੁਰਾਦ ਹੈ—ਅੱਖਾਂ ਖੋਲ੍ਹ ਕੇ ਚੱਲਣਾ। ਧਰਮ ਨੀਤੀ ਦਾ ਮੂਲ ਗੁਣ ਹੈ ਗਿਆਨ ਤੇ ਗਿਆਨ ਹੀ ਅੰਦਰ ਦੀ ਅੱਖ ਹੈ। ਧਰਮ ਤੋਂ ਆਪਣੀ ਅੱਖ ਦੇ ਆਸਰੇ ਨਾਲ ਚੱਲਣਾ। ਰਾਜਨੀਤੀ ਹੈ, ਅੰਧੇ ਦੀ ਤਰ੍ਹਾਂ ਲਾਠੀ ਦੇ

ਆਸਰੇ ਨਾਲ ਚੱਲਣਾ। ਜਦ ਮਨੁੱਖ ਆਪਣਾ ਸੁਭਾਵ (ਧਰਮ) ਖੋਹ ਬੈਠਦਾ ਹੈ, ਤਦ ਲਾਠੀ ਦੀ ਲੋੜ ਪੈਂਦੀ ਹੈ। ਸੁਭਾਵ ਦੇ ਅਨੁਕੂਲ ਤੇ ਪ੍ਰਤਿਕੂਲ ਚੱਲਣ ਵਾਲੇ ਪ੍ਰਿਥਵੀ 'ਤੇ ਹਮੇਸ਼ਾ ਰਹੇ ਹਨ, ਇਸ ਵਾਸਤੇ ਧਰਮ ਨੀਤੀ ਤੇ ਰਾਜਨੀਤੀ ਮਨੁੱਖੀ ਤਲ 'ਤੇ ਆਦਿ ਕਾਲ ਤੋਂ ਚਲੀ ਆ ਰਹੀ ਹੈ। ਅੱਜ ਧਰਮ ਨੀਤੀ ਨਾਮ-ਮਾਤਰ ਰਹਿ ਗਈ ਹੈ, ਇਸ ਵਾਸਤੇ ਧਰਮੀ ਪੂਜਯ ਨਾ ਹੋ ਕੇ ਰਾਜਨੀਤਕ ਪੂਜਿਆ ਜਾ ਰਿਹਾ ਹੈ। ਮਨੁੱਖੀ ਤਲ ਦੀ ਇਹ ਸਭ ਤੋਂ ਵੱਡੀ ਬਦਕਿਸਮਤੀ ਹੈ। ਧਰਮ ਨੀਤੀ, ਆਪਣੀ ਆਤਮਾ ਦੇ ਨਿਯਮ ਅਨੁਕੂਲ ਚੱਲਣਾ ਤੇ ਰਾਜਨੀਤੀ, ਜੋ ਬਾਹਰੋਂ ਨਿਯਮ ਬਣਾਏ ਗਏ ਹਨ, ਉਨ੍ਹਾਂ ਦੇ ਅਨੁਕੂਲ ਚੱਲਣਾ ਹੈ। ਧਰਮ ਵਿਚ ਅਨੈਤਿਕ ਹੋਣ ਦੀ ਖੁੱਲ੍ਹ ਹੈ, ਕਿਉਂਕਿ ਧਰਮ ਜਬਰ ਨਹੀਂ ਹੈ। ਜਿਥੇ ਜਬਰ ਆ ਗਿਆ, ਉਹ ਰਾਜਨੀਤੀ ਹੈ। ਰਾਜਨੈਤਿਕ ਨਿਯਮ ਦੀ ਉਲੰਘਣਾ ਕਰਨ ਵਾਲੇ ਨੂੰ ਦੰਡਿਤ ਕੀਤਾ ਜਾਂਦਾ ਹੈ। ਪਰ ਕੋਈ ਧਰਮ ਨੀਤੀ ਤੋਂ ਉਲਟ ਚੱਲੇ, ਉਸ ਲਈ ਬਾਹਰੋਂ ਕੋਈ ਦੰਡ ਦੀ ਪ੍ਰਥਾ ਨਹੀਂ ਹੈ।

ਧਰਮ ਨੀਤੀ, ਅਕਾਲ ਪੁਰਖ ਵੱਲੋਂ ਇਸ ਖੁੱਲ੍ਹ ਦਾ ਮਨੁੱਖ ਨੇ ਗ਼ਲਤ ਪ੍ਰਯੋਗ ਕੀਤਾ। ਇਹ ਧਰਮ ਨੀਤੀ ਤੋਂ ਇਨਕਾਰੀ ਹੋਇਆ ਭਾਵ ਆਪਣੇ ਅੰਤ੍ਰੀਵ ਸੁਭਾਵ ਦੇ ਵਿਪਰੀਤ ਚੱਲ ਪਿਆ। ਸਮਾਜਿਕ ਢਾਂਚਾ ਡਾਵਾਂ-ਡੋਲ ਹੋਣ ਲੱਗਾ ਤਾਂ ਫਿਰ ਰਾਜਨੀਤੀ ਨੂੰ ਅੱਗੇ ਆਵਣਾ ਪਿਆ। ਅਗਰ ਸਾਰੀ ਮਨੁੱਖਤਾ ਆਪਣੇ ਸੁਭਾਵ (ਧਰਮ) ਅਨੁਸਾਰ ਜੀਵੇ ਤਾਂ ਰਾਜਨੀਤੀ ਨੂੰ ਕਬਰ ਵਿਚ ਲੇਟਣਾ ਪਵੇਗਾ। ਫਿਰ ਪੁਲਿਸ, ਬੰਦੂਕਾਂ, ਜੇਲ੍ਹਾਂ ਦੀ ਕੋਈ ਲੋੜ ਨਹੀਂ ਪਵੇਗੀ। ਅਦਾਲਤਾਂ ਦੇ ਬੂਹੇ ਬੰਦ ਕਰਨੇ ਪੈਣਗੇ।

ਪਰ ਅਫ਼ਸੋਸ ਹੈ ਕਿ ਮਨੁੱਖ ਇਤਨਾ ਸੁਭਾਵ ਦੇ ਵਿਪਰੀਤ ਹੋ ਗਿਆ ਹੈ ਕਿ ਹੁਣ ਗਲੀ-ਗਲੀ ਵਿਚ ਭਗਤਾਂ ਦੇ ਦਰਸ਼ਨਾਂ ਦੀ ਥਾਂ 'ਤੇ ਰਾਜਨੀਤਕਾਂ ਦੇ ਦਰਸ਼ਨ ਹੁੰਦੇ ਹਨ। ਸਿਪਾਹੀ ਤੇ ਬੰਦੂਕਾਂ ਦੇ ਦਰਸ਼ਨ ਹੁੰਦੇ ਹਨ। ਥਾਂ ਥਾਂ 'ਤੇ ਰਾਜਨੀਤਕ ਸੰਮੇਲਨ ਹੁੰਦੇ ਹਨ। ਅਦਾਲਤਾਂ ਭੀੜ-ਭਾੜ ਨਾਲ ਭਰੀਆਂ ਹੋਈਆਂ ਹਨ। ਮੰਦਰ ਸੁੰਨੇ ਹੁੰਦੇ ਜਾ ਰਹੇ ਹਨ। ਰਾਜ ਭਵਨਾਂ ਦੀ ਰੌਣਕ ਵਧਦੀ ਜਾ ਰਹੀ ਹੈ। ਪਹਿਲੇ ਸਿਜਦੇ ਸੰਤ ਨੂੰ ਹੁੰਦੇ ਸਨ, ਹੁਣ ਸਿਜਦੇ ਰਾਜਨੀਤਕ ਨੂੰ ਹੁੰਦੇ ਹਨ।

ਰਾਜਨੀਤੀ ਕੀ ਹੈ ? ਜਦ ਮਨੁੱਖ ਆਪਣੇ ਸੁਭਾਵ ਦੇ ਪ੍ਰਤੀਕੂਲ ਹੋਇਆ ਤਾਂ ਲੋੜ ਪੈ ਗਈ। ਮਨੁੱਖੀ ਸਮਾਜਿਕ ਢਾਂਚਾ ਡਾਵਾਂ-ਡੋਲ ਨਾ ਹੋਵੇ ਤਾਂ ਕੁਛ ਨਿਯਮ ਬਣਾਏ ਗਏ ਤੇ ਹਰ ਸਾਲ ਤੇ ਹਰ ਮੁਲਕ ਇਨ੍ਹਾਂ ਨਿਯਮਾਂ ਵਿਚ ਸੰਸ਼ੋਧਨ (ਤਰਮੀਮ) ਕਰਦਾ ਰਹਿੰਦਾ ਹੈ, ਕਿਉਂਕਿ ਨਿਯਮ ਮਨੁੱਖੀ ਸੁਭਾਵ ਤੇ ਮਨੁੱਖਤਾ ਦੀ ਉੱਨਤੀ ਦੇ ਅਨੁਕੂਲ ਨਹੀਂ ਹੁੰਦੇ, ਸੋ ਇਹ ਤਰਮੀਮ ਬਾਰ ਬਾਰ ਕਰਨੀ ਪੈਂਦੀ ਹੈ।

ਰਾਜਨੀਤੀ ਦੇ ਨਿਯਮ ਡਾਵਾਂ-ਡੋਲ ਹੁੰਦੇ ਰਹਿੰਦੇ ਹਨ। ਦਰਅਸਲ ਜਿਸ ਦੇ ਨਿਯਮ ਹੀ ਡਾਵਾਂ-ਡੋਲ ਰਹਿੰਦੇ ਹਨ, ਉਹ ਮਨੁੱਖੀ ਤਲ 'ਤੇ ਅਸਥਿਰਤਾ ਲਿਆ ਵੀ ਨਹੀਂ ਸਕਦਾ। ਖ਼ੁਦ ਰਾਜਨੈਤਿਕ ਅਤਿਅੰਤ ਡਾਵਾਂ-ਡੋਲ ਵਿਅਕਤੀ ਹੁੰਦਾ ਹੈ। ਅੱਜ ਕੁਛ ਕਹਿ ਰਿਹਾ ਹੈ, ਕੱਲ ਕੁਝ ਹੋਰ ਕਹਿ ਰਿਹਾ ਹੈ। ਰਾਜਨੀਤੀ ਮਨੁੱਖ ਨੂੰ ਨੈਤਿਕ ਨਹੀਂ ਬਣਾ ਸਕਦੀ, ਨੈਤਿਕਤਾ ਲਈ ਵਕਤੀ ਤੌਰ 'ਤੇ ਮਜਬੂਰ ਕਰ ਸਕਦੀ ਹੈ।

ਸੱਚਾਈ ਤਾਂ ਇਹ ਹੈ ਕਿ ਰਾਜਨੈਤਿਕ ਖ਼ੁਦ ਬਹੁ-ਗਿਣਤੀ ਵਿਚ ਅਨੈਤਿਕ ਹੁੰਦੇ ਹਨ, ਕਿਉਂਕਿ ਨਿਯਮ ਜੋ ਹਨ, ਉਨ੍ਹਾਂ ਦੇ ਉਹ ਕਰਤਾ ਹਨ। ਨਿਯਮ ਉਨ੍ਹਾਂ ਦੀ ਕ੍ਰਿਤ ਹੈ ਤੇ ਆਪਣੀ ਕ੍ਰਿਤ ਦੇ ਉਹ ਦਾਸ ਕਿਸ ਤਰ੍ਹਾਂ ਹੋਣ ? ਦਾਸ ਉਹ ਪਰਜਾ ਨੂੰ ਬਣਾਂਦੇ ਹਨ, ਤਾਕਿ ਖ਼ੁਦ ਨਿਯਮ ਦੇ ਕਰਤਾ ਤੇ ਮਾਲਕ ਬਣੇ ਰਹਿਣਾ ਕ੍ਰਿਤ ਤੇ ਦਾਸ ਵਿਚ ਅਸ਼ਕਤੀ, ਕਸ਼ਿਸ਼ ਨਹੀਂ ਰਹਿੰਦੀ। ਇਸ ਵਾਸਤੇ ਅਕਸਰ ਰਾਜਨੈਤਿਕ ਅਨੈਤਿਕ ਹੋ ਜਾਂਦੇ ਹਨ। ਦੁਨੀਆ ਨੂੰ ਚੋਰੀ ਤੋਂ ਰੋਕਣ ਦੇ ਨਿਯਮ ਬਣਾਂਦੇ ਹਨ, ਖ਼ੁਦ ਵੱਡੇ ਚੋਰ ਬਣ ਜਾਂਦੇ ਹਨ। ਦੁਨੀਆ ਲਈ ਉਨ੍ਹਾਂ ਦਾ ਉਪਦੇਸ਼ ਹੈ ਕਿ ਕਿਸੇ ਦਾ ਹੱਕ ਨਾ ਮਾਰੋ, ਖ਼ੁਦ ਸਾਰਾ ਦੇਸ਼ ਲੁੱਟ ਲੈਂਦੇ ਹਨ। ਕਾਤਲ ਨੂੰ ਤਾਂ ਫਾਂਸੀ 'ਤੇ ਚਾੜ੍ਹ ਦੇਂਦੇ ਹਨ, ਪਰ ਖ਼ੁਦ ਬੰਦੂਕ ਦੀਆਂ ਗੋਲੀਆਂ ਨਾਲ ਹਜ਼ਾਰਾਂ ਤੇ ਲੱਖਾਂ ਨੂੰ ਭੁੰਨ ਕੇ ਰੱਖ ਦੇਂਦੇ ਹਨ।

ਰਾਜਨੈਤਿਕ ਦੇ ਹੱਥੋਂ ਮਨੁੱਖੀ ਖ਼ੂਨ ਸਦੀਆਂ ਤੋਂ ਡੁੱਲ੍ਹਦਾ ਆ ਰਿਹਾ ਹੈ। ਧਰਮ ਨੀਤੀ ਕਮਜ਼ੋਰ ਹੋਣ ਕਰਕੇ ਰਾਜਨੀਤੀ ਦਾ ਜ਼ੋਰ ਵਧਦਾ ਹੀ ਜਾ ਰਿਹਾ ਹੈ, ਪਰ ਇੰਜ ਆਖੀਏ ਕਿ ਹੁਣ ਤਾਂ ਬਸ ਰਾਜਨੀਤੀ ਹੀ ਰਾਜਨੀਤੀ ਹੈ, ਧਰਮ ਨੀਤੀ ਤਾਂ ਸਿਰਫ਼ ਧਰਮ ਗ੍ਰੰਥਾਂ ਯਾ ਧਾਰਮਿਕ ਮੰਦਰਾਂ ਵਿਚ ਹੈ। ਮਨੁੱਖੀ ਜੀਵਨ ਧਰਮ ਨੀਤੀ ਤੋਂ ਸੱਖਣੇ ਹਨ। ਧਰਮੀ ਤੋਂ ਜ਼ਿਆਦਾ ਕੋਈ ਹੋਰ ਸਿਆਣਾ ਨਹੀਂ ਹੋ ਸਕਦਾ ਤੇ ਰਾਜਨੈਤਿਕ ਤੋਂ ਜ਼ਿਆਦਾ ਮੂੜ੍ਹ ਲੱਭਣਾ ਔਖਾ ਹੈ।

ਸੌ ਸੰਤ ਤੇ ਧਰਮੀ ਇਕ ਸਿੰਘਾਸਨ 'ਤੇ ਬੈਠ ਸਕਦੇ ਹਨ, ਕਿਉਂਕਿ 'ਸੌ ਸਿਆਣੇ ਇੱਕੋ ਮਤ, ਮੂਰਖਾਂ ਆਪੋ ਆਪਣੀ।' ਪਰ ਦੋ ਰਾਜਨੈਤਿਕ ਇਕ ਸਿੰਘਾਸਨ 'ਤੇ ਨਹੀਂ ਬੈਠ ਸਕਦੇ। ਧਰਮੀ ਤੋਂ ਵਿਸ਼ਾਲ ਕੋਈ ਹੋਰ ਨਹੀਂ ਹੈ। ਰਾਜਨੈਤਿਕ ਤੋਂ ਜ਼ਿਆਦਾ ਤੰਗ-ਦਿਲ ਲੱਭਣਾ ਕਠਿਨ ਹੈ।

ਧਰਮ ਨੀਤੀ ਜਿਥੇ ਸ਼ਾਂਤ ਹੈ, ਉਥੇ ਰਾਜਨੀਤੀ ਮਹਾਂ ਅਸ਼ਾਂਤੀ 'ਤੇ ਖੜੀ ਹੈ। ਧਰਮ ਨੀਤੀ ਆਪਣੇ ਆਪ ਨੂੰ ਕਾਬੂ ਰੱਖਣ ਲਈ ਹੈ, ਰਾਜਨੀਤੀ ਦੂਜਿਆਂ ਨੂੰ ਕਾਬੂ ਵਿਚ ਰੱਖਦੀ ਹੈ। ਆਪਣੇ ਆਪ 'ਤੇ ਰਾਜ ਕਰਨਾ ਧਰਮ ਨੀਤੀ ਹੈ, ਦੂਜਿਆਂ 'ਤੇ ਰਾਜ ਕਰਨਾ ਰਾਜਨੀਤੀ ਹੈ।

ਧਰਮ ਨੀਤੀ ਸੁਜਾਖੇ ਦੀਆਂ ਅੱਖਾਂ ਹਨ, ਰਾਜਨੀਤੀ ਅੰਧੇ ਦੀ ਲਾਠੀ ਹੈ।

ਦੋ ਦਿਸ਼ਾਵਾਂ ਤੋਂ ਬਹੁਤ ਸਾਰੇ ਅੰਧੇ ਆ ਰਹੇ ਹੋਵਣ ਔਰ ਉਹ ਲਾਠੀਆਂ ਅੱਗੇ ਕਰ ਕੇ ਚੱਲ ਰਹੇ ਹੋਣ ਤਾਂ ਟਕਰਾਓ ਲਾਜ਼ਮੀ ਹੈ। ਲਾਠੀਆਂ ਟਕਰਾਉਣਗੀਆਂ, ਫਿਰ ਅੰਧੇ ਟਕਰਾਉਣਗੇ।

ਪਹਿਲੇ ਰਾਜਨੀਤਕ ਦੇ ਦੂਜੇ ਰਾਜਨੀਤਕ ਨਾਲ ਵਿਚਾਰ ਟਕਰਾਂਦੇ ਹਨ, ਫਿਰ ਖ਼ੁਦ ਟਕਰਾ ਜਾਂਦਾ ਹੈ, ਇਸ ਵਾਸਤੇ ਰਾਜਨੀਤਕ ਦੁਨੀਆ ਸਿਵਾਏ ਟਕਰਾਓ ਤੋਂ ਹੋਰ ਕੁਛ ਵੀ ਨਹੀਂ ਹੈ।

ਜੋ ਆਪਣੇ ਆਪ ਤੋਂ ਹਾਰ ਗਏ ਹਨ, ਉਹ ਦੂਜਿਆਂ ਨੂੰ ਜਿੱਤਣਾ ਚਾਹੁੰਦੇ ਹਨ। ਚਾਰੇ ਪਾਸੇ ਆਪਣੇ ਤੋਂ ਹਾਰੇ ਹੋਇਆਂ ਦੀ ਭੀੜ ਵਧਦੀ ਜਾ ਰਹੀ ਹੈ। ਦੂਜਿਆਂ ਨੂੰ ਜਿੱਤਣ ਦੀ ਭਾਵਨਾ ਵੀ ਵਧਦੀ ਜਾ ਰਹੀ ਹੈ ਤੇ ਹਰ ਇਕ ਨੇ ਹੁਣ ਦੂਜੇ ਨੂੰ ਹੀ ਜਿੱਤਣਾ ਹੈ, ਤਨਾਓ ਤਾਂ ਹੋਵੇਗਾ ਹੀ ਔਰ ਇਹ ਤਨਾਓ ਟਕਰਾਓ ਨੂੰ ਜਨਮ ਦੇਣਗੇ ਔਰ ਟਕਰਾਓ ਤੋਂ ਖ਼ੂਨ-ਖ਼ਰਾਬਾ ਹੋਵੇਗਾ।

ਧਾਰਮਿਕ ਆਪਣਾ ਸਿਰ ਦੂਜਿਆਂ ਦੇ ਪੈਰਾਂ 'ਤੇ ਰੱਖਣਾ ਚਾਹੁੰਦਾ ਹੈ, ਰਾਜਨੀਤਕ ਦੂਜਿਆਂ ਦਾ ਸਿਰ ਕੁਚਲਣਾ ਚਾਹੁੰਦਾ ਹੈ। ਦੂਜੇ ਦੇ ਸਿਰ ਨੂੰ ਦਬਾ ਕੇ ਰੱਖਣਾ ਚਾਹੁੰਦਾ ਹੈ। ਅਗਰ ਸੰਸਾਰ ਵਿਚ ਆਪਣੇ ਸੁਭਾਵ (ਧਰਮ) ਤੋਂ ਵਿਪਰੀਤ ਜੀਵਨ ਵਾਲੇ ਵਧਦੇ ਗਏ, ਹਾਰੇ ਹੋਇਆਂ ਦਾ ਇਕੱਠ ਵਧਦਾ ਰਿਹਾ ਤਾਂ ਦੂਜਿਆਂ ਨੂੰ ਜਿੱਤਣ ਦੀ ਭਾਵਨਾ ਵਧਦੀ ਜਾਏਗੀ ਤੇ ਦੂਜਿਆਂ ਨੂੰ ਜਿੱਤਣ ਨਾਲ ਬਹੁਤ ਵੱਡੀ ਹਿੰਸਾ ਹੋਵੇਗੀ, ਇਸ ਵਾਸਤੇ ਰਾਜਨੀਤੀ ਹਿੰਸਾ 'ਤੇ ਖੜੀ ਹੈ।

ਤਥਾਕਥਿਤ ਅਹਿੰਸਾਵਾਦੀਆਂ ਨੇ ਇਤਨੀ ਦਫ਼ਾ ਗੋਲੀ ਚਲਾਈ ਹੈ ਕਿ ਅਹਿੰਸਾ ਪਾਖੰਡੀਆਂ ਦਾ ਅਖਾੜਾ ਬਣ ਕੇ ਰਹਿ ਗਈ ਹੈ। ਜੋ ਹਿੰਸਾ ਕਰ ਕੇ ਸੱਤਾ ਵਿਚ ਆਇਆ ਹੈ, ਉਹ ਹਿੰਸਾ ਕਰ ਕੇ ਹੀ ਸੱਤਾ ਨੂੰ ਬਚਾ ਸਕੇਗਾ।

ਗੁਰੂ ਗੋਬਿੰਦ ਸਿੰਘ ਜੀ ਨੇ ਸੱਤਾ (ਸਤ) ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ। ਜੋ ਆਪਣੇ ਸੁਭਾਵ ਵਿਚ ਜੀਅ ਰਿਹਾ ਹੈ, ਸੱਤਾ ਉਸ ਕੋਲ ਹੋਵੇ। ਜੋ ਆਪਣੇ ਸੁਭਾਵ (ਧਰਮ) ਵਿਚ ਜੀਅ ਰਿਹਾ ਹੈ, ਉਹ ਦੂਜੇ ਦਾ ਹੱਕ ਨਹੀਂ ਮਾਰੇਗਾ। ਉਸ ਕੋਲ ਜੋ ਸੱਤਾ ਹੈ, ਸਤ ਦੀ ਰੱਖਿਆ ਲਈ ਹੈ।

ਸੰਸਾਰ ਵਿਚ ਸਿਰਫ਼ ਇੱਕੋ-ਇਕ ਕੌਮ, ਇਸ ਦੀ ਮੰਗ ਅਕਾਲ ਪੁਰਖ ਅੱਗੇ ਰੋਜ਼ ਮੰਗਦੀ ਹੈ ਕਿ ਰਾਜ ਸੱਤਾ ਸਤ-ਵਾਦੀ ਦੇ ਹੱਥ ਵਿਚ ਹੋਵੇ, ਤਾਕਿ ਕੋਈ ਆਕੀ (ਦੁਖੀ) ਨਾ ਹੋਵੇ :

**ਰਾਜ ਕਰੇਗਾ ਖ਼ਾਲਸਾ, ਆਕੀ ਰਹੈ ਨ ਕੋਇ।**

ਦਰਅਸਲ ਸਤ ਮਨੁੱਖੀ ਜੀਵਨ ਦੀ ਅੱਖ ਹੈ, ਸੱਤਾ ਪੈਰ ਹਨ, ਸਤ ਨੂੰ ਪੈਰ ਚਾਹੀਦੇ ਹਨ :

*ਰਾਜ ਬਿਨਾ ਨਹਿੰ ਧਰਮ ਚਲੇ ਹੈਂ।*
*ਧਰਮ ਬਿਨਾ ਸਭ ਦਲੇ ਮਲੇ ਹੈਂ।*

ਸੱਤਾ ਸਤ ਤੋਂ ਬਿਨਾਂ ਅੰਧੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਤ ਤੇ ਸੱਤਾ ਨੂੰ, ਧਰਮ ਤੇ ਰਾਜਨੀਤੀ ਨੂੰ ਇਕ ਕੀਤਾ ਭਾਵ ਅੱਖਾਂ ਨੂੰ ਪੈਰ ਦਿੱਤੇ ਤੇ ਪੈਰਾਂ ਨੂੰ ਅੱਖਾਂ ਦਿੱਤੀਆਂ।

ਅੱਜ ਤਕ ਐਸਾ ਹੁੰਦਾ ਰਿਹਾ ਹੈ ਕਿ ਕਿਸੇ ਹੁਕਮਰਾਨ ਰਾਜੇ ਨੂੰ ਧਰਮੀ ਸੰਤ ਬਣਨ ਦਾ ਜਦ ਸ਼ੌਕ ਜਾਗਿਆ ਤਾਂ ਉਸ ਬਾਦਸ਼ਾਹਤ (ਰਾਜਨੀਤੀ) ਛੱਡ ਦਿੱਤੀ, ਜੈਸੇ ਕਿ ਭਰਥਰੀ, ਗੋਪੀ ਚੰਦ ਯਾ ਮਹਾਤਮਾ ਬੁੱਧ ਜੈਸੇ ਮਹਾਨ ਯੋਗੀ ਰਾਜਨੀਤੀ ਤੋਂ ਇਕ ਪਾਸੇ ਹੋ ਗਏ। ਜਦ ਇਹੀ ਰਾਜਨੀਤੀ ਦੇ ਯੋਗ ਪੁਰਸ਼ ਸਨ ਤੇ ਜਦ ਕਦੀ ਕਿਸੇ ਸੰਤ ਨੂੰ ਬਾਦਸ਼ਾਹ ਬਣਨ ਦਾ ਸ਼ੌਕ ਪੈਦਾ ਹੋਇਆ ਤਾਂ ਉਸ ਨੇ ਸੰਤ-ਪੁਣਾ ਛੱਡ ਦਿੱਤਾ। ਭਾਈ ਨੰਦ ਲਾਲ ਜੀ ਦਾ ਫ਼ੁਰਮਾਨ ਹੈ ਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਇਕ ਸਮੇਂ ਵਿਚ ਦੋਵੇਂ ਰੂਪ ਰੱਖਦੇ ਹਨ—ਆਪ ਬਾਦਸ਼ਾਹ ਵੀ ਹਨ, ਆਪ ਦਰਵੇਸ਼ ਵੀ ਹਨ :

*ਹੱਕ ਹੱਕ ਅੰਦੇਸ਼ ਗੁਰੁ ਗੋਬਿੰਦ ਸਿੰਘ।*
*ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ।*

*(ਤੌਸੀਫ਼ੋ ਸਨਾ, ਭਾਈ ਨੰਦ ਲਾਲ ਜੀ)*

ਸ਼ਾਇਰ ਮਸ਼ਰਿਕ ਅਲਾਮਾ ਇਕਬਾਲ ਦਾ ਕਹਿਣਾ ਹੈ ਅਗਰ ਧਰਮ ਸਿਆਸਤ ਵਿੱਚੋਂ ਕੱਢ ਲਈਏ ਤਾਂ ਫਿਰ ਵਿੱਚੋਂ ਚੰਗੇਜ਼ੀ ਬਚਦੀ ਹੈ, ਰੂਹ ਤੋਂ ਬਿਨਾਂ ਜਿਸਮ ਦੀ ਕੀ ਕੀਮਤ ਹੈ :

*ਜਲਾਲੇ ਪਾਤਸ਼ਾਹੀ ਹੋ ਯਾ ਜਮਹੂਰੀ ਤਮਾਸ਼ਾ ਹੋ,*
*ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।*

ਪੂਜਯ ਧਰਮ ਹੋਵੇ ਤੇ ਲੋੜ ਰਾਜਨੀਤੀ ਹੋਵੇ ਤਾਂ ਜਗਤ ਸੁਖੀ ਰਹਿ ਸਕਦਾ ਹੈ।

ਘਰ ਵਿਚ ਇਕ ਚੌਕੀਦਾਰ ਹੈ, ਉਹ ਘਰ ਦੀ ਰਖਵਾਲੀ ਕਰ ਰਿਹਾ ਹੈ, ਅਸੀਂ ਉਸ ਨੂੰ ਸਿਰ 'ਤੇ ਨਹੀਂ ਬਿਠਾਂਦੇ। ਉਸ ਦੇ ਗਲ ਵਿਚ ਫੁੱਲਾਂ ਦੀ ਮਾਲਾ ਨਹੀਂ ਪਹਿਨਾਂਦੇ, ਪਰ ਕੋਈ ਦੇਸ਼ ਦਾ ਚੌਕੀਦਾਰ ਹੋਵੇ। ਜੈਸੇ ਰਖਸ਼ਾ ਮੰਤਰੀ, ਅਸੀਂ ਉਸ ਨੂੰ ਸਿਰ 'ਤੇ ਬਿਠਾ ਲੈਂਦੇ ਹਾਂ ਤੇ ਇਹ ਚੌਕੀਦਾਰ, ਚੌਕੀਦਾਰ ਨਾ ਰਹਿ ਕੇ ਮਾਲਕ ਬਣ ਜਾਂਦਾ ਹੈ। ਘਰ ਵਿਚ ਇਕ ਰਸੋਈਆ ਹੈ, ਸਾਰੇ ਘਰ ਦੇ ਭੋਜਨ ਦੀ ਫ਼ਿਕਰ ਕਰਦਾ ਹੈ, ਅਸੀਂ ਉਸ ਦੀ ਪੂਜਾ ਨਹੀਂ ਕਰਦੇ, ਪਰ ਖ਼ਾਦ ਖ਼ੁਰਾਕ ਮੰਤਰੀ (ਵਜ਼ੀਰ ਖ਼ੁਰਾਕ) ਪੂਜਿਆ ਜਾ ਰਿਹਾ ਹੈ।

ਜੋ ਮੁਨੀਮ ਦੀ ਹਸਤੀ ਹੈ, ਸਾਨੂੰ ਉਹ ਰੁਤਬਾ ਦੇਸ਼ ਦੇ ਮੁਨੀਮ, ਵਿੱਤ

ਮੰਤਰੀ ਨੂੰ ਦੇਣਾ ਚਾਹੀਦਾ ਹੈ। ਕੋਈ ਘਰ ਵਿਚ ਸੇਵਾ ਕਰੇ, ਉਸ ਦਾ ਰੁਤਬਾ ਘਰ ਵਾਲਿਆਂ ਤੋਂ ਉੱਚਾ ਨਹੀਂ ਹੁੰਦਾ, ਪਰ ਕੋਈ ਦੇਸ਼ ਦੀ ਸੇਵਾ ਕਰੇ ਤਾਂ ਉਸ ਨੂੰ ਦੇਸ਼ਵਾਸੀਆਂ ਤੋਂ ਉੱਚਾ ਸਮਝਣ ਲੱਗ ਪੈਂਦੇ ਹਾਂ ਤੇ ਦੇਸ਼ਵਾਸੀ ਆਪਣੀ ਮਹਿਮਾ ਗਵਾ ਬੈਠਦੇ ਹਨ।

ਪਰ ਮਜਬੂਰੀ ਹੈ ਕਿ ਆਮ ਮਨੁੱਖ ਆਪਣੇ ਸੁਭਾਵ ਵਿਚ ਨਹੀਂ ਜੀਅ ਰਿਹਾ, ਇਸ ਵਾਸਤੇ ਰਾਜਨੀਤੀ ਪੂਜਯ ਹੋ ਗਈ ਹੈ।

ਹਰ ਵਿਅਕਤੀ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਸੁਭਾਵ (ਧਰਮ) ਵਿਚ ਜੀਵੇ ਤਾਕਿ ਰਾਜਨੀਤੀ ਕਦਮਾਂ ਵਿਚ ਰਹੇ, ਸਿਰ 'ਤੇ ਚੜ੍ਹ ਕੇ ਨਾ ਬੈਠੇ।

•

# ਅੰਤਰ-ਮੁਖੀ ਤੇ ਬਾਹਰ-ਮੁਖੀ

ਬਿਰਤੀ ਦੇ ਪ੍ਰਵਾਹ (ਵੇਗ) ਕਰਕੇ ਮਨੁੱਖ ਤਿੰਨ ਤਰ੍ਹਾਂ ਦੇ ਹੁੰਦੇ ਹਨ: ਪ੍ਰਥਮ ਅੰਤਰ-ਮੁਖੀ, ਦੂਜਾ ਬਾਹਰ-ਮੁਖੀ, ਤੀਜਾ ਕਦੇ ਅੰਤਰ-ਮੁਖੀ ਤੇ ਕਦੇ ਬਾਹਰ-ਮੁਖੀ।

ਅੰਤਰ-ਮੁਖੀ ਦਾ ਸਭ ਕੁਛ ਅੰਦਰ ਹੀ ਹੈ, ਉਸ ਨੂੰ ਆਪਣੇ ਆਪ ਵਿਚ ਅੰਤਰ-ਆਤਮੇ ਐਸਾ ਰਸ (ਅਨੰਦ) ਮਿਲਿਆ ਹੈ, ਉਹ ਹਰ ਵਕਤ ਆਪਣੇ ਵਿਚ ਡੁਬਕੀ ਲਾਈ ਰੱਖਦਾ ਹੈ।

ਸੱਚਾਈ ਤਾਂ ਇਹ ਹੈ ਕਿ ਆਤਮਾ ਦੀ ਪ੍ਰਾਪਤੀ ਤਾਂ ਅੰਦਰੋਂ ਹੀ ਹੋਵੇਗੀ। ਸ਼ਬਦ ਜਾਪ ਦੁਆਰਾ ਬ੍ਰਿਤੀ ਦਾ ਵੇਗ ਜਦ ਅੰਤਰ-ਗਮਨ ਕਰਦਾ ਹੈ ਤਾਂ ਗਹਿਰੇ ਤਲ ਵਿਚ ਜਾ ਕੇ ਉਸ ਨੂੰ ਪਰਮ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਉਸ ਪਰਮ ਅਨੰਦ ਦੇ ਮਿਲਦਿਆਂ ਮਾਨੋ ਸਭ ਕੁਝ ਮਿਲ ਗਿਆ। ਇਸ ਤਰ੍ਹਾਂ ਦੇ ਮਨੁੱਖ ਦੀ ਬਾਹਰੋਂ ਭਟਕਣਾ ਮੁੱਕ ਜਾਂਦੀ ਹੈ:

**ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥**

*(ਮਾਰੂ ਮਹਲਾ ੫, ਪੰਨਾ 1002)*

ਉਸ ਨੂੰ ਤਾਂ ਆਪਣੇ ਪਿੰਡ (ਸਰੀਰ) ਦੇ ਅੰਦਰ ਹੀ ਬ੍ਰਹਿਮੰਡ ਮਿਲ ਜਾਂਦਾ ਹੈ:

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥**

*(ਭਗਤ ਪੀਪਾ ਜੀ, ਪੰਨਾ 695)*

ਪੱਕੇ ਨਾਰੀਏਲ ਦੀ ਗਿਰੀ ਜਿਵੇਂ ਰਹਿੰਦੀ ਤਾਂ ਖੋਲ ਦੇ ਅੰਦਰ ਹੀ ਹੈ, ਪਰ ਖੋਲ ਨਾਲੋਂ ਸੰਬੰਧ ਤੋੜ ਬੈਠੀ ਹੈ। ਅੰਤਰ-ਮੁਖੀ ਸੰਸਾਰ ਵਿਚ ਇਸੇ ਭਾਂਤ ਰਹਿੰਦਾ ਹੈ। ਘਰ ਵਿਚ ਤਾਂ ਹੈ, ਪਰ ਘਰ ਨਾਲ ਹੁਣ ਬਹੁਤ ਗਹਿਰਾ ਸੰਬੰਧ ਨਹੀਂ। ਸੰਸਾਰ ਅੰਦਰ ਹੁੰਦਿਆਂ ਹੋਇਆਂ ਵੀ ਸੰਸਾਰ ਦੀ ਪਕੜ ਨਹੀਂ ਹੈ। ਬਾਹਰ ਦੇ ਰੰਗ ਤਮਾਸ਼ੇ ਰਸ ਕਸ ਹੁਣ ਉਸ 'ਤੇ ਪ੍ਰਭਾਵ ਨਹੀਂ ਪਾਂਦੇ। ਹੁਣ ਤਾਂ ਕਰੋੜਾਂ ਤਰ੍ਹਾਂ ਦੇ ਰੰਗ ਤਮਾਸ਼ੇ ਉਸ ਦੇ ਅੰਦਰ ਹੀ ਚੱਲਦੇ ਹਨ:

**ਤਿਥੈ ਨਾਦ ਬਿਨੋਦ ਕੋਡ ਅਨੰਦੁ॥** *(ਜਪੁਜੀ, ਪੰਨਾ 7)*

ਅੰਤਰ-ਮੁਖੀ ਸ਼ਕਤੀਸ਼ਾਲੀ ਹੋਵੇਗਾ, ਕਿਉਂਕਿ ਸਾਰਾ ਸ਼ਕਤੀ ਦਾ ਵੇਗ ਅੰਦਰ ਹੀ ਹੈ। ਇਸ ਤਰ੍ਹਾਂ ਦਾ ਮਨੁੱਖ ਕੋਈ ਲੋਭ ਦੇ ਕੇ ਯਾ ਕੋਈ ਭੈਅ ਦੇ ਕੇ ਗਿਰਾਇਆ ਨਹੀਂ ਜਾ ਸਕਦਾ:

**ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥** *(ਕਬੀਰ ਜੀ, ਪੰਨਾ 1162)*

ਜਿਸ ਸਿਖਰ 'ਤੇ ਪੁੱਜ ਕੇ ਇਹ ਪਰਮ-ਰਸ ਮਾਣ ਰਿਹਾ ਹੈ, ਉਸ ਤੋਂ ਥੱਲੇ ਲਿਆਵਣਾ ਔਖਾ ਹੈ, ਚਾਹੇ ਇਸ ਤਰ੍ਹਾਂ ਮਹਾਨ ਸ਼ਕਤੀਸ਼ਾਲੀ ਦੇ ਬੰਦ ਬੰਦ ਕੱਟ ਦੇਵੋ, ਚਾਹੇ ਉਬਲਦੀ ਦੇਗ ਵਿਚ ਉਬਾਲ ਦੇਵੋ। ਇਹ ਇਕ ਅਟੱਲ ਸੱਚਾਈ ਹੈ ਕਿ ਜਿਸ ਨੂੰ ਪਰਮ ਅਨੰਦ ਮਿਲਿਆ ਹੈ, ਅੰਤਰ-ਆਤਮੇ ਹੀ ਮਿਲਿਆ ਹੈ, ਬਾਕੀ ਮਿਲਾਪ ਦੀਆਂ ਫੋਕੀਆਂ ਗੱਲਾਂ ਹੀ ਕਰਦੇ ਹਨ:

**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥**

*(ਮ: ੨, ਪੰਨਾ 791)*

ਜੀਵਨ-ਰਸ ਦੀ ਧਾਰ ਉਦੋਂ ਸ਼ੁਰੂ ਹੁੰਦੀ ਹੈ, ਜਦ ਮਨੁੱਖ ਥੋੜਾ ਅੰਤਰ-ਮੁਖੀ ਹੁੰਦਾ ਹੈ। ਕਦੀ ਕਦਾਈਂ ਸੰਗੀਤ ਸੁਣ ਕੇ, ਕਵਿਤਾ ਸੁਣ ਕੇ, ਨ੍ਰਿਤ ਵੇਖ ਕੇ ਜੋ ਥੋੜਾ ਰਸ ਆ ਜਾਂਦਾ ਹੈ, ਉਦੋਂ ਅਸੀਂ ਥੋੜਾ ਅੰਦਰ ਚਲੇ ਜਾਂਦੇ ਹਾਂ। ਬਾਹਰੋਂ ਸੰਗੀਤ ਨ੍ਰਿਤ ਦੇ ਧੱਕੇ ਨਾਲ ਜਦ ਬਿਰਤੀ ਥੋੜੀ ਜਿਹੀ ਅੰਦਰ ਗਈ, ਤਾਂ ਇਹ ਰਸ ਮਿਲਦਾ ਹੈ, ਪਰ ਇਹ ਰਸ ਵਕਤੀ ਹੁੰਦਾ ਹੈ, ਕਿਉਂਕਿ ਸੰਗੀਤ, ਨ੍ਰਿਤ ਯਾ ਇਸ ਤਰ੍ਹਾਂ ਹੋਰ ਸਾਧਨ ਕੋਈ ਬਹੁਤ ਗਹਿਰਾ ਧੱਕਾ ਨਹੀਂ ਮਾਰ ਸਕਦੇ। ਸਾਗਰ ਦੇ ਕੰਢੇ, ਜੋ ਸੰਖ ਸਿੱਪੀਆਂ ਲੱਭ ਜਾਂਦੇ ਹਨ, ਅਸੀਂ ਉਨ੍ਹਾਂ ਨੂੰ ਸਭ ਕੁਛ ਸਮਝ ਲੈਂਦੇ ਹਾਂ, ਪਰ ਗਹਿਰੇ ਤਲ ਵਿਚ ਤਾਂ ਸੁੱਚੇ ਮੋਤੀ ਪਏ ਹਨ, ਇਸ ਗਹਿਰੇ ਤਲ ਵਿਚ ਉਤਰ ਕੇ ਪਰਮ-ਰਸ ਪਰਮ-ਅਨੰਦ ਮਾਨਣ ਲਈ ਕੇਵਲ ਨਾਮ ਜਪ ਹੀ ਸਹਾਇਕ ਹੈ। ਨਾਮ ਜਪ ਤੇ ਗੁਰੂ ਕ੍ਰਿਪਾ ਨਾਲ ਜਦ ਕੋਈ ਗਹਿਰਾਈਆਂ ਵਿਚ ਉਤਰਦਾ ਹੈ ਤਾਂ ਸਭ ਕੁਛ ਉਸ ਨੂੰ ਅੰਤਰ-ਆਤਮੇ ਮਿਲ ਜਾਂਦਾ ਹੈ ਤੇ ਅੰਦਰ ਹੀ ਠਹਿਰ ਜਾਂਦਾ ਹੈ, ਇਸ ਤਰ੍ਹਾਂ ਦੇ ਮਨੁੱਖ ਨੂੰ ਅੰਤਰ-ਮੁਖੀ ਆਖਦੇ ਹਨ।

ਬਾਹਰ-ਮੁਖੀ—ਜਿਸ ਦਾ ਸਭ ਕੁਛ ਬਾਹਰ ਹੈ, ਕੋਈ ਲੱਖਾਂ ਵਿਚ ਹੀ ਇਕ-ਅੱਧ ਮਨੁੱਖ ਅੰਤਰ-ਮੁਖੀ ਹੁੰਦਾ ਹੈ, ਬਾਕੀ ਤਾਂ ਸਭ ਬਾਹਰ-ਮੁਖੀ ਹਨ। ਐਸੇ ਮਨੁੱਖ ਦੀਆਂ ਖ਼ੁਸ਼ੀਆਂ ਸਭ ਬਾਹਰ ਹਨ—ਮਿੱਤਰ, ਧਨ-ਸੰਪਦਾ, ਮਨੋਰੰਜਨ, ਬਾਲ-ਪਰਿਵਾਰ, ਖਾਣ-ਪਾਣ, ਪਹਿਰਾਣ ਉਸ ਦਾ ਰਸ ਹੋਵੇਗਾ। ਬਾਹਰ ਦਾ ਸਭ ਕੁਛ ਅਸਥੂਲ ਹੈ। ਬਾਹਰ-ਮੁਖੀ ਅਸਥੂਲ ਬੁੱਧੀ ਦਾ ਹੋਵੇਗਾ।

ਬਾਹਰ ਕੁਛ ਅਸਥਿਰ ਨਹੀਂ ਹੈ, ਜਦ ਕੁਛ ਮਿਲੇਗਾ ਤਾਂ ਅਹੰਕਾਰ ਨਾਲ ਭਰ ਜਾਵੇਗਾ, ਜਦ ਖੋਹ ਜਾਵੇਗਾ ਤਾਂ ਰੋਵਣ ਲੱਗ ਪਵੇਗਾ:

**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ॥**

*(ਆਸਾ ਬਾਣੀ ਰਵਿਦਾਸ ਕੀ, ਪੰਨਾ 487)*

ਬਾਹਰ-ਮੁਖੀ ਕੋਲ ਸਦੀਵੀ ਖ਼ੁਸ਼ੀ ਨਹੀਂ ਹੁੰਦੀ, ਜੋ ਮਿਲਿਆ ਹੈ ਉਸ ਦੀ ਖ਼ੁਸ਼ੀ ਤਾਂ ਹੈ, ਪਰ ਬਿਨਸਨ ਦਾ, ਖ਼ੁਸ਼ੀ ਦੇ ਚਲੇ ਜਾਣ ਦਾ ਡਰ ਵੀ ਹੈ, ਇਹ ਡਰ ਖ਼ੁਸ਼ੀ ਨੂੰ ਵਿਦਾ ਕਰ ਦੇਂਦਾ ਹੈ। ਬਾਹਰ ਦੀ ਖ਼ੁਸ਼ੀ ਤਾਂ ਬੱਦਲਾਂ ਦੀ ਛਾਂ ਹੈ :

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥**

*(ਸਾਰੰਗ ਮਹਲਾ ੯, ਪੰਨਾ 1231)*

ਰਾਜਨੀਤਕ ਦਾ ਸਭ ਕੁਛ ਬਾਹਰ ਹੈ—ਪਦ-ਪ੍ਰਤਿਸ਼ਠਾ, ਸਿੰਘਾਸਨ, ਕੁਰਸੀ ਬਾਹਰ ਹੈ, ਲਿਹਾਜ਼ਾ ਇਹ ਸਭ ਤੋਂ ਜ਼ਿਆਦਾ ਭੈ-ਭੀਤ ਤੇ ਬੇਚੈਨ ਹੁੰਦਾ ਹੈ।

ਤਥਾਕਥਿਤ ਸੰਤ ਵੀ ਬਾਹਰ-ਮੁਖੀ ਹਨ, ਕੋਈ ਪੂਜਾ-ਪ੍ਰਤਿਸ਼ਠਾ ਵਿਚ ਫ਼ਰਕ ਪੈ ਜਾਵੇ ਤਾਂ ਦੁਖੀ ਹੁੰਦੇ ਹਨ। ਇਹ ਕਿਸੇ ਸੰਤ ਨੂੰ ਯਾ ਹੋਰ ਕਿਸੇ ਵਿਅਕਤੀ ਨੂੰ ਮਾਣ-ਸਨਮਾਨ ਦੇਣਗੇ ਤਾਂ ਉਸ ਦਾ ਮਾਲ-ਅਸਬਾਬ ਦੇਖ ਕੇ ਹੀ ਦੇਣਗੇ। ਮਹਾਨਤਾ ਦੇ ਮਾਪ ਤੋਲ ਇਨ੍ਹਾਂ ਕੋਲ ਬਾਹਰ ਦੇ ਹਨ। ਇਹ ਆਪਣੇ ਧਾਰਮਿਕ ਸੰਮੇਲਨ ਦਾ ਉਦਘਾਟਨ ਧਨਵਾਨ ਯਾ ਰਾਜਨੀਤਕ ਕੋਲੋਂ ਕਰਾਉਣਗੇ। ਧਨ ਤੇ ਰਾਜਨੀਤੀ ਦੀ ਪ੍ਰਤਿਸ਼ਠਾ ਇਸ ਗੱਲ ਦਾ ਸਬੂਤ ਹੈ ਕਿ ਇਹ ਮਨੁੱਖ ਬਾਹਰ-ਮੁਖੀ ਹੈ।

ਜਦ ਅੰਤਰ-ਮੁਖੀ ਸਨਮਾਨਿਤ ਸੀ ਤੇ ਅੰਤਰ-ਆਤਮੇ ਦੀ ਕੁਛ ਸੋਝੀ ਸੀ ਤਾਂ ਰਾਜੇ-ਮਹਾਰਾਜੇ ਉਸ ਅੰਤਰ-ਮੁਖੀ ਦੇ ਆ ਕੇ ਚਰਨ ਪਰਸਦੇ ਸਨ, ਜੋ ਸਿਰਫ਼ ਤਿੰਨ ਕਪੜਿਆਂ ਵਿਚ ਹੀ ਸੀ ਯਾ ਸਿਰਫ਼ ਇਕ ਕੁਪੀਨ ਪਹਿਨ ਰੱਖੀ ਹੁੰਦੀ ਸੀ। ਸੂਝ ਸੀ ਕਿ ਇਹ ਅਗੰਮੀ ਸੰਪਦਾ ਦਾ ਮਾਲਕ ਹੈ।

ਅੰਤਰ-ਮੁਖੀ ਦੀ ਸੂਝ ਸਮਝ ਖ਼ਤਮ ਹੋਈ ਹੈ ਤੇ ਅੰਤਰ-ਮੁਖੀ ਵੀ ਟਾਵਾਂ ਟਾਵਾਂ ਹੀ ਰਹਿ ਗਿਆ ਤਾਂ ਬਾਹਰ-ਮੁਖੀ ਜੀਵਨ ਬਤੀਤ ਕਰਨ ਵਾਲੇ ਉਨ੍ਹਾਂ ਅੱਗੇ ਡਿੱਗਦੇ ਹਨ, ਜਿਨ੍ਹਾਂ ਕੋਲ ਬਾਹਰ ਬਹੁਤ ਕੁਛ ਹੈ। ਹੁਣ ਸੰਤ, ਮਹੰਤ, ਧਨਵਾਨ, ਰਾਜਨੀਤਕ ਦੇ ਆਲੇ-ਦੁਆਲੇ ਚੱਕਰ ਲਾਂਦੇ ਹਨ, ਕਿਉਂਕਿ ਨਾਮ-ਮਾਤਰ ਧਾਰਮਿਕ ਹਨ, ਇਨਾਂ ਦਾ ਤਾਂ ਸਭ ਕੁਛ ਬਾਹਰ ਹੈ ਤੇ ਬਾਹਰੋਂ ਜਿਹੜਾ ਜ਼ਿਆਦਾ ਉੱਨਤ ਹੈ, ਪੂਜਯ ਹੋ ਜਾਵੇਗਾ। ਬਾਹਰ-ਮੁਖੀ ਨੂੰ ਆਪਣੀ ਪੂਜਾ-ਪ੍ਰਤਿਸ਼ਠਾ ਵਧਾਉਣ ਲਈ ਬਾਹਰੋਂ ਸਾਜ਼ੋ-ਸਾਮਾਨ ਜੁਟਾਣੇ ਪੈਣਗੇ ਤੇ ਉਸ ਦੀ ਸਾਰੀ ਭੱਜ-ਦੌੜ ਦਾ ਸਿੱਟਾ ਬਾਹਰ ਹੀ ਹੋਵੇਗਾ।

ਅੰਤਰ-ਮੁਖੀ ਆਪਣੇ ਅੰਤਰ-ਆਤਮੇ ਪਰਮ-ਰਸ ਪ੍ਰਾਪਤ ਕਰ, ਉਸ ਵਿਚ

ਹੀ ਮਗਨ ਹੁੰਦਾ ਹੈ। ਕੋਈ ਪੂਜਾ ਕਰੇ ਯਾ ਨਾ ਕਰੇ, ਇਸ ਨਾਲ ਉਸ ਦਾ ਕੋਈ ਨਾਤਾ ਨਹੀਂ ਰਹਿੰਦਾ:

**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥**

*(ਰਾਗ ਦੇਵਗੰਧਾਰੀ ਮ: 4, ਪੰਨਾ 528)*

ਹਰ ਮਨੁੱਖ ਧਨਵਾਨ ਤੇ ਰਾਜਨੀਤਕ ਬਣਨਾ ਚਾਹੁੰਦਾ ਹੈ, ਕਿਉਂਕਿ ਇਹੀ ਪੂਜਯ ਹਨ, ਇਨ੍ਹਾਂ ਦਾ ਹੀ ਸਨਮਾਨ ਹੈ। ਜਿਸ ਦਿਨ ਅਧਿਆਤਮ ਗੁਣਾਂ ਦਾ ਸਨਮਾਨ ਹੋਵੇਗਾ, ਜਗਤ ਧਾਰਮਿਕ ਬਣੇਗਾ, ਧਨ ਸਿਰਫ਼ ਲੋੜ ਹੋਵੇਗੀ, ਧਨ ਪੂਜਯ ਨਹੀਂ ਹੋਵੇਗਾ। ਅੱਜ ਤਾਂ ਅੰਤਰ-ਮੁਖੀ ਇਤਨੇ ਥੋੜੇ ਹਨ ਕਿ ਦਰਸ਼ਨ ਦੁਰਲੱਭ ਹਨ।

ਤੀਜੀ ਸ਼੍ਰੇਣੀ, ਜੋ ਕਦੇ ਅੰਤਰ-ਮੁਖੀ ਤੇ ਕਦੇ ਬਾਹਰ-ਮੁਖੀ ਹੁੰਦੇ ਹਨ, ਇਨ੍ਹਾਂ ਦੀ ਹੈ।

ਇਸ ਸ਼੍ਰੇਣੀ ਵਿਚ ਕਵੀ, ਸੰਗੀਤਕਾਰ, ਨ੍ਰਿਤਕਾਰ, ਚਿੱਤਰਕਾਰ, ਮੂਰਤੀਕਾਰ ਆ ਜਾਂਦੇ ਹਨ। ਕਲਾਕਾਰ ਦਰਅਸਲ ਥੋੜਾ ਅੰਤਰ-ਮੁਖੀ ਹੈ, ਪੂਰਾ ਨਹੀਂ ਹੈ। ਜਦ ਕਲਾਕਾਰ ਅੰਤਰ-ਮੁਖੀ ਹੁੰਦਾ ਹੈ, ਉਸ ਅੰਦਰੋਂ ਕਲਾ ਜਨਮ ਲੈਂਦੀ ਹੈ, ਪਰ ਜੇ ਕਿਧਰੇ ਅੰਤਰ ਚਲਾ ਜਾਏ ਤਾਂ ਉਸ ਦੇ ਅੰਦਰੋਂ ਪਰਮ-ਅਨੰਦ ਵੀ ਜਨਮ ਲੈ ਸਕਦਾ ਹੈ।

ਕਲਾਕਾਰ ਅਨੰਦ ਦੇ ਨਿਕਟ ਹੈ। ਕਲਾਕਾਰ ਮੱਧ ਵਿਚ ਜੀਂਵਦਾ ਹੈ। ਕਵੀ ਦੀ ਕਵਿਤਾ ਸੁਣ, ਅਸੀਂ ਰਸ-ਮਗਨ ਹੋ ਜਾਂਦੇ ਹਾਂ ਤੇ ਸੋਚਦੇ ਹਾਂ, ਇਹ ਮਨੁੱਖ ਬਹੁਤ ਗਹਿਰੇ ਤਲ ਵਿਚ ਜ਼ਿੰਦਗੀ ਬਤੀਤ ਕਰ ਰਿਹਾ ਹੈ, ਪਰ ਐਸਾ ਸੋਚ ਕਿਧਰੇ ਉਸ ਦੇ ਦਰਸ਼ਨ ਕਰਨ ਚਲੇ ਜਾਈਏ ਤਾਂ ਸ਼ਰਾਬ ਪੀਂਦਾ ਮਿਲੇਗਾ ਯਾ ਬਾਕੀ ਨਸ਼ੇ ਕਰਦਾ ਮਿਲੇਗਾ। ਜਦ ਬਿਰਤੀ ਦਾ ਵੇਗ ਬਾਹਰ-ਮੁਖੀ ਹੁੰਦਾ ਹੈ ਤਾਂ ਬਾਹਰੋਂ ਅਭਾਵ ਮਹਿਸੂਸ ਕਰਦਾ ਹੈ ਤੇ ਬੇਚੈਨ ਹੋ ਜਾਂਦਾ ਹੈ।

ਸੱਚ ਤਾਂ ਇਹ ਹੈ ਕਿ ਕਲਾਕਾਰ ਮਨੁੱਖੀ ਜਗਤ ਵਿਚ ਸਭ ਤੋਂ ਜ਼ਿਆਦਾ ਬੇਚੈਨ ਹੁੰਦਾ ਹੈ, ਇਸ ਲਈ ਕਲਾਕਾਰ ਕੋਲ ਕੋਈ ਨੈਤਿਕਤਾ ਵੀ ਨਹੀਂ ਹੁੰਦੀ। ਜਿਹੜੀ ਆਮ ਪੱਧਰ ਦੀ ਨੈਤਿਕ ਬਾਹਰ-ਮੁਖੀ ਨੇ ਸਾਧੀ ਹੁੰਦੀ ਹੈ, ਉਹ ਨੈਤਿਕਤਾ ਵੀ ਉਸ ਪਾਸ ਵੇਖਣ ਨੂੰ ਨਹੀਂ ਮਿਲਦੀ। ਜੋ ਥੋੜਾ ਬਹੁਤ ਅੰਤਰ-ਝਾਤ ਮਾਰ ਕੇ ਰਸ ਪ੍ਰਾਪਤ ਕਰ ਲੈਂਦਾ ਹੈ, ਉਸ ਨਾਲ ਬਾਹਰੋਂ ਉਸ ਨੂੰ ਸਭ ਕੁਝ ਤੁੱਛ ਜਿਹਾ ਪ੍ਰਤੀਤ ਹੁੰਦਾ ਹੈ, ਇਸ ਲਈ ਬਾਹਰ ਸਮਾਜਿਕ ਨਿਯਮ ਦੀ ਪਾਲਣਾ ਵੀ ਉਸ ਲਈ ਬੇਹੂਦਾ ਜਾਪੇਗੀ। ਹੈਰਾਨੀ ਹੁੰਦੀ ਹੈ ਕਿ ਉੱਚ-ਪੱਧਰ ਦਾ ਕਵੀ (ਸ਼ਾਇਰ) ਤੇ ਸ਼ਰਾਬੀ ਤੇ ਅਨੈਤਿਕ ਚਰਿੱਤਰ-ਹੀਨ ਦਰਅਸਲ ਕਲਾਕਾਰ ਬਾਹਰ ਦਾ ਮੂਲ ਤਾਂ ਗਵਾ ਬੈਠਾ ਹੈ, ਪਰ ਅੰਦਰ ਉਸ ਨੂੰ ਪੂਰਨ

ਰਸ ਦੀ ਪ੍ਰਾਪਤੀ ਨਹੀਂ ਹੋਈ। ਇਹ ਅਧੂਰੀ ਜ਼ਿੰਦਗੀ ਬੇਚੈਨੀ ਦਾ ਕਾਰਨ ਬਣਦੀ ਹੈ। ਜਦ ਕਲਾਕਾਰ ਬਾਹਰ-ਮੁਖੀ ਹੁੰਦਾ ਹੈ ਤਾਂ ਅੰਦਰ ਦਾ ਸਭ ਕੁਝ ਖੇਲ ਤਮਾਸ਼ਾ ਹੀ ਪ੍ਰਤੀਤ ਹੁੰਦਾ ਹੈ, ਔਰ ਜਦ ਅੰਤਰ-ਮੁਖੀ ਹੁੰਦਾ ਹੈ ਤਾਂ ਬਾਹਰ ਸਭ ਕੁਛ ਫੋਕਾ ਜਾਪਦਾ ਹੈ। ਇਹ ਦੋ-ਤਰਫ਼ੀ ਜ਼ਿੰਦਗੀ ਇਸ ਨੂੰ ਤੋੜ ਕੇ ਰੱਖ ਦੇਂਦੀ ਹੈ। ਕਵੀ, ਦਾਰਸ਼ਨਿਕ ਤੇ ਇਸ ਤਰ੍ਹਾਂ ਹੋਰ ਅਧੂਰੇ ਅੰਤਰ-ਮੁਖੀ ਅਤਿਅੰਤ ਪੀੜਾ-ਦਾਇਕ ਜੀਵਨ ਬਤੀਤ ਕਰਦੇ ਹਨ। ਅਧਿਕਤਰ ਸ਼੍ਰੇਣੀ ਬਾਹਰ-ਮੁਖੀਆਂ ਦੀ ਹੈ, ਜੋ ਕਦੀ ਅੰਦਰ ਝਾਤ ਮਾਰਦੇ ਹੀ ਨਹੀਂ। ਅੰਦਰ ਵੀ ਕੁਛ ਹੈ, ਇਸ ਦਾ ਬਿਲਕੁਲ ਬੋਧ ਨਹੀਂ ਯਾ ਇਤਨੇ ਮਸਰੂਫ਼ ਹਨ ਕਿ ਵਕਤ ਹੀ ਨਹੀਂ ਮਿਲਦਾ, ਅੰਦਰ ਝਾਤ ਮਾਰਨ ਦਾ। ਦੂਜੇ ਉਹ ਹਨ, ਜੋ ਕਦੇ ਅੰਦਰ ਤੇ ਕਦੇ ਬਾਹਰ।

ਤੀਜੀ ਸ਼੍ਰੇਣੀ ਯਾ ਪ੍ਰਥਮ ਸ਼੍ਰੇਣੀ ਦੇ ਉਹ ਮਹਾਨ ਮਨੁੱਖ ਹਨ, ਜੋ ਸਦੀਵੀ ਅੰਤਰ-ਮੁਖੀ ਹੋ ਗਏ ਹਨ। ਸੋ ਬਾਹਰ-ਮੁਖੀ ਦਾ ਪਰਮਾਤਮਾ ਬਾਹਰ ਹੋਵੇ, ਕਿਸੇ ਸਤਵੇਂ ਆਸਮਾਨ 'ਤੇ ਯਾ ਪਾਤਾਲ ਬੈਕੁੰਠ ਵਿਚ। ਅੰਤਰ-ਮੁਖੀ ਦਾ ਪਰਮਾਤਮਾ ਅੰਦਰ ਹੈ ਔਰ ਉਸ ਨੂੰ ਮਿਲਿਆ ਹੋਇਆ ਹੈ। ਅੰਦਰ ਤੇ ਬਾਹਰ ਜੋ ਦੋ-ਤਰਫ਼ੀ ਹੈ, ਉਹ ਦੁਬਿਧਾ ਵਿਚ ਹੈ। ਉਸ ਦੀ ਬੌਧਿਕ ਸ਼ਕਤੀ ਫ਼ੈਸਲਾ ਨਹੀਂ ਕਰ ਪਾਂਦੀ, ਇਸ ਲਈ ਇਸ ਦੁਬਿਧਾ ਕਰਕੇ ਜੀਵਨ ਡਾਵਾਂ-ਡੋਲ ਰਹਿੰਦਾ ਹੈ ਤੇ ਜ਼ਿਆਦਾ ਮਾਨਸਿਕ ਤਨਾਓ ਵਿਚ ਰਹਿੰਦਾ ਹੈ।

•

# ਮੰਦਿਰ

ਰਹਿਣ ਲਈ ਆਲ੍ਹਣੇ ਤਾਂ ਪੰਛੀ ਵੀ ਬਣਾਂਦੇ ਹਨ। ਖੁੱਡਾਂ-ਖੁੱਡਾਂ ਪਸ਼ੂ ਤੇ ਕੀੜੇ-ਮਕੌੜੇ ਰਹਿਣ ਲਈ ਬਣਾਂਦੇ ਹਨ, ਪਰ ਮੰਦਿਰ ਔਰ ਉਹ ਵੀ ਭਗਵਾਨ ਦਾ ਮੰਦਿਰ (ਹਰਿਮੰਦਰ) ਕੇਵਲ ਮਨੁੱਖ ਬਣਾਂਦੇ ਹਨ। ਭਾਰਤ ਤਾਂ ਉਂਜ ਵੀ ਮੰਦਿਰਾਂ ਦਾ ਦੇਸ਼ ਹੈ, ਇਸ ਦੇ ਖ਼ੂਬਸੂਰਤ ਮੰਦਿਰ ਸੈਲਾਨੀਆਂ ਦਾ ਦਿਲ ਖਿੱਚਦੇ ਹਨ।

ਮੰਦਿਰ ਦੀ ਅਹਿਮੀਅਤ ਕੀ ਹੈ ? ਜੀਵਨ ਲਈ ਇਸ ਦਾ ਉਪਯੋਗ ਕੀ ਹੈ ? ਇਸ ਸੰਬੰਧ ਵਿਚ ਥੋੜੀ ਇਸ ਲੇਖ ਦੁਆਰਾ ਵਿਚਾਰ ਕਰਨੀ ਹੈ।

ਜਿਥੇ ਸਮੂਹਿਕ ਰੂਪ 'ਚ ਬੈਠ ਕੇ ਨਾਮ ਜਪਿਆ ਜਾਵੇ ਔਰ ਦਿਨ ਰਾਤ ਇਹ ਕਰੋਤੱਵ ਚੱਲਦਾ ਰਹੇ ਤਾਂ ਉਹ ਜਗ੍ਹਾ ਪਵਿੱਤਰ ਹੋ ਜਾਂਦੀ ਹੈ। ਉਥੇ ਆਲੇ-ਦੁਆਲੇ ਵਿਚਾਰ-ਤਰੰਗਾਂ ਪਵਿੱਤਰ ਹੋ ਜਾਂਦੀਆਂ ਹਨ। ਫਿਰ ਸਹਿਜੇ ਸਹਿਜੇ ਨਵੇਂ ਆਤਮ-ਰਸੀਆਂ ਲਈ ਉਹ ਜਗ੍ਹਾ ਸਹਾਇਕ ਹੁੰਦੀ ਹੈ। ਉਥੇ ਬੈਠ ਕੇ ਸ਼ਾਂਤੀ ਮਿਲਦੀ ਹੈ, ਜਿਥੇ ਬੈਠ ਕੇ ਕਿਸੇ ਦੀ ਕੀਤੀ ਹੋਈ ਤਪੱਸਿਆ ਸਫਲ ਹੋ ਗਈ ਹੈ, ਉਸ ਨੂੰ ਪਰਮ-ਅਨੰਦ ਮਿਲ ਗਿਆ ਹੋਵੇ, ਉਹ ਤਾਂ ਤੀਰਥ ਕਹਿਲਾਂਦੀ ਹੈ। ਉਥੇ ਲਗਾਤਾਰ ਨਾਮ-ਅਭਿਆਸ, ਉਸ ਥਾਂ ਨੂੰ ਅਧਿਆਤਮਕ ਜੀਵਨ ਪ੍ਰਦਾਨ ਕਰਦਾ ਹੈ।

ਸੋ ਪਰਮਾਤਮਾ ਅਕਾਲ ਪੁਰਖ ਦਾ ਮੰਦਿਰ ਉਹੀ ਹੈ, ਜਿਥੇ ਬੈਠ ਕੇ ਪਰਮਾਤਮਾ ਦੀ ਯਾਦ ਆਵੇ।

ਇੱਟਾਂ ਦਾ ਢੇਰ ਯਾ ਸੰਗਮਰਮਰ ਦੇ ਲੱਦੇ ਹੋਏ ਮਹੱਲ ਨੂੰ ਮੰਦਿਰ ਨਹੀਂ ਆਖਦੇ। ਜਿਥੇ ਜੀਵੰਤ ਲਹਿਰਾਂ ਹੋਵਣ, ਜਿਥੋਂ ਦੀ ਹਵਾ ਅੰਦੋਲਤ ਕਰੇ, ਜਿਥੋਂ ਦੀ ਫ਼ਿਜ਼ਾ ਮਨ ਨੂੰ ਅਧਿਆਤਮ ਤਰੰਗਾਂ ਦੇਵੇ, ਉਹ ਮੰਦਿਰ ਹੈ।

ਜੈਸੇ ਸਰੀਰ ਨੂੰ ਅੰਨ ਪਾਣੀ ਦੇਣਾ ਬੰਦ ਕਰ ਦੇਈਏ ਤਾਂ ਇਹ ਸਰੀਰ ਮੁਰਦਾ ਹੋ ਜਾਂਦਾ ਹੈ। ਜਿਥੇ ਭਜਨ ਕੀਰਤਨ ਨਾ ਹੋਵੇ, ਜਿਥੇ ਬੈਠ ਕੋਈ ਆਤਮ-ਅਭਿਆਸ ਨਾ ਕੀਤਾ ਜਾਵੇ ਤਾਂ ਇਕ ਦਿਨ ਉਹ ਮੰਦਿਰ ਵੀ ਮੁਰਦਾ ਹੋ ਜਾਂਦਾ ਹੈ। ਉਥੇ ਅਧਿਆਤਮ ਮੁਰਦਗੀ ਛਾਈ ਹੁੰਦੀ ਹੈ।

ਭਾਰਤ ਵਿਚ ਅਨੇਕਾਂ ਐਸੇ ਕੀਮਤੀ ਪੱਥਰਾਂ ਦੇ ਬਣੇ ਹੋਏ ਮੰਦਿਰ ਹਨ,

ਜੋ ਕਿਸੇ ਵਕਤ ਜ਼ਿੰਦਾ ਸਨ, ਅੱਜ ਮੁਰਦਾ ਹਨ। ਉਹਨਾਂ ਮੰਦਿਰਾਂ ਨੂੰ ਜੇ ਅੱਜ ਬਣਾਇਆ ਜਾਵੇ ਤਾਂ ਕਰੋੜਾਂ ਰੁਪਇਆਂ ਦੀ ਲਾਗਤ ਨਾਲ ਬਣਨਗੇ, ਪਰ ਫਿਰ ਵੀ ਐਸੇ ਅਨੇਕਾਂ ਮਹਾਨ ਧਾਰਮਿਕ ਮੰਦਿਰ ਮੁਰਦਾ ਹੋ ਚੁੱਕੇ ਹਨ, ਉਥੋਂ ਕੋਈ ਧਾਰਮਿਕ ਜ਼ਿੰਦਗੀ ਦੀ ਪ੍ਰੇਰਨਾ ਨਹੀਂ ਮਿਲਦੀ। ਇਸ ਪ੍ਰਿਥਵੀ 'ਤੇ ਸਭ ਤੋਂ ਜ਼ਿਆਦਾ ਜੀਵਤ ਮੰਦਿਰ ਹਰਿਮੰਦਰ ਦਰਬਾਰ ਸਾਹਿਬ ਹੈ, ਜਿਥੇ ਅੱਜ ਵੀ ਦਿਨ ਰਾਤ ਨਾਮ-ਅਭਿਆਸ ਦੀਆਂ ਲਹਿਰਾਂ ਘੁੰਮਦੀਆਂ ਹਨ, ਜਿਥੇ ਧਰਮ ਅਧਿਆਤਮ ਪੂਰਨ ਤੌਰ 'ਤੇ ਜ਼ਿੰਦਾ ਹੈ। ਜਿਸ ਦੀ ਤੁਲਨਾ ਅਸੀਂ ਕਿਸੇ ਨਾਲ ਵੀ ਨਹੀਂ ਕਰ ਸਕਦੇ :

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥** *(ਫੁਨਹੇ ਮਹਲਾ ੫, ਪੰਨਾ 1362)*

ਅਨੇਕਾਂ ਗੁਰ-ਅਸਥਾਨ—ਬੰਗਲਾ ਸਾਹਿਬ, ਸੀਸਗੰਜ ਸਾਹਿਬ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਪੂਰਨ ਤੌਰ 'ਤੇ ਅਧਿਆਤਮ ਜ਼ਿੰਦਗੀ ਪ੍ਰਦਾਨ ਕਰ ਰਹੇ ਹਨ।

ਭਵਸਾਗਰ ਤੋਂ ਤਰਨ ਦਾ ਮੰਦਿਰ ਅੱਜ ਵੀ ਤਰਨ ਤਾਰਨ ਸਾਹਿਬ ਹੈ ਤੇ ਗੋਵਿੰਦ ਦਾ ਚਿੰਤਨ ਅੱਜ ਵੀ ਗੋਇੰਦਵਾਲ ਕਹਿਲਾਉਂਦਾ ਹੈ। ਨਨਕਾਣਾ ਸਾਹਿਬ ਜਾ ਕੇ ਅੱਜ ਵੀ ਕਰਤਾਰ ਦੀਆਂ ਧੁਨੀਆਂ ਅੰਤਰ-ਆਤਮੇ ਵੱਜਣ ਲੱਗ ਪੈਂਦੀਆਂ ਹਨ। ਹੋਰ ਅਨੇਕਾਂ ਗੁਰ-ਅਸਥਾਨ, ਜੋ ਇਤਿਹਾਸਕ ਯਾ ਗੁਰ-ਇਤਿਹਾਸਕ ਹਨ, ਜਿਥੇ ਨਾਮ ਬਾਣੀ ਦਾ ਪਾਠ ਚੱਲ ਰਿਹਾ ਹੈ, ਉਹ ਜੀਵਨ ਨੂੰ ਅਧਿਆਤਮ ਵੱਲ ਤੋਰਨ ਦਾ ਸਾਧਨ ਬਣੇ ਹੋਏ ਹਨ, ਜਿਥੇ ਕੋਈ ਦੁਨਿਆਵੀ ਗੱਲ ਨਾ ਹੋਵੇ, ਕੇਵਲ ਨਾਮ ਸਿਮਰਨ ਹੋਵੇ :

**ਸਤਸੰਗਤਿ ਕੈਸੀ ਜਾਣੀਐ ॥**
**ਜਿਥੈ ਏਕੋ ਨਾਮੁ ਵਖਾਣੀਐ ॥** *(ਸਿਰੀਰਾਗੁ ਮਹਲਾ ੧, ਪੰਨਾ 72)*

ਜਿਥੇ ਇਕ ਨਾਮ ਦਾ ਜਾਪ ਹੋਵੇ, ਉਹ ਥਾਂ ਅਧਿਆਤਮ ਜੀਵਨ ਪ੍ਰਦਾਨ ਕਰਨ ਦਾ ਕੇਂਦਰ ਬਣ ਜਾਂਦੀ ਹੈ।

ਘਰ ਅੰਦਰ ਨਾਮ-ਅਭਿਆਸ ਕਰੀਏ ਤੇ ਸਾਰੇ ਨਾਮ ਜਪਣ ਵਾਲੇ ਰਹਿੰਦੇ ਹੋਵਣ ਤਾਂ ਘਰ ਵੀ ਕਰਤੇ ਦੀ ਕੀਰਤੀ ਕਰਕੇ ਮੰਦਿਰ (ਧਰਮਸਾਲ) ਬਣ ਜਾਂਦਾ ਹੈ :

**ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ॥**
*(ਭਾਈ ਗੁਰਦਾਸ ਜੀ, ਵਾਰ 1, ਪਉੜੀ 27)*

ਪਰ ਧਾਰਮਿਕ ਮੰਦਿਰ ਵਿਚ ਵੀ ਹਰੀ ਜਸ ਨਾ ਹੋਵੇ ਔਰ ਕਾਫ਼ੀ ਲੰਬੇ ਸਮੇਂ ਤਕ ਨਾ ਹੋਵੇ ਤਾਂ ਮੰਦਿਰ, ਮੁਰਦਾ ਮੰਦਿਰ ਹੁੰਦਾ ਹੈ, ਉਥੋਂ ਕੋਈ ਜੀਵਨ ਦੀ ਝਲਕ ਪ੍ਰਾਪਤ ਨਹੀਂ ਹੁੰਦੀ।

ਸਦੀਆਂ ਪਹਿਲੇ ਜਿਹੜੇ ਮੰਦਿਰ ਜ਼ਿੰਦਾ ਸਨ—ਰਾਜਸਥਾਨ, ਉੜੀਸਾ, ਬਿਹਾਰ, ਬੰਗਾਲ ਤੇ ਕਰਨਾਟਕ ਤੇ ਮੱਧ ਭਾਰਤ ਵਿਚ ਬਣੇ ਸੰਗਮਰਮਰ ਦੇ ਇਹ ਮਹਾਨ ਮੰਦਿਰ ਅੱਜ ਮੁਰਦਾ ਹਨ, ਕਬੂਤਰਾਂ ਦੀ ਆਵਾਜ਼ ਗੂੰਜਦੀ ਹੈ। ਲੋਕੀਂ ਪੱਥਰਾਂ ਦੀ ਚਮਕ ਵੇਖਣ ਜਾਂਦੇ ਹਨ। ਜੀਵਨ ਤਾਂ ਅੰਧਕਾਰ ਦੀ ਗੋਦ ਵਿਚ ਲੀਨ ਹੋ ਚੁੱਕਾ ਹੈ। ਪੱਥਰਾਂ ਦੇ ਬਣੇ ਚਿੱਤਰ ਭਾਵੇਂ ਮਨ ਨੂੰ ਪ੍ਰਭਾਵਿਤ ਕਰਨ—ਜੀਵਨ ਵਿਚ ਪਰਮਾਤਮਾ ਦਾ ਚਿੱਤਰ ਬਣ ਸਕੇ, ਐਸੀ ਕੋਈ ਪ੍ਰੇਰਨਾ ਨਹੀਂ ਮਿਲਦੀ।

ਧੰਨ ਹਨ ਉਹ ਮੰਦਿਰ ਤੇ ਉਨ੍ਹਾਂ ਦੇ ਦਰਸ਼ਨ, ਜਿਥੇ ਧਾਰਮਿਕ ਜੀਵਨ ਦੀ ਛੋਹ ਮਿਲੇ, ਜਿਥੇ ਬੈਠ ਘੜੀ-ਦੋ-ਘੜੀ ਆਤਮ ਆਨੰਦ ਮਿਲੇ, ਜਿਥੋਂ ਦਾ ਦੀਦਾਰ ਵੀ ਪਰਮਾਤਮਾ ਦਾ ਦੀਦਾਰ ਹੋਵੇ। ਸੋ ਐਸੇ ਮੰਦਿਰਾਂ ਨੂੰ ਹੀ ਭਗਵਾਨ ਦੇ ਮੰਦਿਰ ਆਖਿਆ ਜਾਂਦਾ ਹੈ। ਵਰਨਾ ਧਰਤੀ 'ਤੇ ਤਾਂ ਸ਼ੈਤਾਨ ਦੇ ਮੰਦਿਰ ਹੁਣ ਜ਼ਿਆਦਾ ਬਣ ਗਏ ਹਨ, ਜਿਥੇ ਲੜਾਈ-ਝਗੜਾ, ਗਾਲੀ-ਗਲੋਚ, ਸ਼ਰਾਬ, ਜੂਆ ਚੱਲ ਰਿਹਾ ਹੈ। ਇਹ ਥੇਟਰ, ਕਲੱਬ, ਜੂਏਖ਼ਾਨੇ ਸਭ ਸ਼ੈਤਾਨ ਦੇ ਮੰਦਿਰ ਹਨ। ਜੋ ਧਾਰਮਿਕ ਮੰਦਿਰਾਂ ਵਿਚ ਬੈਠ ਕੇ ਦੁਨਿਆਵੀ ਸੋਚਣੀ ਸੋਚੇ ਯਾ ਗ਼ਲਤ ਇਸਤੇਮਾਲ ਕਰੇ, ਇਹ ਧਾਰਮਿਕ ਮੰਦਿਰ ਨੂੰ ਅਪਵਿੱਤਰ ਕਰਨ ਦਾ ਦੋਸ਼ੀ ਬਣਦਾ ਹੈ ਤੇ ਨਾ-ਕਾਬਲੇ ਮੁਆਫ਼ ਹੈ।

ਇਸ ਦੇਸ਼ ਵਿਚ ਕਈ ਮੰਦਿਰ ਨਾਮ-ਮਾਤਰ ਮੰਦਿਰ ਹਨ। ਸੁੰਨੇ, ਉਜੜੇ ਹੋਏ ਯਾ ਕਦੀ ਕਦਾਈਂ ਕੋਈ ਦੋ-ਚਾਰ ਆਦਮੀ ਤਰਕ-ਕੁਤਰਕ ਆਪਸ ਵਿਚ ਕਰ ਲੈਣਗੇ। ਕੋਈ ਪਰਮ-ਰਸ ਭਗਤੀ ਦੇ ਗੀਤ ਨਹੀਂ ਗਾਏ ਜਾਂਦੇ। ਕੋਈ ਪ੍ਰਾਰਥਨਾ-ਭਾਵ ਨਹੀਂ ਪੈਦਾ ਹੁੰਦਾ। ਇਸ ਤਰ੍ਹਾਂ ਧਾਰਮਿਕ ਮੰਦਿਰ ਨਾਮ-ਮਾਤਰ ਹੀ ਧਾਰਮਿਕ ਹਨ—ਜਿਥੋਂ ਸੂਝ ਮਿਲੇ, ਸਮਝ ਮਿਲੇ, ਪਵਿੱਤਰਤਾ ਮਿਲੇ, ਉਹੀ ਗੁਰਦੁਆਰਾ ਹੈ :

**ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥** *(ਸੂਹੀ ਮਹਲਾ ੧, ਪੰਨਾ 730)*

**ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥**
*(ਰਾਮਕਲੀ ਮ: ੩, ਪੰਨਾ 919)*

ਜਿਥੋਂ ਹਰੀ ਜਸ ਸੁਣਨ ਨੂੰ ਮਿਲੇ, ਜਿਥੋਂ ਗੁਰਬਾਣੀ ਵਿਚਾਰ ਮਿਲੇ, ਉਹ ਗੁਰਦੁਆਰਾ ਹੈ ਤੇ ਜਿਥੇ ਇਸੇ ਤਰ੍ਹਾਂ ਸੰਗਤ ਪੰਗਤ ਨਿਤਾਪ੍ਰਤੀ ਹੋਵੇ, ਉਹ ਥਾਂ ਸੁਰਤ ਨੂੰ ਅਧਿਆਤਮ ਗਗਨ ਮੰਡਲਾਂ ਵਿਚ ਲੈ ਜਾਣ ਦਾ ਸਾਧਨ ਬਣਦੀ ਹੈ।

•

# ਪਾਪ

ਪਾਪ ਕੀ ਹੈ ? ਇਸ ਦੀ ਸਮਝ ਆਂਵਦਿਆਂ ਹੀ ਪੁੰਨ ਦਾ ਪਤਾ ਚੱਲ ਸਕੇਗਾ, ਵਰਨਾ ਪੁੰਨ ਵੀ ਪਾਪ ਹੋ ਸਕਦਾ ਹੈ। ਜਿਸ ਵਿਚਾਰ ਨਾਲ ਯਾ ਕਿਰਦਾਰ ਨਾਲ ਦੂਜੇ ਨੂੰ ਚੋਟ ਪਹੁੰਚੇ, ਦੂਜੇ ਦਾ ਅਹਿੱਤ ਹੋਵੇ, ਉਹ ਕਰਮ, ਉਹ ਵਿਚਾਰ ਪਾਪ ਹੈ।

ਇਸ ਤੋਂ ਵਿਪਰੀਤ, ਜਿਸ ਕਰਮ ਨਾਲ ਦੂਜੇ ਦਾ ਹਿੱਤ ਹੋਵੇ, ਦੂਜੇ ਦੀ ਤਾਮੀਰ ਹੋਵੇ, ਦੂਜੇ ਨੂੰ ਸੁਖ ਮਿਲੇ, ਇਹ ਪੁੰਨ ਹੈ। ਅੱਜ ਹਰ ਮਨੁੱਖ ਦੂਜੇ ਨੂੰ ਦੁਖ ਦੇ ਕੇ ਹੀ ਸੁਖੀ ਹੋਣਾ ਚਾਹੁੰਦਾ ਹੈ, ਜਦ ਕਿ ਇਹ ਈਸ਼ਵਰੀ ਨਿਯਮ ਤੋਂ ਉਲਟ ਹੈ।

ਇਹ ਇਕ ਅਟੱਲ ਨਿਯਮ ਹੈ ਕਿ ਬੋਇਆ ਹੋਇਆ ਅਨੰਤ ਗੁਣਾ ਫਲੀਭੂਤ ਹੁੰਦਾ ਹੈ। ਬੀਜ ਕੈਸਾ ਵੀ ਕਿਉਂ ਨਾ ਹੋਵੇ, ਉਹ ਅਨੰਤ ਗੁਣਾ ਫਲੀਭੂਤ ਹੋਵੇਗਾ। ਕਰਮ ਸ਼ੁਭ ਚਾਹੇ ਅਸ਼ੁਭ ਹੋਵੇ, ਅਨੰਤ ਗੁਣਾ ਫਲੀਭੂਤ ਹੋਵੇਗਾ। ਦੂਜੇ ਨੂੰ ਦਿੱਤਾ ਗਿਆ ਦੁਖ ਅਨੰਤ ਗੁਣਾ ਹੋ ਕੇ ਵਾਪਸ ਲੌਟਦਾ ਹੈ। ਇਹੀ ਨਿਯਮ ਸੁਖ 'ਤੇ ਲਾਗੂ ਹੈ।

ਹਰ ਮਨੁੱਖ ਦੀ ਦੁੱਖਾਂ ਨਾਲ ਭਰੀ ਝੋਲੀ ਇਸ ਗੱਲ ਦਾ ਪ੍ਰਮਾਣ ਹੈ ਕਿ ਦਿੱਤੇ ਹੋਏ ਦੁਖ ਵਾਪਸ ਲੌਟੇ ਹਨ, ਔਰ ਜਦ ਕੋਲ ਸਿਰਫ਼ ਦੁਖ ਹੀ ਹੋਵਣ ਤਾਂ ਫਿਰ ਇਹ ਦੁਖ ਹੀ ਵੰਡੇਗਾ। ਜੋ ਕੁਝ ਕੋਲ ਹੈ, ਉਹੀ ਦਿੱਤਾ ਜਾ ਸਕਦਾ ਹੈ। ਦੁਖ ਵਿਅਕਤੀ ਪੱਧਰ 'ਤੇ ਵੀ ਦਿੱਤਾ ਜਾ ਸਕਦਾ ਹੈ।

ਜੈਸੇ ਇਕ ਮੁਲਕ ਦੂਜੇ ਮੁਲਕ ਨੂੰ ਦੁਖ ਦੇਵੇ, ਇਕ ਕੌਮ ਦੂਜੀ ਕੌਮ ਨੂੰ ਦੁਖ ਦੇਵੇ, ਅੱਜ ਤਾਂ ਮਨੁੱਖ ਹਰ ਪਹਿਲੂ ਤੋਂ ਦੂਜੇ ਨੂੰ ਦੁਖ ਦੇ ਕੇ ਰਾਜ਼ੀ ਹੈ। ਮਨੁੱਖੀ ਇਤਿਹਾਸ ਇਸ ਕਾਲੀ ਕ੍ਰਿਤ ਨਾਲ ਕਾਲਾ ਹੋਇਆ ਪਿਆ ਹੈ। ਜਿਸ ਨਰਕ ਦੀ ਕਲਪਨਾ ਸੰਤਾਂ ਨੇ ਆਪਣੇ ਵਿਚਾਰਾਂ ਰਾਹੀਂ ਵਿਅਕਤ ਕੀਤੀ ਹੈ, ਉਹ ਨਰਕ ਮਨੁੱਖ ਨੇ ਪ੍ਰਿਥਵੀ 'ਤੇ ਹੀ ਬਣਾਇਆ ਹੋਇਆ ਹੈ। ਹਿਟਲਰ ਨੇ ਗੈਸ ਚੈਂਬਰ ਬਣਾ ਕੇ ਲੱਖਾਂ ਮਨੁੱਖ ਜ਼ਿੰਦਾ ਸਾੜ ਦਿੱਤੇ। ਚੰਗੇਜ਼ ਹਲਾਕੂ ਦੇ ਜਿਥੇ ਕਦਮ ਪੈਂਦੇ ਸਨ, ਨਰਕ ਦਾ ਉਥੇ ਜਨਮ ਹੋ ਜਾਂਦਾ ਸੀ। ਮਨੁੱਖ ਨੇ ਮਨੁੱਖ ਦੀਆਂ ਅੱਖਾਂ ਕੱਢ ਦਿੱਤੀਆਂ, ਕਿਸੇ ਦੀ ਬਾਂਹ ਤੋੜ ਦਿੱਤੀ, ਕਿਸੇ ਨੂੰ ਸਾੜ

ਦਿੱਤਾ। ਮਨੁੱਖ ਨੇ ਮਨੁੱਖ ਨੂੰ ਇਤਨਾ ਦੁਖ ਦਿੱਤਾ ਹੈ ਔਰ ਦੇ ਰਿਹਾ ਹੈ ਕਿ ਬਿਆਨ ਤੋਂ ਬਾਹਰ ਹੈ।

ਮਨੁੱਖ ਦੂਜੇ ਨੂੰ ਬੇਫ਼ਿਕਰ ਹੋ ਕੇ ਦੁਖ ਦੇਂਦਾ ਹੈ। ਪਰ ਕੌਣ ਦੱਸੇ ਇਹ ਦਿੱਤਾ ਹੋਇਆ ਦੁਖ ਅਨੰਤ ਗੁਣਾ ਵਾਪਸ ਹੋ ਕੇ ਲੌਟੇਗਾ। ਈਸ਼ਵਰ ਦਾ ਅਟੱਲ ਨਿਯਮ ਹੈ ਕਿ ਦੂਜੇ ਨੂੰ ਦੁਖ ਦੇਣ ਵਾਲਾ ਸੁਖੀ ਨਹੀਂ ਹੋ ਸਕਦਾ:

**ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥**
**ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥**

*(ਸਲੋਕ ਮਹਲਾ ੫, ਪੰਨਾ 1425)*

ਅਗਿਆਨ ਵੱਸ ਹੋ, ਮਨੁੱਖ ਨੇ ਪਾਪ ਪੁੰਨ ਦੀ ਧਾਰਨਾ ਗ਼ਲਤ ਬਣਾਈ ਹੈ, ਪਾਪ ਪੁੰਨ ਦੀ ਮਨੁੱਖ ਨੂੰ ਪੂਰਨ ਤੌਰ 'ਤੇ ਸਾਰ ਨਹੀਂ ਹੈ:

**ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ॥**

*(ਪ੍ਰਭਾਤੀ ਮਹਲਾ ੧, ਪੰਨਾ 1329)*

ਪੁੰਨ ਸਮਝ ਕੇ ਕਈ ਮਜ਼ਹਬਾਂ ਵਿਚ ਜੀਵਾਂ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਸਾਡੇ ਦੇਸ਼ ਵਿਚ ਪਸ਼ੂਆਂ ਤੋਂ ਇਲਾਵਾ ਮਨੁੱਖਾਂ ਦੀ ਵੀ ਬਲੀ ਦਿੱਤੀ ਜਾਂਦੀ ਰਹੀ ਹੈ। ਨਰਮੇਧ ਯੱਗ ਹੁੰਦੇ ਰਹੇ ਹਨ। ਇਸਤਰੀ ਨੂੰ ਆਪਣੇ ਮੁਰਦਾ ਪਤੀ ਨਾਲ ਜ਼ਿੰਦਾ ਸਾੜ ਦੇਣ ਨੂੰ ਪੁੰਨ ਸਮਝਿਆ ਜਾਂਦਾ ਰਿਹਾ ਹੈ। ਕਰਵਤ ਆਰੇ ਨਾਲ ਮਨੁੱਖ ਨੂੰ ਚੀਰ ਕੇ ਗੰਗਾ ਵਿਚ ਸੁੱਟਣਾ ਵੀ ਪੁੰਨ ਮੰਨਿਆ ਗਿਆ ਸੀ। ਚਾਰ ਇਸਤਰੀਆਂ ਨਾਲ ਵਿਆਹ ਕਰਨਾ ਵੀ ਕਿਸੇ ਮੱਤ ਵਿਚ ਕੋਈ ਪਾਪ ਨਹੀਂ।

ਪੰਜ ਪਤੀ ਦਰੋਪਤੀ ਦੇ ਸਨ ਤੇ ਉਹ ਸਤਵੰਤੀ ਮੰਨੀ ਗਈ ਹੈ। ਸਵਾਮੀ ਰਾਮਕ੍ਰਿਸ਼ਨ ਪਰਮ ਹੰਸ ਮਛਲੀ ਖਾ ਲੈਂਦੇ ਸਨ। ਅਵਤਾਰੀ ਪੁਰਸ਼ ਸ਼ਿਕਾਰ ਖੇਡਦੇ ਰਹੇ ਹਨ। ਸ੍ਰੀ ਦਸਰਥ ਤਾਂ ਹਿਰਨ ਨੂੰ ਮਾਰਦੇ-ਮਾਰਦੇ ਸਰਵਨ ਕੁਮਾਰ ਨੂੰ ਮਾਰ ਬੈਠੇ ਸਨ। ਸੋਲ੍ਹਾਂ ਹਜ਼ਾਰ ਰਾਣੀਆਂ ਰੱਖ ਕੇ ਵੀ ਸ੍ਰੀ ਕ੍ਰਿਸ਼ਨ ਜਤੀ ਹਨ।

ਈਸਾ ਦੇ ਮਦਰਾ ਪਾਨ ਸੰਬੰਧੀ ਉਲੇਖ ਮਿਲਦੇ ਹਨ। ਮੰਦਿਰਾਂ ਵਿਚ ਦੇਵਦਾਸੀ ਦੀ ਪ੍ਰਥਾ ਵੀ ਪੁੰਨ ਮੰਨੀ ਗਈ ਸੀ ਔਰ ਅਜੇ ਤਕ ਭਾਰਤ ਦੇ ਕੁਝ ਪ੍ਰਾਂਤਾਂ ਅੰਦਰ ਪ੍ਰਚਲਿਤ ਹੈ।

ਗਊ ਪੂਜਯ ਹੈ, ਐਸੀ ਭਾਰਤ ਦੇ ਧਰਮਾਂ ਦੀ ਧਾਰਨਾ ਹੈ, ਪਰ ਇਸਲਾਮ, ਈਸਾਈ, ਯਹੂਦੀ, ਪਾਰਸੀ ਕੋਈ ਪੂਜਯ ਨਹੀਂ ਸਮਝਦੇ ਤੇ ਬੜੇ ਸ਼ੌਕ ਨਾਲ ਉਹ ਗਊ ਦਾ ਮਾਸ ਖਾਂਦੇ ਹਨ।

ਇਸਲਾਮ ਵਿਚ ਸੂਅਰ ਹਰਾਮ ਹੈ, ਪਰ ਬਾਕੀ ਐਸਾ ਨਹੀਂ ਮੰਨਦੇ।

ਸੁਆਮੀ ਦਇਆ ਨੰਦ ਨਿਯੋਗ ਨੂੰ ਵੀ ਕੋਈ ਪਾਪ ਨਹੀਂ ਸਮਝਦੇ। ਕਿਸੇ

ਇਸਤਰੀ ਨੂੰ ਜੇ ਆਪਣੇ ਪਤੀ ਤੋਂ ਬੱਚਾ ਨਹੀਂ ਹੋਇਆ, ਤਾਂ ਦੂਜੇ ਪੁਰਸ਼ ਨਾਲ ਸੰਬੰਧ ਸਥਾਪਨ ਕਰ ਕੇ ਵੀ ਔਲਾਦ ਪੈਦਾ ਕਰ ਸਕਦੀ ਹੈ, ਇਹ ਕੋਈ ਪਾਪ ਨਹੀਂ ਹੈ।

ਸਦੀਆਂ ਤਕ ਕ੍ਰਿਤੀ ਬੰਦਿਆਂ ਨੂੰ ਭਾਰਤ ਵਿਚ ਸ਼ੂਦਰ ਆਖਿਆ ਗਿਆ ਤੇ ਉਨ੍ਹਾਂ ਦੀ ਛਾਇਆ ਨਾਲ ਵੀ ਅਪਵਿੱਤਰ ਹੋਣਾ ਮੰਨ ਲਿਆ ਗਿਆ। ਮਨੁੱਖ ਨੇ ਮਨੁੱਖ ਨੂੰ ਪਸ਼ੂਆਂ ਤੋਂ ਵੀ ਪੁੰਨ ਧਰਮ ਦੇ ਨਾਂ 'ਤੇ ਨੀਵਾਂ ਰੱਖਿਆ। ਪਸ਼ੂ ਅਛੂਤ ਨਹੀਂ ਸਮਝਿਆ ਗਿਆ, ਮਨੁੱਖ ਅਛੂਤ ਹੈ, ਐਸਾ ਉਲੇਖ ਧਰਮ ਗ੍ਰੰਥਾਂ ਵਿਚ ਹੈ। ਖ਼ਾਸ ਕਰਕੇ ਮਨੂੰ ਮਹਾਰਾਜ ਨੇ 'ਮਨੂੰ ਸਿੰਮ੍ਰਿਤੀ' ਵਿਚ ਤਾਂ ਖੁੱਲ੍ਹ ਕੇ ਜ਼ਿਕਰ ਕੀਤਾ ਹੈ।

ਮਨੁੱਖੀ ਜਗਤ ਵਿਚ ਇਸ ਤਰ੍ਹਾਂ ਦੀ ਪਾਪ-ਪੁੰਨ ਦੀ ਧਾਰਨਾ ਵੇਖ ਕਹਿਣਾ ਪੈਂਦਾ ਹੈ ਕਿ ਮਨੁੱਖ ਕੋਲ ਪਾਪ ਪੁੰਨ ਦੀ ਸਾਰ ਨਹੀਂ ਹੈ:

**ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ॥**

ਵਾਸਤਵਿਕ ਪਾਪ ਉਹੀ ਹੈ, ਜਿਸ ਨਾਲ ਦੂਜੇ ਨੂੰ ਚੋਟ ਪਹੁੰਚੇ, ਦੂਜੇ ਦਾ ਨੁਕਸਾਨ ਹੋਵੇ ਔਰ ਪੁੰਨ ਉਹੀ ਹੈ, ਜਿਸ ਨਾਲ ਦੂਜੇ ਦਾ ਹਿੱਤ ਹੋਵੇ, ਦੂਜੇ ਦੀ ਉੱਨਤੀ ਹੋਵੇ, ਦੂਜੇ ਨੂੰ ਸੁਖ ਮਿਲੇ। ਪੁਨੀਤ ਜੋ ਹਰ ਵਕਤ ਤੇ ਹਰ ਤਰ੍ਹਾਂ ਨਾਲ ਦੂਜੇ ਨੂੰ ਸੁਖ ਦੇਂਦਾ ਹੈ ਯਾ ਸੁਖ ਦੇਣ ਦੀ ਸੋਚਦਾ ਹੈ, ਪੁਨੀਤ ਹੈ, ਪੂਜਯ ਹੈ, ਇਸ ਤੋਂ ਵਿਪਰੀਤ ਪਾਪੀ ਹੈ। ਜਗਤ ਵਿਚ ਪਾਪੀਆਂ ਦੀ ਗਣਨਾ ਜ਼ਿਆਦਾ ਹੈ, ਇਸ ਲਈ ਸਮੂਹਿਕ ਰੂਪ ਵਿਚ ਜਗਤ ਦੁਖੀ ਹੈ—ਸੱਚੀ ਖ਼ੁਸ਼ੀ ਅਨੰਦ ਦੂਜੇ ਨੂੰ ਸੁਖ ਦੇ ਕੇ ਹੀ ਮਿਲ ਸਕਦਾ ਹੈ।

•

# ਸੇਵਾ ਤੇ ਸਿਮਰਨ

ਧਾਰਮਿਕ ਦੁਨੀਆ ਵਿਚ ਸੇਵਾ ਤੇ ਸਿਮਰਨ ਦੀ ਚਰਚਾ ਬਹੁਤ ਹੈ, ਪਰ ਜੀਵਨ ਵਿਚ ਇਨ੍ਹਾਂ ਦੋਹਾਂ ਦਾ ਅਭਾਵ ਹੈ ਤੇ ਦੋਹਾਂ ਦੀ ਸਮਝ ਵੀ ਅਧੂਰੀ ਹੈ।

ਸਿਮਰਨ ਸ਼ਕਤੀ, ਚੇਤੇ ਸ਼ਕਤੀ, ਅਕਾਲ ਪੁਰਖ ਵੱਲੋਂ ਮਿਲਿਆ ਇਹ ਮਹਾਨ ਤੋਹਫ਼ਾ ਹੈ, ਜਿਸ ਦੇ ਆਸਰੇ 'ਤੇ ਮਨੁੱਖਤਾ ਦਾ ਵਿਕਾਸ ਹੁੰਦਾ ਹੈ। ਕੱਲ ਦੀ ਘਟਨਾ ਅੱਜ ਚੇਤੇ ਨਹੀਂ ਤਾਂ ਅੱਜ ਅੱਗੇ ਕਦਮ ਪੁੱਟਣਾ ਔਖਾ ਹੋ ਜਾਵੇਗਾ। ਚੇਤੇ ਸ਼ਕਤੀ ਦੇ ਆਸਰੇ 'ਤੇ ਹੀ ਸਾਰਾ ਵਿਕਾਸ ਖੜਾ ਹੈ। ਚਿਤ ਜਿਸ ਨੂੰ ਯਾਦ ਕਰਦਾ ਹੈ, ਉਸ ਨਾਲ ਸੰਬੰਧ ਜੁੜਿਆ ਰਹਿੰਦਾ ਹੈ। ਜੋ ਭੁੱਲ ਜਾਂਦਾ ਹੈ, ਵਿਸਮਰਤ ਹੋ ਜਾਂਦਾ ਹੈ, ਉਸ ਨਾਲ ਸੰਬੰਧ ਟੁੱਟ ਜਾਂਦਾ ਹੈ। ਜੋ ਯਾਦ ਵਿਚ ਹੈ, ਉਸ ਨਾਲ ਹੀ ਸੰਬੰਧ ਜੁੜਿਆ ਰਹਿੰਦਾ ਹੈ, ਪਰ ਯਾਦ ਉਸੇ ਦੀ ਹੀ ਆਵੇਗੀ, ਜਿਸ ਦਾ ਮਨ 'ਤੇ ਬਹੁਤਾ ਪ੍ਰਭਾਵ ਹੈ। ਔਰ ਪ੍ਰਭਾਵ ਉਸੇ ਦਾ ਹੀ ਪਵੇਗਾ, ਜਿਸ ਨੂੰ ਕੀਮਤੀ (ਮਹਾਨ) ਸਮਝਿਆ ਹੈ।

ਘਰ ਵਿਚ ਖ਼ਾਸ ਵਸਤੂਆਂ, ਕੀਮਤੀ ਵਸਤੂਆਂ ਤਾਂ ਚੇਤੇ ਰਹਿੰਦੀਆਂ ਹਨ, ਪਰ ਤੁੱਛ ਮਾਮੂਲੀ ਭੁੱਲ ਜਾਂਦੀਆਂ ਹਨ ਤੇ ਜੋ ਭੁੱਲਦੀਆਂ ਹਨ, ਉਨ੍ਹਾਂ ਨਾਲੋਂ ਸੰਬੰਧ ਵੀ ਟੁੱਟ ਜਾਂਦਾ ਹੈ।

ਸੋ ਜਿਸ ਦਾ ਪ੍ਰਭਾਵ ਪੈ ਗਿਆ ਹੈ, ਉਹ ਗੱਲ ਭੁਲਾਉਣੀ ਔਖੀ ਹੈ, ਉਹ ਵਸਤੂ ਔਰ ਹਸਤੀ ਭੁੱਲੇਗਾ ਨਹੀਂ। ਪਰ ਜਿਸ ਦਾ ਪ੍ਰਭਾਵ ਨਹੀਂ ਪਿਆ, ਉਸ ਨੂੰ ਯਾਦ ਵੀ ਕੀਤਾ ਤਾਂ ਭੁੱਲ-ਭੁੱਲ ਜਾਏਗਾ। ਸੋ ਇਹ ਇਕ ਅਟੱਲ ਸੱਚਾਈ ਹੈ। ਉਹੀ ਯਾਦ ਰਹਿੰਦਾ ਹੈ, ਜਿਸ ਨੂੰ ਖ਼ਾਸ ਮਹਾਨ ਮੰਨ ਲਿਆ ਹੈ। ਉਹ ਭੁੱਲ ਜਾਂਦਾ ਹੈ, ਜੋ ਤੁੱਛ ਹੈ, ਉਪਯੋਗੀ ਨਾ ਹੋਵੇ। ਈਸ਼ਵਰ ਗਵਾਚਿਆ ਨਹੀਂ ਹੈ। ਅਕਾਲ ਪੁਰਖ ਸਾਥੋਂ ਦੂਰ ਵੀ ਨਹੀਂ ਹੈ। ਉਹ ਤਾਂ ਸਾਡੇ ਰੋਮ ਰੋਮ ਵਿਚ ਹੈ। ਪਰ ਅਸੀਂ ਭੁੱਲ ਗਏ ਹਾਂ। ਜਿਸ ਦੀ ਸੱਤਾ ਨਾਲ ਜੀਵਨ ਰੌਂ ਚੱਲ ਰਹੀ ਹੈ ਤੇ ਉਹ ਭੁੱਲ ਜਾਵੇ, ਫਿਰ ਜੀਵਨ ਵਿਚ ਸੁਖ ਸੁਪਨਾ ਹੀ ਹੋ ਜਾਂਦਾ ਹੈ :

**ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥**

*(ਸਿਰੀਰਾਗੁ ਮਹਲਾ ੧, ਪੰਨਾ 21)*

ਜਿਸ ਨੂੰ ਯਾਦ ਕਰਾਂਗੇ, ਉਸ ਦੇ ਗੁਣ-ਔਗੁਣ ਵੀ ਯਾਦ ਆਵਣਗੇ।

ਚੇਤੇ ਸ਼ਕਤੀ ਨਾਲ ਅਸੀਂ ਜਿਸ ਨਾਲ ਸੰਬੰਧ ਜੋੜਾਂਗੇ, ਉਸ ਦਾ ਗੁਣ ਸੁਭਾਵ ਵੀ ਸਾਡੇ ਅੰਦਰ ਪ੍ਰਵੇਸ਼ ਕਰੇਗਾ। ਨਿਥੱਕ, ਤੁੱਛ ਯਾ ਆਪਣੇ ਤੋਂ ਛੋਟੇ ਨੂੰ ਬਾਰ ਬਾਰ ਯਾਦ ਕਰਨ ਨਾਲ ਸੂਖਮ ਵੀ ਨਿਥੱਕ ਤੇ ਤੁੱਛ ਹੋ ਜਾਵੇਗਾ। ਬਾਰ-ਬਾਰ ਝੂਠ ਨੂੰ ਚੇਤੇ ਕੀਤਾ ਤਾਂ ਝੂਠਾ ਹੀ ਹੋ ਜਾਵੇਗਾ। ਸੱਚ ਦਾ ਚਿੰਤਨ ਸੱਚ ਸਰੂਪ ਕਰ ਦੇਂਦਾ ਹੈ :

**ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ ॥**

*(ਸਲੋਕ ਮ: ੫, ਪੰਨਾ 318)*

ਅਗਰ ਚੇਤੇ ਸ਼ਕਤੀ ਰੱਖਦਾ ਹੈਂ ਤਾਂ ਉਸ ਮਾਲਕ ਸੱਚੇ ਨੂੰ ਚੇਤੇ ਕਰ। ਸੱਚ ਤਾਂ ਇਹ ਕਿ ਜੋ ਮਾਲਕ ਨੂੰ ਚੇਤੇ ਕਰਦਾ ਹੈ, ਉਹ ਆਪਣੇ ਆਪ ਦਾ ਮਾਲਕ ਹੋ ਜਾਂਦਾ ਹੈ ਔਰ ਜੋ ਆਪਣੇ ਤੋਂ ਤੁੱਛ ਨੂੰ ਚੇਤੇ ਕਰਦਾ ਹੈ, ਉਹ ਤਾਂ ਗ਼ੁਲਾਮ ਹੋ ਕੇ ਰਹਿ ਜਾਂਦਾ ਹੈ।

ਮਨੁੱਖ ਧਰਤੀ ਦਾ ਸਿਰਮੌਰ ਪ੍ਰਾਣੀ ਹੈ, ਪਰ ਆਪਣੇ ਤੋਂ ਥੱਲੇ ਨੂੰ ਬਾਰ ਬਾਰ ਚੇਤੇ ਕਰ, ਇਹ ਬਾਰ-ਬਾਰ ਅਧੋਗਤੀ ਨੂੰ ਪ੍ਰਾਪਤ ਹੋਇਆ ਹੈ। ਸੱਚ ਨੂੰ ਬਾਰ-ਬਾਰ ਭੁੱਲਿਆ ਹੈ ਤੇ ਬਾਰ-ਬਾਰ ਪਛਤਾਇਆ ਹੈ :

**ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥**

*(ਤੁਖਾਰੀ ਮਹਲਾ ੧, ਪੰਨਾ 1111)*

ਸੋ ਪ੍ਰਸ਼ਨ ਖੜਾ ਹੁੰਦਾ ਹੈ ਕਿ ਸਿਮਰਨ ਕਿਸ ਦਾ ਕਰੀਏ ? ਚੇਤੇ ਕਿਸ ਨੂੰ ਕਰੀਏ ਤੇ ਸੇਵਾ ਕਿਸ ਦੀ ਕਰੀਏ ?

ਸਿਮਰਨ ਉਸ ਦਾ ਕਰਨਾ ਹੈ, ਜੋ ਹਰ ਹਾਲਤ ਵਿਚ ਸਾਥੋਂ ਅੱਗੇ ਹੈ ਤੇ ਸੇਵਾ ਉਸ ਦੀ ਕਰਨੀ ਹੈ, ਜੋ ਕਿਸੇ ਵੀ ਪਹਿਲੂ ਵਿਚ ਸਾਡੇ ਨਾਲੋਂ ਪਿੱਛੇ ਹੈ।

ਹਰ ਦੇਸ਼ ਹਰ ਹਾਲਤ ਵਿਚ ਅੱਗੇ ਨਹੀਂ ਹੈ ਤੇ ਹਰ ਹਾਲਤ ਵਿਚ ਪਿੱਛੇ ਵੀ ਨਹੀਂ ਹੈ। ਇਹ ਨਿਯਮ ਕੌਮੀ ਪੱਧਰ 'ਤੇ ਅਤੇ ਵਿਅਕਤੀ ਪੱਧਰ 'ਤੇ ਵੀ ਲਾਗੂ ਹੁੰਦਾ ਹੈ। ਕੋਈ ਕੌਮ, ਕੋਈ ਵਿਅਕਤੀ ਹਰ ਪਹਿਲੂ ਵਿਚ ਅੱਗੇ ਨਹੀਂ ਹੈ ਤੇ ਹਰ ਹਾਲਤ ਵਿਚ ਪਿੱਛੇ ਨਹੀਂ ਹੈ।

ਸੂਈ ਆਪਣੀ ਥਾਂ 'ਤੇ ਅੱਗੇ ਹੈ, ਕਿਉਂਕਿ ਸੀਊਂ ਸਕਦੀ ਹੈ, ਪਰ ਰੱਖਿਆ ਕਰਨ ਵਿਚ ਪਿੱਛੇ ਹੈ। ਤਲਵਾਰ ਰੱਖਿਆ ਕਰਨ ਵਿਚ ਤਾਂ ਅੱਗੇ ਹੈ, ਪਰ ਸੀਊਂ ਸਕਣ ਦਾ ਕੰਮ ਤਲਵਾਰ ਤੋਂ ਨਹੀਂ ਲਿਆ ਜਾ ਸਕਦਾ। ਤੁੱਛ ਵੀ ਹਰ ਹਾਲਤ ਵਿਚ ਤੁੱਛ ਨਹੀਂ ਹੈ। ਕਿਸੇ ਥਾਂ 'ਤੇ ਉਸ ਦਾ ਉਪਯੋਗ ਹੈ ਤੇ ਮਹਾਨ ਵੀ ਹਰ ਹਾਲਤ ਮਹਾਨ ਨਹੀਂ ਹੈ, ਕਿਸੇ ਥਾਂ ਪਿੱਛੇ ਹੈ, ਇਹ ਇਕ ਉਦਾਹਰਣ ਹੈ, ਜੋ ਸਮਸਤ ਜਗਤ 'ਤੇ ਲਾਗੂ ਹੁੰਦੀ ਹੈ।

ਸੋ ਸਿਮਰਨ ਉਸ ਦਾ ਕਰਨਾ ਹੈ, ਜੋ ਹਰ ਹਾਲਤ ਵਿਚ ਅੱਗੇ ਹੈ। ਜੋ

ਪਿੱਛੇ ਹੈ ਹੀ ਨਹੀਂ, ਜਿਸ ਨੂੰ ਪਿੱਛੇ ਰੱਖਿਆ ਵੀ ਨਹੀਂ ਜਾ ਸਕਦਾ, ਉਹ ਤਾਂ ਕੇਵਲ ਅਕਾਲ ਪੁਰਖ ਹੈ। ਉਸ ਅਕਾਲ ਪੁਰਖ ਦਾ ਸਿਮਰਨ ਇਸ ਲਈ ਕਰਨਾ ਹੈ ਕਿ ਅਸੀਂ ਅੱਗੇ ਹੋ ਸਕੀਏ:

**ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥**
**ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥**

*(ਡਖਣੇ ਮ: ੫, ਪੰਨਾ 1096)*

ਅਕਾਲ ਪੁਰਖ ਬੇਅੰਤ ਹੈ ਤੇ ਬੇਅੰਤ ਨੂੰ ਚੇਤੇ ਕਰਨ ਦੀ ਇਕ ਸ਼ਰਤ ਹੈ, ਉਸ ਨੂੰ ਆਪਣਾ ਅੰਤ ਚੇਤੇ ਹੈ।

ਸਮਸਤ ਧਰਮਾਂ ਨੇ ਮੌਤ ਦਾ ਚਿੰਤਨ ਦੱਸਿਆ ਹੈ, ਕਿਉਂਕਿ ਮੌਤ ਅੱਜ, ਹੁਣ ਨਹੀਂ, ਅੱਗੇ ਹੈ। ਚਾਹੇ ਇਕ ਪਲ ਵੀ ਹੈ, ਪਰ ਅੱਗੇ ਹੈ। ਜਨਮ ਪਿੱਛੇ ਹੈ। ਜੋ ਆਪਣੀ ਚੇਤੇ ਸ਼ਕਤੀ ਅਗਾਂਹ-ਵਧੂ ਕਰੇਗਾ, ਉਸ ਨੂੰ ਮੌਤ ਚੇਤੇ ਆਵੇਗੀ। ਜੋ ਆਪਣੀ ਚੇਤੇ ਸ਼ਕਤੀ ਨੂੰ ਪਿੱਛੇ ਕਰੇਗਾ, ਉਸ ਨੂੰ ਜਨਮ ਚੇਤੇ ਆਵੇਗਾ। ਜੋ ਖਿੜਿਆ ਹੋਇਆ ਫੁੱਲ ਹੈ, ਜਿਸ ਨੂੰ ਉਸ ਫੁੱਲ ਵਿਚ ਮੁਰਝਾਣਾ ਦਿੱਸ ਗਿਆ ਹੈ, ਫਿਰ ਫੁੱਲ ਦਾ ਵੇਖਣਾ ਬੰਧਨ ਨਹੀਂ ਹੋਵੇਗਾ।

ਮੁਰਝਾਏ ਹੋਏ ਫੁੱਲ ਨੂੰ ਵੇਖ, ਮਹਾਤਮਾ ਬੁੱਧ ਉਸ ਜੀਵਨ ਫੁੱਲ ਦੀ ਤਲਾਸ਼ ਵਿਚ ਨਿਕਲ ਪਏ, ਜਿਸ ਵਿਚ ਮੁਰਝਾਨਾ ਨਹੀਂ ਹੈ। ਧਰਮ ਦੀ ਪਹਿਲੀ ਸ਼ਰਤ ਹੈ ਕਿ ਮੌਤ ਚੇਤੇ ਹੋਵੇ:

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥**

*(ਸਲੋਕ ਮ: ੫, ਪੰਨਾ 1102)*

ਮੂੜ੍ਹ ਲੋਕ ਤਾਂ ਬੁੱਢੇ ਹੋ ਕੇ ਵੀ ਜਨਮ ਦਿਨ ਮਨਾਂਦੇ ਹਨ, ਮਰਨ ਦਿਨ ਚੇਤੇ ਨਹੀਂ ਰੱਖਦੇ। ਜਨਮ ਤਾਂ ਪਿੱਛੇ ਹੈ, ਜਨਮ ਨੂੰ ਚੇਤੇ ਨਹੀਂ ਕਰਨਾ, ਬਲਕਿ ਜਿਸ ਦਾ ਜਨਮ ਹੋਇਆ ਹੋਵੇ, ਉਸ ਦੀ ਸੇਵਾ ਕਰਨੀ ਹੈ। ਕਿਉਂਕਿ ਜਿਸ ਦਾ ਅੱਜ ਜਨਮ ਹੋਇਆ, ਉਹ ਤਾਂ ਕਮਜ਼ੋਰ ਹੈ, ਲਾਚਾਰ ਹੈ, ਦੂਜੇ 'ਤੇ ਨਿਰਭਰ ਹੈ। ਜੋ ਜਨਮ ਨੂੰ ਚੇਤੇ ਰੱਖਦਾ ਹੈ, ਉਹ ਕਦੀ ਜੀਵਨ ਦੀ ਉੱਚਤਾ ਨੂੰ ਨਹੀਂ ਛੂਹ ਸਕੇਗਾ।

ਜੋ ਅੰਤ ਨੂੰ ਚੇਤੇ ਰੱਖਦਾ ਹੈ, ਉਹ ਬੇਅੰਤ ਵਿਚ ਲੀਨ ਹੋ ਜਾਂਦਾ ਹੈ। ਬੇਅੰਤ ਤਕ ਪਹੁੰਚਣ ਲਈ ਸਾਨੂੰ ਆਪਣੇ ਅੰਤ ਤੋਂ ਲੰਘਣਾ ਪੈਂਦਾ ਹੈ। ਮੌਤ ਸਰੀਰ ਦੇ ਇਸ ਚੋਲੇ ਨੂੰ ਪਰਿਵਰਤਨ ਕਰ ਦੇਂਦੀ ਹੈ।

ਮੌਤ ਜੀਵਨ ਦੀ ਤਬਦੀਲੀ ਹੈ, ਅਗਰ ਜੀਂਵਦਿਆਂ ਜੀ ਮੌਤ ਚੇਤੇ ਆ ਜਾਵੇ ਤਾਂ ਵੀ ਜੀਵਨ ਵਿਚ ਇਕ ਮਹਾਨ ਪਰਿਵਰਤਨ ਆਉਂਦਾ ਹੈ। ਅਗਰ

ਮਰ ਗਿਆ ਹੈ ਤਾਂ ਫਿਰ ਫਿਰ ਇਹੀ ਜੀਵਨ ਮਿਲੇਗਾ ਜੋ ਹੁਣ ਹੈ, ਪਰ ਜੀਂਵਦਿਆਂ ਜੀ ਮੌਤ ਚੇਤੇ ਆ ਗਈ ਤਾਂ ਪਰਮ ਜੀਵਨ ਮਿਲਦਾ ਹੈ। ਜਿਸ ਵਿਚ ਮੌਤ ਨਹੀਂ, ਜਿਸ ਦਾ ਅੰਤ ਨਹੀਂ, ਉਥੇ ਤਾਂ ਬੇਅੰਤ ਬੇਅੰਤ ਹੀ ਹੈ:

**ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥**

*(ਸਿਰੀਰਾਗੁ ਮਹਲਾ ੫, ਪੰਨਾ 44)*

ਸੋ ਸਿਮਰਨ ਬੇਅੰਤ ਦਾ ਕਰਨਾ ਹੈ, ਜੋ ਹਰ ਹਾਲਤ ਵਿਚ ਅੱਗੇ ਹੈ। ਅੱਗੇ ਦਾ ਚਿੰਤਨ ਜੀਵਨ ਨੂੰ ਅੱਗੇ ਲੈ ਜਾਂਦਾ ਹੈ।

ਸੇਵਾ ਉਸ ਦੀ ਕਰਨੀ ਹੈ, ਜੋ ਪਿੱਛੇ ਹੈ ਔਰ ਸੇਵਾ ਇਸ ਲਈ ਕਰਨੀ ਹੈ ਕਿ ਇਹ ਅੱਗੇ ਹੋ ਸਕੇ। ਸੇਵਾ ਸੰਸਾਰ ਦੀ ਕਰਨੀ ਹੈ ਤੇ ਸਿਮਰਨ ਨਿਰੰਕਾਰ ਦਾ ਕਰਨਾ ਹੈ। ਨਿਰੰਕਾਰ ਦੀ ਅਸੀਂ ਕੀ ਸੇਵਾ ਕਰ ਸਕਦੇ ਹਾਂ, ਬਲਕਿ ਨਿਰੰਕਾਰ ਹੀ ਸਾਡੀ ਸੇਵਾ ਕਰ ਰਿਹਾ ਹੈ। ਸੇਵਾ ਮੁਹਤਾਜ (ਬੇ-ਆਸਰਾ), ਕਮਜ਼ੋਰ ਦੀ, ਜੋ ਪਿੱਛੇ ਹੈ, ਉਸ ਦੀ ਕਰੀਦੀ ਹੈ।

ਸੋ ਪਰਮਾਤਮਾ ਹਰ ਹਾਲਤ ਵਿਚ ਪਿੱਛੇ ਹੈ। ਪਰਮਾਤਮਾ ਸਾਡੀ ਸੇਵਾ ਕਰ ਰਿਹਾ ਹੈ, ਸੂਰਜ ਬਣ ਕੇ ਰੌਸ਼ਨੀ ਦੇ ਰਿਹਾ ਹੈ, ਬੱਦਲ ਬਣ ਕੇ ਜਲ ਬਖ਼ਸ਼ਿਸ਼ ਕਰ ਰਿਹਾ ਹੈ, ਚੰਦਰਮਾ ਬਣ ਕੇ ਰਸ ਪ੍ਰਦਾਨ ਕਰ ਰਿਹਾ ਹੈ। ਧਰਤੀ ਅੰਨ ਧਨ ਦੇ ਰਹੀ ਹੈ। ਨਿਰੰਕਾਰ ਸਾਡੀ ਸੇਵਾ ਵਿਚ ਸੰਲਗਨ ਹੈ। ਅਸੀਂ ਉਸ ਦੀ ਕੀ ਸੇਵਾ ਕਰ ਸਕਦੇ ਹਾਂ। ਉਸ ਨੂੰ ਭੁੱਖ ਨਹੀਂ ਲੱਗਦੀ, ਜੋ ਅਸੀਂ ਰੋਟੀ ਖਿਲਾਈਏ। ਉਸ ਨੂੰ ਬਸਤਰਾਂ ਦੀ ਲੋੜ ਨਹੀਂ। ਉਹ ਸਮੱਗਰ ਨੂੰ ਦੇਣ ਵਾਲਾ ਹੈ, ਅਸੀਂ ਉਸ ਨੂੰ ਕੀ ਦੇ ਸਕਦੇ ਹਾਂ ਤੇ ਉਸ ਦੀ ਕੀ ਸੇਵਾ ਕਰ ਸਕਦੇ ਹਾਂ ?

ਸੋ ਸੇਵਾ ਉਸ ਦੀ ਕਰਨੀ ਹੈ, ਜੋ ਗੁਣ, ਕਲਾ, ਧਰਮ, ਧਨ, ਜਾਤ-ਪਾਤ, ਰੁਤਬੇ ਕਰਕੇ ਪਿੱਛੇ ਰਹਿ ਗਿਆ ਹੈ, ਤਾਕਿ ਸੇਵਾ ਦੇ ਆਸਰੇ 'ਤੇ ਉਸ ਦੀਆਂ ਲੋੜਾਂ ਪੂਰੀਆਂ ਹੋਵਣ ਤੇ ਉਹ ਅੱਗੇ ਵਧੇ। ਦਰਅਸਲ ਸਿਮਰਨ ਤਾਂ ਉਹੀ ਕਰੇਗਾ, ਜਿਸ ਦਾ ਆਪਣੇ ਆਪ ਵਿਚ ਸੰਤੋਖ ਹੈ। ਔਰ ਸੇਵਾ ਉਹੀ ਕਰੇਗਾ, ਜਿਸ ਦੀ ਦੂਜਿਆਂ 'ਤੇ ਦਇਆ ਹੈ। ਪਰ ਸੱਚੀ ਦਇਆ ਵੀ ਉਸ ਕੋਲ ਹੈ, ਜੋ ਸਿਮਰਨ ਕਰ ਰਿਹਾ ਹੈ। ਸਿਮਰਨ ਤੋਂ ਬਿਨਾਂ ਹਿਰਦਾ ਸ਼ੁੱਧ ਨਹੀਂ ਹੁੰਦਾ ਤੇ ਅਸ਼ੁੱਧ ਹਿਰਦੇ ਨਾਲ ਕੀਤੀ ਸੇਵਾ ਦਰਅਸਲ ਸੇਵਾ ਨਹੀਂ, ਵਿਉਪਾਰ ਹੈ:

**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥**

*(ਗੂਜਰੀ ਮਹਲਾ ੫, ਚਉਪਦੇ ਘਰੁ ੨, ਪੰਨਾ 495)*

ਕੁਛ ਸੇਵਾ ਕਰ ਕੇ ਤੇ ਜਿਸ ਦੀ ਸੇਵਾ ਕਰਨੀ ਹੈ, ਉਸ ਤੋਂ ਕੁਛ ਪ੍ਰਾਪਤ ਕਰਨਾ ਹੈ ਤਾਂ ਇਹ ਵਿਉਪਾਰ ਹੋ ਗਿਆ। ਰਾਜਨੀਤਕ ਦੇਸ਼ ਦੀ ਸੇਵਾ ਕਰ ਕੇ ਫਿਰ ਸਿੰਘਾਸਨ ਚਾਹੁੰਦਾ ਹੈ। ਉਹ ਚਰਨਾਂ 'ਤੇ ਮੱਥਾ ਇਸ ਲਈ ਟੇਕਦਾ

ਹੈ ਕਿ ਕੱਲ ਸਿਰ 'ਤੇ ਬੈਠ ਸਕੇ। ਸਿਮਰਨ ਭਾਵ ਤੋਂ ਹੀਣੀ ਸੇਵਾ ਵਿਚ ਸਵਾਰਥ ਸਿੱਧੀ ਹੈ। ਜਿਥੇ ਸੇਵਾ ਵਿਚ ਸਵਾਰਥ ਆ ਗਿਆ, ਉਹ ਵਿਉਪਾਰ ਬਣ ਜਾਂਦੀ ਹੈ।

ਸੋ ਸੇਵਾ ਉਸ ਦੀ ਕਰਨੀ ਹੈ, ਜੋ ਸਾਡੇ ਪਿੱਛੇ ਖੜਾ ਹੈ, ਤਾਕਿ ਅੱਗੇ ਵਧੇ, ਸਾਡੀ ਬਰਾਬਰੀ 'ਤੇ ਆਵੇ। ਰਾਜਨੀਤਕ ਨੂੰ ਤਾਂ ਹਮੇਸ਼ਾ ਉਸ ਤੋਂ ਡਰ ਰਹਿੰਦਾ ਹੈ, ਜੋ ਉਸ ਦੇ ਪਿੱਛੇ ਖੜਾ ਹੈ, ਅਗਰ ਉਸ ਦੀ ਹੌਂਸਲਾ-ਅਫ਼ਜ਼ਾਈ ਹੋਈ ਤਾਂ ਫਿਰ ਉਹ ਬਰਾਬਰ 'ਤੇ ਆ ਜਾਵੇਗਾ, ਰਾਜਨੀਤਕ ਇਹ ਬਰਦਾਸ਼ਤ ਨਹੀਂ ਕਰ ਸਕਦਾ।

ਜਿਥੇ ਗੁਰੂ ਦੀ ਯਾ ਅਕਾਲ ਪੁਰਖ ਦੀ ਸੇਵਾ ਦੀ ਗੱਲ ਆਈ ਹੈ, ਉਸ ਦਾ ਮਤਲਬ ਵੀ ਇਤਨਾ ਹੀ ਹੈ ਕਿ ਸਿਮਰਨ ਕਰਨਾ ਹੈ:

**ਸੰਤ ਕੀ ਸੇਵਾ ਨਾਮੁ ਧਿਆਈਐ॥** *(ਗਉੜੀ ਸੁਖਮਨੀ ਮ: ੫, ਪੰਨਾ 265)*

**ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ॥** *(ਪੰਨਾ 300)*

ਸੋ ਟਹਿਲ ਸੇਵਾ ਉਸ ਦੀ ਕਰਨੀ ਹੈ, ਜੋ ਪਿੱਛੇ ਹੈ ਤੇ ਸਿਮਰਨ ਉਸ ਦਾ ਕਰਨਾ ਹੈ, ਜਿਸ ਨੂੰ ਪਿੱਛੇ ਰੱਖਿਆ ਹੀ ਨਹੀਂ ਜਾ ਸਕਦਾ, ਜੋ ਹਰ ਹਾਲਤ ਵਿਚ ਅੱਗੇ ਹੈ।

ਸੇਵਾ ਮੋਟੀ ਅਕਲ ਵਾਲਾ ਵੀ ਕਰ ਸਕਦਾ ਹੈ। ਜਗਤ ਅਸਥੂਲ ਹੈ। ਅਸਥੂਲ ਜਗਤ ਦੀ ਸੇਵਾ ਮੋਟੀ ਬੁੱਧ ਨਾਲ ਵੀ ਹੋ ਸਕਦੀ ਹੈ, ਪਰ ਸਤਿਸੰਗ, ਕਥਾ, ਕੀਰਤਨ, ਵਿਚਾਰ ਸੁਣਦਿਆਂ ਜਿਤਨੇ ਤਕ ਬੁੱਧ ਵਿਵੇਕ (ਬਾਰੀਕ) ਨਹੀਂ ਹੁੰਦੀ, ਉਤਨੇ ਤਕ ਸਿਮਰਨ ਕਰਨਾ ਔਖਾ ਹੈ। ਅੱਠ ਘੰਟੇ ਸੇਵਾ ਕਰਨ ਵਾਲਾ ਅੱਠ ਮਿੰਟ ਸਿਮਰਨ ਕਰਨ ਦੀ ਔਖਿਆਈ ਮਹਿਸੂਸ ਕਰਦਾ ਹੈ, ਜਿਸ ਦਾ ਰੰਗ-ਰੂਪ, ਵਰਨ-ਭੇਖ ਕੁਛ ਵੀ ਨਾ ਹੋਵੇ, ਉਸ ਨੂੰ ਸ਼ਬਦ ਜਾਪ ਦੁਆਰਾ ਯਾਦ ਕਰਨਾ ਔਖਾ ਹੈ:

**ਆਖਣਿ ਅਉਖਾ ਸਾਚਾ ਨਾਉ॥** *(ਆਸਾ ਮਹਲਾ ੧, ਪੰਨਾ 9)*

ਸੋ ਸਿਮਰਨ ਕਰਦਿਆਂ ਗੁਰਬਾਣੀ ਵਿਚਾਰ ਨਾਲ ਜਿਤਨੇ ਤਕ ਬੁੱਧ ਬਾਰੀਕ ਨਹੀਂ ਹੁੰਦੀ, ਉਤਨੇ ਤਕ ਤਾਂ ਸੇਵਾ ਵੀ ਸਵਾਰਥ ਹੋਵੇਗੀ। ਅਹੰਕਾਰ ਵਧੇਗਾ, ਸਿਮਰਨ ਕਰਦਿਆਂ ਜਦ ਮਤ ਬਾਰੀਕ ਹੁੰਦੀ ਹੈ ਤਾਂ ਸੇਵਾ ਵਿਚ ਇਕ ਅਦੁੱਤੀ ਨਿਖਾਰ ਆ ਜਾਂਦਾ ਹੈ ਯਾ ਇੰਜ ਆਖੀਏ ਕਿ ਉਹ ਸੇਵਾ ਵੀ ਸਿਮਰਨ ਦਾ ਹੀ ਰੂਪ ਹੋ ਜਾਂਦੀ ਹੈ।

•

# ਵਰਨ ਭੇਖ

ਮਨੁੱਖਾਂ ਦੀ ਵੰਡ ਦੋ ਤਰ੍ਹਾਂ ਨਾਲ ਕੀਤੀ ਗਈ ਹੈ। ਇਕ ਤਾਂ ਅਸਥੂਲ ਮਤ ਰੱਖਣ ਵਾਲਿਆਂ ਨੇ ਵੰਡ ਕੀਤੀ ਹੈ, ਦੂਜੀ ਅੰਤਰ-ਦਰਸ਼ੀ ਪੁਰਖਾਂ ਨੇ ਵੰਡ ਕੀਤੀ ਹੈ। ਅਸਥੂਲ ਮਤ ਵਾਲਿਆਂ ਨੇ ਕ੍ਰਿਤ ਦੇ ਹਿਸਾਬ ਨਾਲ ਵੰਡ ਕੀਤੀ ਹੈ। ਅੰਤਰ-ਦਰਸ਼ੀਆਂ ਨੇ ਸੁਭਾਵ ਦੇ ਹਿਸਾਬ ਨਾਲ ਵੰਡ ਕੀਤੀ ਹੈ।

ਅਸਥੂਲ ਮਤ ਵਾਲਿਆਂ ਦੀ ਵੰਡ ਜੋ ਕ੍ਰਿਤ ਦੇ ਹਿਸਾਬ ਨਾਲ ਹੋਈ, ਉਹ ਮਨੁੱਖਤਾ ਨੂੰ ਚਾਰ ਵਰਨਾਂ ਵਿਚ ਵੰਡਦੇ ਹਨ, ਜਿਨ੍ਹਾਂ ਦੇ ਨਾਮ—ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਹਨ।

ਅੰਤਰ-ਦਰਸ਼ੀਆਂ ਦੀ ਵੰਡ ਤਿੰਨ ਤਰ੍ਹਾਂ ਦੀ ਹੈ :

(1) ਦੇਵ ਬਿਰਤੀ, (2) ਮਨੁੱਖ ਬਿਰਤੀ, (3) ਪਸ਼ੂ ਬਿਰਤੀ।

ਇਨ੍ਹਾਂ ਦਾ ਅਨੁਵਾਦ ਇਸ ਤਰ੍ਹਾਂ ਕਰੀਏ : ਇਕ ਉਹ ਹਨ, ਜੋ ਅੰਤਰ-ਮੁਖੀ ਹਨ, ਦੂਜੇ ਅੰਤਰ ਤੇ ਬਾਹਰ-ਮੁਖੀ, ਤੀਜੇ ਜੋ ਬਾਹਰ-ਮੁਖੀ ਹਨ।

ਜੋ ਵੰਡ ਤਿੰਨ ਦੀ ਕੀਤੀ ਹੈ, ਇਹ ਵਿਗਿਆਨਕ ਹੈ। ਸੱਚ ਹੈ ਔਰ ਐਸਾ ਸਪੱਸ਼ਟ ਰੂਪ ਵਿਚ ਮਨੁੱਖਾਂ ਦੀ ਜੀਵਨ-ਡਲ੍ਹਕ ਤੋਂ ਪਤਾ ਚੱਲਦਾ ਹੈ, ਪਰ ਜੋ ਅਸਥੂਲ ਮਤ ਵਾਲਿਆਂ ਨੇ ਚਾਰ ਵਿਭਾਜਨ ਕੀਤੇ ਹਨ, ਇਹ ਗ਼ੈਰ-ਵਿਗਿਆਨਕ ਹੈ ਤੇ ਸੱਚਾਈ ਤੋਂ ਕੋਸੋਂ ਦੂਰ ਹੈ। 'ਮਨੂੰ ਸਿੰਮ੍ਰਿਤੀ' ਦੇ ਆਧਾਰ 'ਤੇ ਮਨੁੱਖ ਦੀ ਚਾਰ ਤਰ੍ਹਾਂ ਦੀ ਵੰਡ ਭਾਰਤ ਨੂੰ ਸਦੀਆਂ ਤਕ ਗ਼ੁਲਾਮ ਰੱਖਣ ਵਿਚ ਸਹਾਇਕ ਹੋਈ ਔਰ ਇਨ੍ਹਾਂ ਚਾਰ ਵਰਨਾਂ ਵਿਚ ਇਤਨੀ ਦੂਰੀ ਪੈਦਾ ਹੋ ਗਈ ਕਿ ਮਨੁੱਖ ਦਾ ਮਨੁੱਖ ਕੋਲ ਬੈਠਣਾ ਦੂਭਰ ਹੋ ਗਿਆ। ਇਸ ਲਈ ਸਭ ਤੋਂ ਜ਼ਿਆਦਾ ਅਪਮਾਨ ਤੇ ਦੁਖ ਸ਼ੂਦਰ ਨੂੰ ਝੱਲਣਾ ਪਿਆ। ਇਸ ਵੰਡ 'ਤੇ ਧਰਮ ਦੀ ਮੋਹਰ ਲਾ ਕੇ ਦੁਖ ਤੇ ਅਪਮਾਨ ਹਮੇਸ਼ਾ ਲਈ ਪੱਕਾ ਕਰ ਦਿੱਤਾ।

ਕ੍ਰਿਤ ਦੇ ਹਿਸਾਬ, ਚਾਰ ਤਰ੍ਹਾਂ ਦੀ ਵੰਡ ਦੀ ਵਿਚਾਰ ਨੂੰ ਲਈਏ, ਫਿਰ ਅਸੀਂ ਸੁਭਾਵ ਬਿਰਤੀ ਦੇ ਹਿਸਾਬ ਨਾਲ ਤਿੰਨ ਤਰ੍ਹਾਂ ਹੋਈ ਪ੍ਰਾਕ੍ਰਿਤਕ ਵੰਡ ਦੀ ਵਿਚਾਰ ਕਰਾਂਗੇ।

ਕ੍ਰਿਤ ਦੇ ਹਿਸਾਬ ਨਾਲ ਵੰਡ ਬ੍ਰਾਹਮਣ ਨੇ ਕੀਤੀ, ਇਸ ਲਈ ਉਸ ਨੇ ਆਪਣੇ ਆਪ ਨੂੰ ਸਿਰਮੌਰ ਰੱਖਿਆ। ਬ੍ਰਾਹਮਣ ਦੀ ਕ੍ਰਿਤ ਬ੍ਰਾਹਮਣ ਨੇ ਇਸ

ਤਰ੍ਹਾਂ ਦੱਸੀ—ਯੱਗ ਕਰਨਾ, ਯੱਗ ਕਰਾਉਣਾ; ਦਾਨ ਲੈਣਾ, ਦਾਨ ਦੇਣਾ; ਵੇਦ ਪੜ੍ਹਨੇ, ਵੇਦ ਪੜ੍ਹਾਉਣੇ। ਇਹ ਖਟ ਕਰਮ ਬ੍ਰਾਹਮਣ ਦੇ ਮੰਨੇ ਗਏ ਹਨ ਤੇ ਇਨ੍ਹਾਂ ਖਟ ਕਰਮਾਂ ਦੇ ਆਸਰੇ ਇਹ ਸਿਰਮੌਰ ਬਣ ਬੈਠਾ।

ਖੱਤਰੀ ਨੂੰ ਬਾਹਵਾਂ ਆਖਿਆ ਗਿਆ, ਜਿਸ ਦੇ ਹੱਥ ਵਿਚ ਤਾਕਤ ਹੋਵੇ, ਜੋ ਲੜ ਸਕਦਾ ਹੋਵੇ, ਸੂਰਬੀਰ ਹੋਵੇ। ਜੋ ਖੇਤੀ ਤੇ ਵਿਉਪਾਰ ਕਰੇ, ਉਸ ਨੂੰ ਵੈਸ਼ ਆਖਿਆ ਗਿਆ ਔਰ ਜੋ ਇਨ੍ਹਾਂ ਤਿੰਨਾਂ ਵਰਨਾਂ ਦੀ ਹਰ ਪ੍ਰਕਾਰ ਦੀ ਸਰੀਰਕ ਸੇਵਾ ਕਰੇ, ਉਹ ਸ਼ੂਦਰ ਮੰਨਿਆ ਗਿਆ।

ਸਰੀਰ ਦਾ ਜ਼ਿਹੜਾ ਅੰਗ ਪੰਗੂ ਹੋਵੇ, ਸਰੀਰ ਮੁਹਤਾਜ ਹੋ ਜਾਂਦਾ ਹੈ। ਇਨ੍ਹਾਂ ਚਾਰ ਤਰ੍ਹਾਂ ਦੀ ਕ੍ਰਿਤ ਵਿੱਚੋਂ ਜਿਹੜੀ ਕ੍ਰਿਤ ਵੀ ਨਾ ਹੋਵੇ ਤਾਂ ਮਨੁੱਖੀ ਸਮਾਜ ਪੰਗੂ ਹੋ ਜਾਵੇਗਾ, ਪਰ ਬ੍ਰਾਹਮਣ ਨੇ ਆਪਣੀ ਕ੍ਰਿਤ ਨੂੰ ਤਾਂ ਪੂਜਯ ਦੱਸਿਆ ਤੇ ਪੂਜਿਆ ਗਿਆ, ਪਰ ਸ਼ੂਦਰ ਦੀ ਕ੍ਰਿਤ ਨੂੰ ਨਖਿੱਧ ਦੱਸ ਕੇ ਉਸ ਦਾ ਰੱਜ ਕੇ ਅਪਮਾਨ ਕੀਤਾ ਤੇ ਦੁਖ ਦਿੱਤਾ। ਜੋ ਪੈਰਾਂ ਲਈ ਜੁੱਤੀਆਂ ਬਣਾਵੇ, ਉਹ ਸ਼ੂਦਰ ਤੇ ਨਖਿੱਧ ਸੀ, ਪਰ ਜੋ ਸਿਰ ਵਿਚ ਜੁੱਤੀਆਂ ਮਾਰੇ, ਉਹ ਪੂਜਿਆ ਗਿਆ।

ਜਿਸ ਨੇ ਤਨ ਲਈ ਕਪੜਾ ਬਣਾਇਆ, ਉਹ ਜੁਲਾਹਾ ਸ਼ੂਦਰ, ਪਰ ਜੋ ਸ਼ਰੇਆਮ ਨੰਗਾ ਕਰੇ ਉਹ ਪੂਜਯ। ਜਿਸ ਨੇ ਲੱਕੜ ਨੂੰ ਸੰਵਾਰ ਕੇ ਮਨੁੱਖੀ ਕੰਮ ਲਈ ਉਪਯੋਗੀ ਬਣਾਇਆ, ਉਹ ਤਰਖਾਣ ਤੇ ਲੋਹਾਰ ਸ਼ੂਦਰ ਤੇ ਜਿਸ ਨੇ ਜੀਵਨ ਦੀ ਵੰਡ ਕਰ ਕੇ, ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰ ਕੇ ਮਨੁੱਖੀ ਜਗਤ ਵਿਚ ਨਰਕ ਪੈਦਾ ਕੀਤਾ, ਉਹ ਪੂਜਿਆ ਗਿਆ।

ਇਥੇ ਕ੍ਰਿਤੀ ਸ਼ੂਦਰ ਸੀ। ਕੁਮਹਾਰ, ਛੀਂਬੇ, ਧੋਬੀ ਜੋ ਹੱਥਾਂ ਨਾਲ ਅਣਥੱਕ ਮਿਹਨਤ ਕਰਦੇ ਸਨ, ਸ਼ੂਦਰ ਕਰਾਰ ਦਿੱਤੇ ਗਏ। ਜਿਸ ਦੇਸ਼ ਵਿਚ ਕ੍ਰਿਤੀ ਨੂੰ ਸ਼ੂਦਰ ਆਖਿਆ ਜਾਵੇ ਤੇ ਅਪਮਾਨਤ ਕੀਤਾ ਜਾਵੇ, ਉਹ ਦੇਸ਼ ਕ੍ਰਿਤ ਕਰ ਕੇ ਪੱਛੜ ਜਾਵੇਗਾ ਤੇ ਗ਼ਰੀਬ ਹੋ ਜਾਵੇਗਾ। ਭਾਰਤ ਦੀ ਗ਼ਰੀਬੀ ਤੇ ਗ਼ੁਲਾਮੀ ਵਿਚ ਇਕ ਇਹ ਵੀ ਕਾਰਨ ਹੈ ਕਿ ਕ੍ਰਿਤੀ ਨੂੰ ਦੁਖੀ ਤੇ ਅਪਮਾਨਤ ਕੀਤਾ ਗਿਆ।

ਸਦੀਆਂ ਤਕ ਜੋ ਸ਼ੂਦਰ ਨੇ ਦੁਖ ਤੇ ਅਪਮਾਨ ਝੱਲਿਆ ਸੀ, ਉਸ ਦਾ ਹੁਣ ਪ੍ਰਤੀਕਰਮ ਹੋਣ ਲੱਗਾ ਹੈ ਤੇ ਇਹ ਹੋਣਾ ਹੀ ਸੀ। ਸ਼ੂਦਰ ਸਦੀਆਂ ਦੇ ਦੁਖ ਤੇ ਅਪਮਾਨ ਦਾ ਬਦਲਾ ਲੈਣਾ ਚਾਹੁੰਦਾ ਹੈ।

ਸ਼ੂਦਰ ਅਛੂਤ ਸੀ, ਹਾਲਾਂਕਿ ਪਸ਼ੂ ਵੀ ਅਛੂਤ ਨਹੀਂ ਮੰਨਿਆ ਗਿਆ, ਬਲਕਿ ਇਸ ਦੇਸ਼ ਵਿਚ ਤਾਂ ਪਸ਼ੂ ਪੂਜੇ ਗਏ, ਪਰ ਮਨੁੱਖ ਫਿਟਕਾਰੇ ਗਏ। ਸ਼ੂਦਰ ਦੇ ਕੰਨਾਂ ਵਿਚ ਅਗਰ ਵੇਦ ਮੰਤਰ ਪੈ ਜਾਂਦਾ ਤਾਂ ਉਸ ਦੇ ਕੰਨਾਂ ਵਿਚ ਸਿੱਕਾ

ਢਾਲ ਕੇ ਪਾ ਦਿੱਤਾ ਜਾਂਦਾ। ਇੰਜ ਉਸ ਨੂੰ ਹਮੇਸ਼ਾ ਲਈ ਸ੍ਰੋਤ ਤੋਂ ਹੀਣਾ ਕਰ ਦਿੱਤਾ ਜਾਂਦਾ।

ਭਜਨ ਕਰਨ 'ਤੇ ਸ਼ੂਦਰਾਂ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਗਈ। ਸ਼ੰਭੂਕ ਨਾਮ ਦੇ ਸ਼ੀਵਰ ਨੂੰ ਸ੍ਰੀ ਰਾਮ ਦੁਆਰਾ ਮੌਤ ਦੀ ਸਜ਼ਾ ਇਸੇ ਭਜਨ ਕਰਨ ਦੇ ਦੋਸ਼ ਵਿਚ ਦਿੱਤੀ ਗਈ। ਸ਼ੂਦਰ ਰਸਤੇ ਵਿੱਚੋਂ ਲੰਘੇ ਤਾਂ ਉਸ ਨੂੰ ਘੰਟੀ ਵਜਾ ਕੇ ਲੰਘਣਾ ਪੈਂਦਾ ਸੀ ਤਾਕਿ ਕੋਈ ਉਸ ਨਾਲ ਲੱਗ ਕੇ ਭਿੱਟ ਨਾ ਜਾਵੇ। ਮਨੁੱਖ ਦਾ ਮਨੁੱਖ ਉੱਤੇ ਇਹ ਅਤਿਆਚਾਰ ਧਰਮ ਦੇ ਨਾਮ 'ਤੇ ਹੁੰਦਾ ਰਿਹਾ। ਇਹ ਤਾਂ ਠੀਕ ਹੈ ਕਿ ਰੋਜ਼ੀ ਦਹਿੰਦ ਨੇ ਹਰ ਇਕ ਨੂੰ ਵੱਖ ਵੱਖ ਧੰਧਿਆਂ ਰਾਹੀਂ ਰੋਜ਼ੀ ਦਿੱਤੀ ਹੈ:

**ਤੁਧੁ ਸੰਸਾਰੁ ਉਪਾਇਆ॥**
**ਸਿਰੇ ਸਿਰਿ ਧੰਧੇ ਲਾਇਆ॥** *(ਸਿਰੀਰਾਗੁ ਮਹਲਾ ੧, ਘਰੁ ੩, ਪੰਨਾ 71)*

ਰੋਜ਼ੀ ਦੀ ਕ੍ਰਿਤ ਕਰਦੀ ਮਨੁੱਖਤਾ ਨੂੰ ਵੰਡ ਕੇ ਰੱਖਣਾ, ਇਹ ਅਮਾਨਵੀ ਕਰਤੱਵ ਸੀ। ਸਹੀ ਢੰਗ ਅਧਿਆਤਮਵਾਦੀਆਂ ਨੇ ਮਨੁੱਖ ਦੀਆਂ ਰੁਚੀਆਂ ਦਾ ਅਧਿਐਨ ਕਰ ਕੇ ਜੋ ਤੱਥ ਸਮਝ ਕੇ ਦੱਸੇ ਹਨ, ਉਹੋ ਠੀਕ ਹਨ।

ਪ੍ਰਥਮ, ਦੇਵ ਬਿਰਤੀ ਜਿਸ ਦੇ ਚਾਨਣਾ ਹੈ, ਜਿਸ ਨੂੰ ਜੀਵਨ ਦੇ ਮੂਲ ਦੀ ਸਮਝ ਹੈ ਯਾ ਜੀਵਨ ਦੇ ਮੂਲ ਦੀ ਸੋਝੀ ਲੈਣਾ ਚਾਹੁੰਦਾ ਹੈ। ਅੰਤਰ ਆਤਮੇ ਇਕ ਉਮੰਗ ਹੈ ਕਿ ਆਪਣੀ ਮੂਲ ਸੱਤਾ ਨੂੰ ਸਮਝਾਂ ਤੇ ਉਸ ਨਾਲ ਜੁੜਾਂ, ਇਸ ਤਰ੍ਹਾਂ ਦਾ ਮਨੁੱਖ ਆਪਣੇ ਸਿਰ ਦਾ ਇਸਤੇਮਾਲ ਸਭ ਤੋਂ ਜ਼ਿਆਦਾ ਕਰੇ, ਸਿਰ ਦੀ ਜ਼ਿਆਦਾ ਵਰਤੋਂ ਕਰ ਕੇ ਸਿਰਮੌਰ ਹੋਵੇਗਾ। ਵਿਚਾਰ-ਹੀਨ ਉਸ ਦੀ ਕ੍ਰਿਤ ਨਹੀਂ ਹੋਵੇਗੀ। ਪ੍ਰਭੂ-ਚਿੰਤਨ ਜਿਸ ਦੇ ਜੀਵਨ ਦਾ ਲਕਸ਼ ਹੈ, ਇਹ ਪ੍ਰਥਮ ਕੋਟੀ ਦਾ ਮਨੁੱਖ ਹੈ।

ਦੂਜਾ, ਜਿਸ ਕੋਲ ਮਨੁੱਖ ਬਿਰਤੀ ਹੈ, ਭਾਵ ਜਿਸ ਦੀ ਹਰ ਕ੍ਰਿਤ 'ਤੇ ਮਨੁੱਖਤਾ ਦੀ ਛਾਪ ਹੋਵੇਗੀ, ਉਹ ਮਨੁੱਖੀ ਦਾਇਰੇ ਤੋਂ ਥੱਲੇ ਜਾਣ ਨੂੰ ਤਿਆਰ ਨਹੀਂ ਹੋਵੇਗਾ ਤੇ ਤੀਜਾ ਉਹ ਹੈ ਜੋ ਮਨੁੱਖੀ ਸਭਿਅ (ਦਾਇਰੇ) ਤੋਂ ਥੱਲੇ ਜੀਂਵਦਾ ਹੈ:

**ਕਰਤੂਤਿ ਪਸੂ ਕੀ ਮਾਨਸ ਜਾਤਿ॥**
**ਲੋਕ ਪਚਾਰਾ ਕਰੈ ਦਿਨੁ ਰਾਤਿ॥** *(ਗਉੜੀ ਸੁਖਮਨੀ ਮ: ੫, ਪੰਨਾ 267)*

ਉਸ ਦਾ ਜੀਵਨ ਪਸ਼ੂ-ਵਰਤ ਹੋਵੇਗਾ। ਸੋ ਜੀਵਨ ਦੇ ਇਹ ਤਿੰਨ ਤਲ ਹਨ। ਇਕ ਤਾਂ ਉਹ ਜੋ ਮਨੁੱਖਤਾ ਤੋਂ ਵੀ ਉਪਰ ਉਠ ਗਿਆ, ਇਕ ਉਹ ਜੋ ਮਨੁੱਖੀ ਦਾਇਰੇ ਅੰਦਰ ਹੈ ਤੇ ਤੀਜਾ ਜੋ ਮਨੁੱਖਤਾ ਤੋਂ ਥੱਲੇ ਯਾ ਪਸ਼ੂ ਦੀ ਕੋਟੀ ਵਿਚ ਜਾ ਰਲਿਆ ਹੈ। ਪਰ ਜੇ ਪਸ਼ੂ ਅਛੂਤ ਨਹੀਂ ਹੈ ਤਾਂ ਇਹ ਤੀਜੀ ਕੋਟੀ ਵਾਲਾ ਵੀ ਅਛੂਤ ਨਹੀਂ ਹੈ।

ਜੋ ਵੰਡ ਬ੍ਰਾਹਮਣ ਨੇ ਕੀਤੀ, ਉਸ ਨਾਲ ਦੇਸ਼ ਦਾ ਤੇ ਮਨੁੱਖੀ ਭਾਈਚਾਰੇ ਦਾ ਬਹੁਤ ਅਹਿੱਤ ਹੋਇਆ ਹੈ। ਜਗਤ-ਗੁਰੂ ਬਾਬਾ ਗੁਰੂ ਨਾਨਕ ਦੇਵ ਜੀ ਨੇ ਇਸ ਵਰਨ-ਵੰਡ ਦੀਆਂ ਧੱਜੀਆਂ ਉਖੇੜ ਦਿੱਤੀਆਂ।

ਗੁਰੂ ਗੋਬਿੰਦ ਸਿੰਘ ਜੀ ਨੇ ਹਰ ਵਰਨ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾ, ਅਮਲੀ ਸਰੂਪ ਦੇ ਦਿੱਤਾ।

ਗੁਰੂ ਅੰਗਦ ਦੇਵ ਜੀ ਨੇ ਤਾਂ ਸਾਫ਼ ਕਹਿ ਦਿੱਤਾ:

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥** *(ਮ: ੨, ਪੰਨਾ 469)*

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥**
**ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥**
*(ਸੂਹੀ ਮਹਲਾ ੫, ਪੰਨੇ 747-48)*

ਸਾਂਝੇ ਉਪਦੇਸ਼ ਨਾਲ ਸਾਂਝੀਵਾਲਤਾ ਕਰ ਦਿੱਤੀ। ਸਿੱਖ ਸਿਰ ਦਾ ਵੀ ਇਸਤੇਮਾਲ ਕਰੇ, ਭਾਵ ਅਕਲ ਦੀ ਵਰਤੋਂ ਕਰੇ:

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥**
*(ਸਲੋਕ ਮ: ੧, ਪੰਨਾ 1245)*

ਬੌਧਿਕ ਉੱਨਤੀ ਲਈ ਸਤਿਗੁਰੂ ਯਤਨਸ਼ੀਲ ਰਹੇ, ਪਰ ਸਿੱਖ ਵੈਸ਼ ਕ੍ਰਿਤੀ ਵੀ ਹੋਵੇ, ਮੰਗ ਕੇ ਖਾਣ ਵਾਲਾ ਨਾ ਹੋਵੇ:

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥**
*(ਸਲੋਕ ਮ: ੫, ਪੰਨਾ 522)*

ਸਿੱਖ ਸੂਦਰ ਵੀ ਚਾਹੀਦਾ ਹੈ, ਉਹ ਸਾਰਿਆਂ ਦੀ ਸੇਵਾ ਵੀ ਕਰੇ:

**ਵਿਚਿ ਦੁਨੀਆ ਸੇਵ ਕਮਾਈਐ॥**
**ਤਾ ਦਰਗਹ ਬੈਸਣੁ ਪਾਈਐ॥** *(ਸਿਰੀਰਾਗੁ ਮਹਲਾ ੧, ਘਰੁ ੫, ਪੰਨਾ 26)*

ਸਿੱਖ ਸੂਰਬੀਰ ਚਾਹੀਦਾ ਹੈ। ਉਹ ਜ਼ਾਲਮ ਦੇ ਜ਼ੁਲਮ ਅੱਗੇ ਨਾ ਝੁਕੇ, ਬਲਕਿ ਸੀਨਾ ਤਾਣ ਕੇ ਖੜਾ ਹੋਵੇ:

*ਖਾਲਸਾ ਸੋਇ ਸੁ ਚੜ੍ਹੇ ਤੁਰੰਗ।*
*ਖਾਲਸਾ ਸੋਇ ਕਰੈ ਨਿੱਤ ਜੰਗ।* *(ਤਨਖ਼ਾਹਨਾਮਾ, ਭਾਈ ਨੰਦ ਲਾਲ ਜੀ)*

ਇਸ ਤਰ੍ਹਾਂ ਚਾਰੇ ਵਰਨਾਂ ਨੂੰ ਯੱਕ-ਜਾਂ ਕਰ ਕੇ ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ (ਖ਼ਾਲਸਾ) ਬਣਾਇਆ। ਇਕ ਇਕ ਵਿਚ ਚਾਰੇ ਵਰਨ ਪਾ ਕੇ ਵਰਨ-ਭੇਦ ਆਪ ਜੀ ਨੇ ਮਿਟਾ ਦਿੱਤਾ।

•

# ਸੰਬੰਧ

ਸਮ ਜੋੜ ਨੂੰ ਸੰਬੰਧ ਕਹਿੰਦੇ ਹਨ। ਸੰਬੰਧ ਦੋ ਤਰ੍ਹਾਂ ਦੇ ਪ੍ਰਚਲਿਤ ਹਨ : ਖ਼ੂਨ ਦਾ ਸੰਬੰਧ ਯਾ ਦਿਲ ਦਾ ਸੰਬੰਧ।

ਪ੍ਰਚਲਿਤ ਤਾਂ ਇਹ ਹੈ ਕਿ ਖ਼ੂਨ ਦਾ ਸੰਬੰਧ ਮਹਾਨ ਹੈ। ਔਰ ਮਨੁੱਖ ਮਾਨ ਨਾਲ ਆਖਦਾ ਹੈ, ਫ਼ਲਾਣੇ ਨਾਲ ਸਾਡਾ ਖ਼ੂਨ ਦਾ ਸੰਬੰਧ ਹੈ। ਖ਼ੂਨ ਦਾ ਸਮ ਹੋਣਾ, ਇਕ ਹੋਣਾ ਇਹ ਪ੍ਰਾਕ੍ਰਿਤਕ ਹੈ। ਇਸ ਸੰਬੰਧ ਵਿਚ ਬਹੁਤ ਗਹਿਰਾਈ ਨਹੀਂ ਹੈ, ਇਸ ਵਾਸਤੇ ਖ਼ੂਨ ਖ਼ੂਨ ਦਾ ਵੈਰੀ ਹੋ ਜਾਂਦਾ ਹੈ। ਦੋ ਭਾਈ ਆਪਸ ਵਿਚ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਜਾਂਦੇ ਹਨ।

ਜਿਥੇ ਭਾਵ ਸਮ ਹੋ ਜਾਣ, ਇਕ ਹੋ ਜਾਣ, ਉਹ ਜੋ ਸੰਬੰਧ ਹੈ, ਉਹ ਅਦੁੱਤੀ ਹੈ। ਉਸ ਵਿਚ ਮਨੁੱਖ ਦੀ ਆਪਣੀ ਚੁਣੌਤੀ ਹੈ। ਇਸ ਸੰਬੰਧ ਵਿਚ ਗਹਿਰਾਈ ਹੈ। ਦਰਅਸਲ ਮਨੁੱਖੀ ਤਲ ਦਾ ਸੰਬੰਧ ਹੀ ਭਾਵ ਦੀ ਸਮਾਨਤਾ 'ਤੇ ਖੜਾ ਹੈ।

ਇਕ ਨਵੇਂ ਬੱਚੇ ਨੇ ਮਾਂ ਨਾਲ ਜੋ ਸੰਬੰਧ ਜੋੜਿਆ ਹੈ, ਭਾਵ ਦਾ ਸੰਬੰਧ ਹੈ। ਅਜੇ ਖ਼ੂਨ ਇਕ ਹੋਣ ਦਾ ਉਸ ਨੂੰ ਬੋਧ ਨਹੀਂ ਹੈ। ਜਦ ਬੱਚਾ ਸਹਿਜੇ-ਸਹਿਜੇ ਵੱਡਾ ਹੁੰਦਾ ਹੈ ਤਾਂ ਵਿਚਾਰ ਵੀ ਨਾਲ ਵੱਡੇ ਹੁੰਦੇ ਹਨ। ਹੁਣ ਤਾਂ ਜਿਥੇ ਵਿਚਾਰ ਸਮ (ਇਕ) ਹੋਏ ਤਾਂ ਹੀ ਭਾਵ ਦਾ ਜਨਮ ਹੋ ਕੇ ਸੰਬੰਧ ਜੁੜੇਗਾ, ਵਰਨਾ ਵਿਚਾਰਾਂ ਦਾ ਵਖੇਵਾਂ ਟਕਰਾਓ ਨੂੰ ਜਨਮ ਦੇ ਸਕਦਾ ਹੈ। ਖ਼ੂਨ ਇਕ ਹੋਣ ਦੇ ਬਾਵਜੂਦ ਵੀ ਅਸੀਂ ਮਨੁੱਖੀ ਤਲ 'ਤੇ ਟਕਰਾਓ ਵੇਖਦੇ ਹਾਂ।

ਕੁਝ ਜਗਤ ਪ੍ਰਸਿੱਧ ਟਕਰਾਓ ਜੋ ਇਤਿਹਾਸ ਦਾ ਅਟੁੱਟ ਅੰਗ ਹਨ, ਉਹਨਾਂ ਨੂੰ ਪੜ੍ਹੀਏ ਤਾਂ ਖ਼ੂਨ ਦੇ ਰਿਸ਼ਤੇ ਦੀ ਮਹਾਨਤਾ ਕੋਈ ਖ਼ਾਸ ਨਹੀਂ ਰਹਿ ਜਾਂਦੀ।

ਖ਼ੂਨ ਪ੍ਰਹਿਲਾਦ ਤੇ ਹਰਨਾਖ਼ਸ਼ ਦਾ ਇਕ ਸੀ। ਪਿਤਾ ਪੁੱਤਰ ਦਾ ਸੰਬੰਧ ਸੀ, ਪਰ ਦਿਲਾਂ ਦੀ ਸਾਂਝ ਨਾ ਹੋਣ ਕਰਕੇ ਪਿਤਾ ਨੇ ਪੁੱਤਰ 'ਤੇ ਜ਼ੁਲਮ ਢਾਹੇ ਔਰ ਪੁੱਤਰ ਪਿਤਾ ਨਾਲ ਸਹਿਮਤ ਨਾ ਹੋਇਆ। ਭੁੱਖਾ ਰੱਖਿਆ, ਜੇਲ੍ਹ ਵਿਚ ਬੰਦ ਰੱਖਿਆ, ਹੋਰ ਅਨੇਕਾਂ ਤਸੀਹੇ ਉਸ ਮਾਸੂਮ ਜਿੰਦੜੀ ਨੂੰ ਦਿੱਤੇ, ਜਿਸ ਨੂੰ ਵੇਖ ਕੇ ਕਹਿਣਾ ਪੈਂਦਾ ਹੈ, ਖ਼ੂਨ ਦਾ ਰਿਸ਼ਤਾ ਤਾਂ ਪਾਣੀ ਵਿਚ ਖਿੱਚੀ ਲਕੀਰ ਹੈ, ਕੋਈ ਪੱਕਾ ਨਹੀਂ ਹੈ।

ਜਹਾਂਗੀਰ ਨੇ ਆਪਣੇ ਪੁੱਤਰ ਖ਼ੁਸਰੋ ਨੂੰ ਤਸੀਹੇ ਦੇ ਕੇ ਮਰਵਾ ਦਿੱਤਾ, ਕਿਉਂਕਿ ਸ਼ਾਹ ਜ਼ਹਾਨ ਆਪਣੇ ਤਖ਼ਤ ਲਈ ਉਸ ਨੂੰ ਖ਼ਤਰਾ ਸਮਝਦਾ ਸੀ। ਫਿਰ ਸ਼ਾਹ ਜ਼ਹਾਨ ਨੂੰ ਉਸ ਦੇ ਪੁੱਤਰ ਔਰੰਗਜ਼ੇਬ ਨੇ ਕੈਦ ਕੀਤਾ, ਕਿਉਂਕਿ ਇਹ ਪਿਤਾ ਨੂੰ ਆਪਣੇ ਲਈ ਖ਼ਤਰਾ ਸਮਝਦਾ ਸੀ। ਔਰੰਗਜ਼ੇਬ ਨੇ ਆਪਣੇ ਸਕੇ ਭਰਾ ਦਾਰਾ ਸ਼ੁਜਾਹ ਤੇ ਮੁਰਾਦ ਨੂੰ ਬੜੀ ਬੇ-ਦਰਦੀ ਨਾਲ ਕਤਲ ਕਰਵਾਇਆ।

ਕੰਸ ਸ੍ਰੀ ਕ੍ਰਿਸ਼ਨ ਜੀ ਦੇ ਮਾਮਾ ਸਨ, ਖ਼ੂਨੀ ਰਿਸ਼ਤਾ ਸੀ, ਪਰ ਕੰਸ ਸ੍ਰੀ ਕ੍ਰਿਸ਼ਨ ਦਾ ਵੈਰੀ ਸੀ ਔਰ ਸ੍ਰੀ ਕ੍ਰਿਸ਼ਨ ਨੇ ਕੰਸ ਦਾ ਨਾਸ਼ ਕੀਤਾ। ਕੰਸ ਨੇ ਆਪਣੀ ਸਕੀ ਭੈਣ ਦੇਵਕੀ ਤੇ ਉਸ ਦੇ ਪਤੀ ਵਾਸਦੇਵ ਨੂੰ ਮੁੱਦਤਾਂ ਤਕ ਜੇਲ੍ਹ ਵਿਚ ਰੱਖਿਆ।

ਇਤਿਹਾਸ ਇਨ੍ਹਾਂ ਪ੍ਰਸੰਗਾਂ ਨਾਲ ਭਰਿਆ ਪਿਆ ਹੈ, ਅੱਜ ਵੀ ਅਸੀਂ ਘਰ-ਘਰ ਖ਼ੂਨੀ ਰਿਸ਼ਤਿਆਂ ਵਿਚ ਭਿਅੰਕਰ ਟਕਰਾਓ ਵੇਖਦੇ ਹਾਂ ਤੇ ਖ਼ੂਨ ਖ਼ੂਨ ਦਾ ਵੈਰੀ ਦਿਖਾਈ ਦੇ ਰਿਹਾ ਹੈ।

ਬਾਬਾ ਪ੍ਰਿਥੀ ਚੰਦ ਆਪਣੇ ਪਿਤਾ ਗੁਰੂ ਰਾਮਦਾਸ ਜੀ ਨਾਲ ਨਹੀਂ ਜੁੜ ਸਕੇ ਤੇ ਆਪਣੇ ਭਰਾਤਾ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਵੈਰ ਕਮਾਉਂਦੇ ਰਹੇ। ਖ਼ੂਨ ਦੇ ਰਿਸ਼ਤੇ 'ਤੇ ਜਿਤਨੇ ਤਕ ਦਿਲ ਦੀ ਮੋਹਰ ਨਾ ਲੱਗੇ, ਸੰਬੰਧਾਂ ਵਿਚ ਗਹਿਰਾਈ ਨਹੀਂ ਹੁੰਦੀ। ਵਿਚਾਰਾਂ ਦੀ ਸਾਂਝ ਪਿਆਰ ਨੂੰ ਜਨਮ ਦੇਂਦੀ ਹੈ ਤੇ ਪਿਆਰ ਦਾ ਰਿਸ਼ਤਾ ਅਟੁੱਟ ਹੈ, ਪਿਆਰ ਵਿਚ ਮਨੁੱਖ ਇਕ ਦੂਜੇ ਨਾਲ ਖਿਲਦੇ ਹਨ, ਕੁਛ ਛੁਪਾਉਂਦੇ ਨਹੀਂ ਹਨ।

ਗੁਰੂ ਨਾਲ ਤਾਂ ਅਸੀਂ ਕੀ ਖ਼ੂਨ ਦਾ ਰਿਸ਼ਤਾ ਜੋੜਾਂਗੇ, ਉਹ ਤਾਂ ਵਿਚਾਰਾਂ ਦੀ ਸਾਂਝ ਦਾ ਰਿਸ਼ਤਾ ਹੈ:

**ਸਿਖੀ ਸਿਖਿਆ ਗੁਰ ਵੀਚਾਰਿ॥** *(ਸਲੋਕ ਮ: ੧, ਪੰਨਾ 465)*

ਜਿਥੇ ਮਨੁੱਖ ਆਪਣੇ ਵਿਚ ਗੁਰੂ ਦੇ ਵਿਚਾਰ ਲੀਨ ਕਰ ਕੇ ਗੁਰੂ ਦੇ ਵਿਚਾਰਾਂ ਨੂੰ ਜੀਵਨ ਦਾ ਆਧਾਰ ਬਣਾਉਂਦਾ ਹੈ, ਉਥੇ ਸਿੱਖ ਤੇ ਗੁਰੂ ਦਾ ਸੰਬੰਧ ਜੁੜਦਾ ਹੈ। ਜੇ ਗੁਰੂ ਸ਼ਬਦ ਹੈ ਤਾਂ ਸ਼ਬਦ ਦੀ ਵਿਚਾਰ ਨਾਲ ਸਾਂਝ ਪਾਉਂਦਿਆਂ ਗੁਰੂ ਨਾਲ ਸਾਂਝ ਪੈਂਦੀ ਹੈ ਤੇ ਗੁਰੂ ਦੀ ਸਾਂਝ ਪਰਮਾਤਮਾ ਦੀ ਸਾਂਝ ਦਾ ਕਾਰਨ ਬਣਦੀ ਹੈ। ਗੁਰਬਾਣੀ ਵਿਚਾਰ ਨਾਲ ਸਾਂਝ ਜੁੜਦਿਆਂ ਜਦ ਪਿਆਰ ਸੀਮਾ ਤੋਂ ਅਗਾਂਹ ਵਧਦਾ ਹੈ ਤਾਂ ਉਹ ਪਰਮਾਤਮਾ ਤਕ ਪੁੱਜ ਜਾਂਦਾ ਹੈ। ਪਰਮਾਤਮਾ ਨਾਲ ਪਿਆਰ ਸਮਗਰਤਾ ਨਾਲ ਪਿਆਰ ਹੈ। ਇਸ ਰੱਬੀ ਪਿਆਰ ਵਾਲੇ ਦੀ ਸਾਰਿਆਂ ਨਾਲ ਸਾਂਝ ਬਣ ਜਾਂਦੀ ਹੈ:

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥**

*(ਕਾਨੜਾ ਮਹਲਾ ੫, ਪੰਨਾ 1299)*

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**
**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥**

*(ਧਨਾਸਰੀ ਮ: ੫, ਪੰਨਾ 671)*

ਇਹ ਸਮਗਰਤਾ ਦਾ ਸੰਬੰਧ ਅਨੰਦ-ਮਈ ਹੈ। ਪਿਆਰ ਜਦ ਸੁੰਗੜਦਾ ਹੈ ਤਾਂ ਮੋਹ ਬਣਦਾ ਹੈ ਤੇ ਮੋਹ ਦਾ ਜਦ ਵਿਸਥਾਰ ਹੁੰਦਾ ਹੈ ਤਾਂ ਪਿਆਰ ਬਣਦਾ ਹੈ।

ਸੋ ਜਿਥੇ ਪਿਆਰ ਹੈ ਤੇ ਜਿਸ ਨਾਲ ਪਿਆਰ ਹੈ, ਉਥੇ ਹੀ ਸੰਬੰਧ ਹੈ। ਬਾਕੀ ਸੰਬੰਧ ਕੇਵਲ ਨਾਮ-ਮਾਤਰ ਹਨ। ਖ਼ੂਨ ਦਾ ਸੰਬੰਧ ਪ੍ਰਾਕ੍ਰਿਤਕ ਹੈ, ਇਸ ਵਿਚ ਗਹਿਰਾਈ ਨਹੀਂ ਹੈ। ਖ਼ੂਨ ਤਾਂ ਕਈਆਂ ਦਾ ਸਾਂਝ ਨਾਲ ਮੇਲ ਖਾ ਜਾਵੇਗਾ। ਹਸਪਤਾਲ ਵਿਚ ਪਈਆਂ ਖ਼ੂਨ ਦੀਆਂ ਬੋਤਲਾਂ ਵਿਚ ਕਈਆਂ ਦਾ ਖ਼ੂਨ ਸਾਂਝ ਨਾਲ ਮਿਲਦਾ ਹੈ।

ਖ਼ੂਨ ਤਾਂ ਮਸਨੂਈ ਵੀ ਸਾਇੰਸਦਾਨਾਂ ਨੇ ਬਣਾ ਲਿਆ ਹੈ। ਸੋ ਖ਼ੂਨ ਦੇ ਰਿਸ਼ਤੇ ਵਿਚ ਦਿਲਾਂ ਦੀ ਸਾਂਝ, ਵਿਚਾਰਾਂ ਦੀ ਸਾਂਝ ਨਾ ਹੋਵੇ ਤਾਂ ਖ਼ੂਨ ਹੀ ਦੂਜੇ ਦਾ ਖ਼ੂਨ ਪੀ ਜਾਂਦਾ ਹੈ।

ਐਸਾ ਪ੍ਰਤੱਖ ਰੂਪ ਵਿਚ ਜਗਤ ਵਿਚ ਵੇਖਣ ਨੂੰ ਮਿਲਦਾ ਹੈ। ਅਕਾਲ ਪੁਰਖ ਨਾਲ ਜਦ ਸਾਂਝ ਬਣਦੀ ਹੈ ਤਾਂ ਇਹ ਵੀ ਪਤਾ ਚੱਲਦਾ ਹੈ ਕਿ ਅਕਾਲ ਪੁਰਖ ਸਾਰਿਆਂ ਵਿਚ ਹੈ ਤੇ ਸਾਰੇ ਅਕਾਲ ਪੁਰਖ ਵਿਚ ਹਨ ਤੇ ਇਕ ਅਟੁੱਟ ਸੰਬੰਧ ਜਗਤ ਤੇ ਜਗਤ ਦੇ ਕਰਤੇ ਨਾਲ ਜੁੜਦਾ ਹੈ। ਇਹ ਉਹ ਸੰਬੰਧ ਹੈ, ਜਿਸ ਦੁਆਰਾ ਸਾਰਾ ਜਗਤ ਸੰਬੰਧੀ ਬਣ ਜਾਂਦਾ ਹੈ।

•

# ਮੁਕਤੀ

ਧਾਰਮਿਕ ਸਾਧਨਾ ਦਾ ਫਲ ਮੋਖ਼ਸ਼ ਹੈ। ਬੰਧਨ ਦੁਖ ਹੈ, ਬੰਧਨ ਹੀ ਨਰਕ ਹੈ। ਬੰਧਨ ਹੀ ਘੋਰ ਪੀੜਾ ਹੈ।

ਬੰਧਨ ਕੁਝ ਬਾਹਰ ਹਨ ਤੇ ਕੁਝ ਅੰਦਰ ਹਨ। ਇਨ੍ਹਾਂ ਬੰਧਨਾਂ ਨੂੰ ਜਦ ਕੋਈ ਤੋੜਦਾ ਹੈ ਤਾਂ ਇਕ ਅਦੁੱਤੀ ਰਸ ਮੋਖ਼ਸ਼ ਦਾ ਮਿਲਦਾ ਹੈ। ਬਾਹਰ ਦੀ ਗ਼ੁਲਾਮੀ ਨਾਲੋਂ ਅੰਤ੍ਰੀਵੀ ਗ਼ੁਲਾਮੀ ਬਹੁਤ ਪੀੜਾਦਾਇਕ ਹੈ।

ਬਾਹਰ ਜੋ ਬੰਧਨ ਹਨ, ਉਹ ਸਮਾਜ ਤੇ ਰਾਜਨੀਤੀ ਦੇ ਬੰਧਨ ਹਨ। ਸਮਾਜ ਦੀਆਂ ਐਸੀਆਂ ਜ਼ੰਜੀਰਾਂ ਜਿਨ੍ਹਾਂ ਵਿਚ ਸਦੀਆਂ ਤੋਂ ਮਨੁੱਖ ਜਕੜਿਆ ਹੋਇਆ ਹੈ, ਦਹੇਜ ਪ੍ਰਥਾ, ਬਾਲ ਵਿਆਹ, ਛੂਆ ਛਾਤ, ਪੋਸ਼ੀਦਾ ਰਸਮੋਂ-ਰਿਵਾਜ, ਜੋ ਜੀਵਨ ਦੁਖਿਤ ਕਰ ਦੇਂਦੇ ਹਨ ਤੇ ਰਾਜਨੀਤੀ ਦਾ ਨਾਜਾਇਜ਼ ਦਬਾਉ, ਜਿਸ ਵਿਚ ਮਨੁੱਖ ਦੀ ਬਾਹਰ ਦੀ ਸੁਤੰਤਰਤਾ ਖੋਹ ਲਈ ਜਾਵੇ, ਖੁੱਲ੍ਹ ਕੇ ਬੋਲ ਨਾ ਸਕੇ, ਲਿਖ ਨਾ ਸਕੇ, ਐਸੇ ਬੰਧਨ ਕਿ ਮਨੁੱਖ ਆਪਣਾ ਆਰਥਿਕ ਵਿਕਾਸ ਨਾ ਕਰ ਸਕੇ, ਇਹ ਬੰਧਨ ਰਾਜਨੀਤਕ ਲੋਕਾਂ ਨੇ ਸਵਾਰਥ ਸਿੱਧੀ ਵਾਸਤੇ ਰੱਖੇ ਹਨ, ਜੋ ਬਾਹਰ ਦੀ ਜ਼ਿੰਦਗੀ ਨੂੰ ਗ਼ੁਲਾਮ ਬਣਾ ਕੇ ਰੱਖ ਦੇਂਦੇ ਹਨ। ਸਮਾਜ ਔਰ ਰਾਜਨੀਤੀ ਦੇ ਕੁਝ ਨਿਯਮ ਜੋ ਜੀਵਨ ਨੂੰ ਪ੍ਰਫੁੱਲਤ ਕਰਨੇ ਚਾਹੀਦੇ ਹਨ, ਪਰ ਜੋ ਨਿਯਮ ਬੋਝ ਹਨ ਤੇ ਦੁਖਿਤ ਕਰਨ, ਉਹ ਤਾਂ ਬੰਧਨ ਹਨ। ਜ਼ਿੰਦਗੀ ਦੇ ਹਰ ਪਹਿਲੂ ਵਿਚ ਕਾਨੂੰਨ ਦੀ ਮੁਦਾਖ਼ਲਤ ਜੀਵਨ ਨੂੰ ਨਰਕ ਬਣਾ ਦੇਂਦੀ ਹੈ।

ਪੰਛੀ ਜਿਸ ਆਜ਼ਾਦੀ ਨਾਲ ਇਕ ਦੇਸ਼ ਤੋਂ ਦੂਜੇ ਦੇਸ਼ ਜਾਂਦੇ ਹਨ, ਇਹ ਆਜ਼ਾਦੀ ਵੀ ਮਨੁੱਖ ਕੋਲ ਨਹੀਂ ਹੈ।

ਪੰਛੀਆਂ ਦੀ ਥਰਥਰਾਹਟ, ਖੇੜਾ, ਉਨ੍ਹਾਂ ਦੀ ਆਜ਼ਾਦੀ ਦਾ ਕਾਰਨ ਹੈ। ਪਿੰਜਰੇ ਵਿਚ ਪਿਆ ਪੰਛੀ ਚਹਿਚਹਾਉਣਾ ਤੇ ਗੀਤ ਗਾਉਣਾ ਭੁੱਲ ਜਾਂਦਾ ਹੈ, ਸਿਰਫ਼ ਤੜਪਦਾ ਹੈ।

ਬੰਧਨ ਵਿਚ ਤੜਪਣ ਤੋਂ ਬਿਨਾਂ ਹੋਰ ਕੀ ਹੋ ਸਕਦਾ ਹੈ। ਚਿੜੀਆ ਘਰਾਂ ਦੇ ਕੈਦ ਘਰ (ਪਿੰਜਰੇ) ਵਿਚ ਚੌਪਾਏ ਜਾਨਵਰ ਮੁਰਦਮੀ ਦਾ ਰੂਪ ਹੁੰਦੇ ਹਨ। ਉਨ੍ਹਾਂ ਕੋਲ ਹੁਲਾਸ ਦੇਖਣ ਨੂੰ ਨਹੀਂ ਮਿਲਦਾ।

ਮਨੁੱਖ ਦਾ ਇਹ ਦੁਰਭਾਗ ਹੈ ਕਿ ਹਰ ਮਿਲੀ ਵਸਤੂ ਨੂੰ ਬੰਧਨ ਬਣਾ

ਲੈਂਦਾ ਹੈ ਤੇ ਬੰਧਨ ਵਿਚ ਪਿਆ ਫਿਰ ਦੁਖੀ ਹੁੰਦਾ ਹੈ, ਕਿਉਂਕਿ ਸਾਰੀ ਪ੍ਰਵਾਜ਼ (ਉਡਾਰੀ) ਬੰਧਨਾਂ ਕਰਕੇ ਰੁਕ ਜਾਂਦੀ ਹੈ। ਗਗਨ-ਮੰਡਲ ਨੂੰ ਛੂਹਣ ਵਾਲਾ ਇਹ, ਜ਼ਮੀਨ ਨਾਲ ਜਕੜ ਕੇ ਰਹਿ ਜਾਂਦਾ ਹੈ।

ਕਿਧਰੇ ਰੋਜ਼ੀ ਤੇ ਰਿਜ਼ਕ ਨੇ ਇਸ ਦੀ ਪ੍ਰਵਾਜ਼ ਨੂੰ ਰੋਕਿਆ ਹੈ ਤੇ ਕਿਧਰੇ ਪਰਿਵਾਰ ਦੇ ਬੰਧਨਾਂ ਨੇ ਬੁਲੰਦੀ ਨਹੀਂ ਛੂਹਣ ਦਿੱਤੀ।

ਇਕਬਾਲ ਤਾਂ ਕਹਿੰਦੇ ਹਨ ਕਿ ਉਸ ਰੋਜ਼ੀ ਤੇ ਰਿਜ਼ਕ ਨੂੰ ਠੁਕਰਾ ਦੇਹ, ਜੋ ਤੇਰੀ ਉਡਾਰੀ ਵਿਚ ਰੋਕ ਖੜੀ ਕਰੇ:

*ਐ ਤਾਇਰੇ ਲਾਹੂਤੀ ਉਸ ਰਿਜ਼ਕ ਸੇ ਹੈ ਮੌਤ ਅੱਛੀ,*
*ਜਿਸ ਰਿਜ਼ਕ ਸੇ ਆਤੀ ਹੋ ਪ੍ਰਵਾਜ਼ ਮੇਂ ਕੋਤਾਹੀ।* *(ਇਕਬਾਲ)*

ਬਿਨਾਂ ਵਿਚਾਰ ਤੇ ਨਿਯਤ ਦੀ ਸ਼ੁੱਧੀ ਤੋਂ ਬਿਨਾਂ ਵਪਾਰ ਵੀ ਬੰਧਨ ਬਣ ਜਾਂਦਾ ਹੈ। ਕਿਸੇ ਲਈ ਮਾਂ-ਬਾਪ ਬੰਧਨ ਹਨ ਤੇ ਕੋਈ ਪੁੱਤਰਾਂ 'ਤੇ ਪਿਆਰ ਦੇ ਸੰਗਲ ਪਾਈ ਬੈਠਾ ਹੈ। ਜਪ ਤਪ ਨਹੀਂ ਕਰ ਸਕਿਆ। ਨਾਮ ਜਪ ਕੇ ਸੁਰਤ ਨੂੰ ਉੱਚਾ ਨਹੀਂ ਕਰ ਸਕਿਆ, ਕਿਉਂਕਿ ਮਾਂ ਰੋਕ ਬਣੀ, ਕਿਧਰੇ ਪਿਤਾ ਤੇ ਕਿਧਰੇ ਪਤਨੀ ਯਾ ਪਤੀ। ਤਦੇ ਤਾਂ ਗੁਰੂ ਨਾਨਕ ਦੇਵ ਜੀ ਨੇ ਇਸ ਸਭ ਨੂੰ ਬੰਧਨ ਦੱਸਿਆ ਹੈ:

**ਬੰਧਨ ਮਾਤ ਪਿਤਾ ਸੰਸਾਰਿ॥**
**ਬੰਧਨ ਸੁਤ ਕੰਨਿਆ ਅਰੁ ਨਾਰਿ॥**
**ਬੰਧਨ ਕਰਮ ਧਰਮ ਹਉ ਕੀਆ॥**
**ਬੰਧਨ ਪੁਤੁ ਕਲਤੁ ਮਨਿ ਬੀਆ॥**
**ਬੰਧਨ ਕਿਰਖੀ ਕਰਹਿ ਕਿਰਸਾਨ॥**
**ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥**
**ਬੰਧਨ ਸਉਦਾ ਅਣਵੀਚਾਰੀ॥**
**ਤਿਪਤਿ ਨਾਹੀ ਮਾਇਆ ਮੋਹ ਪਸਾਰੀ॥**
**ਬੰਧਨ ਸਾਹ ਸੰਚਹਿ ਧਨੁ ਜਾਇ॥**
**ਬਿਨੁ ਹਰਿ ਭਗਤਿ ਨ ਪਵਈ ਥਾਇ॥**
**ਬੰਧਨ ਬੇਦੁ ਬਾਦੁ ਅਹੰਕਾਰ॥**
**ਬੰਧਨਿ ਬਿਨਸੈ ਮੋਹ ਵਿਕਾਰ॥**
**ਨਾਨਕ ਰਾਮ ਨਾਮ ਸਰਣਾਈ॥**
**ਸਤਿਗੁਰਿ ਰਾਖੇ ਬੰਧੁ ਨ ਪਾਈ॥** *(ਆਸਾ ਮਹਲਾ ੧, ਪੰਨਾ 416)*

ਜੇ ਕਰਮ ਧਰਮ ਕੀਤਾ ਤਾਂ ਉਸ ਅਹੰ ਭਾਵ ਦਾ ਬੰਧਨ ਗਲ ਪਾ ਲਿਆ। ਬੇਦ ਪੜ੍ਹ ਕੇ ਭਾਵ ਧਰਮ ਗ੍ਰੰਥਾਂ ਦਾ ਗਿਆਨ ਹਾਸਲ ਕਰ ਕੇ ਵਾਦ-ਵਿਵਾਦ ਵਿਚ ਪੈ ਗਿਆ ਤੇ ਵਾਦ-ਵਿਵਾਦ ਵਿਚ ਆਪਣੇ ਅਹੰ ਭਾਵ ਦੀ ਜਿੱਤ ਸਮਝਣ ਲੱਗ ਪਿਆ।

ਜਿਸ ਜਿਸ ਦਾ ਸੰਬੰਧ ਅਹੰ ਭਾਵ ਵਧਾਵੇ, ਕ੍ਰੋਧ ਵਧਾਵੇ, ਲੋਭ ਵਧੇ, ਮੋਹ ਵਧ ਜਾਵੇ, ਇਹ ਸਭ ਬੰਧਨ ਹਨ:

**ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥**

*(ਸੋਰਠਿ ਮਹਲਾ ੧, ਪੰਨਾ 595)*

ਪ੍ਰਭੂ ਨਾਮ-ਸਿਮਰਨ ਦਾ ਗੁਣ ਜਦ ਪ੍ਰਾਪਤ ਹੁੰਦਾ ਹੈ ਤਾਂ ਔਗੁਣਾਂ ਦੇ ਬੰਧਨ ਟੁੱਟ ਜਾਂਦੇ ਹਨ, ਮੋਖ਼ਸ਼ ਪ੍ਰਾਪਤ ਹੋ ਜਾਂਦਾ ਹੈ:

**ਬੰਧਨ ਤੋੜੈ ਹੋਵੈ ਮੁਕਤੁ॥**
**ਸੋਈ ਬ੍ਰਹਮਣੁ ਪੂਜਣ ਜੁਗਤੁ॥** *(ਸਲੋਕ ਵਾਰਾਂ ਤੇ ਵਧੀਕ, ਪੰਨਾ 1411)*

ਪ੍ਰਭੂ ਨਾਮ ਦਾ ਸਿਮਰਨ, ਗੁਰੂ ਦੀ ਸ਼ਰਨ ਹੀ ਇਨ੍ਹਾਂ ਸਾਰਿਆਂ ਬੰਧਨਾਂ ਨੂੰ ਤੋੜ ਸਕਦੀ ਹੈ:

**ਨਾਨਕ ਰਾਮ ਨਾਮ ਸਰਣਾਈ॥**
**ਸਤਿਗੁਰਿ ਰਾਖੇ ਬੰਧੁ ਨ ਪਾਈ॥** *(ਆਸਾ ਮਹਲਾ ੧, ਪੰਨਾ 416)*

**ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ,**
**ਦੂਲਹ ਪ੍ਰਭ ਕੀ ਸਰਨਿ ਪਰਿਓ॥**
**ਮੁਕਤਿ ਭਇਓ ਚਉਹੂੰ ਜੁਗ ਜਾਨਿਓ,**
**ਜਸੁ ਕੀਰਤਿ ਮਾਥੈ ਛਤ੍ਰੁ ਧਰਿਓ॥**
**ਰਾਜਾ ਰਾਮ ਜਪਤ ਕੋ ਕੋ ਨ ਤਰਿਓ॥**
**ਗੁਰ ਉਪਦੇਸਿ ਸਾਧ ਕੀ ਸੰਗਤਿ,**
**ਭਗਤੁ ਭਗਤੁ ਤਾ ਕੋ ਨਾਮੁ ਪਰਿਓ॥੧॥ਰਹਾਉ॥**
**ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ,**
**ਦੇਖਿ ਪ੍ਰਤਾਪੁ ਜਮੁ ਡਰਿਓ॥**
**ਨਿਰਭਉ ਭਏ ਰਾਮ ਬਲ ਗਰਜਿਤ,**
**ਜਨਮ ਮਰਨ ਸੰਤਾਪ ਹਿਰਿਓ॥**
**ਅੰਬਰੀਕ ਕਉ ਦੀਓ ਅਭੈ ਪਦੁ,**
**ਰਾਜੁ ਭਭੀਖਨ ਅਧਿਕ ਕਰਿਓ॥**
**ਨਉ ਨਿਧਿ ਠਾਕੁਰਿ ਦਈ ਸੁਦਾਮੈ,**
**ਧ੍ਰੂਅ ਅਟਲੁ ਅਜਹੂ ਨ ਟਰਿਓ॥**
**ਭਗਤ ਹੇਤਿ ਮਾਰਿਓ ਹਰਨਾਖਸੁ,**
**ਨਰਸਿੰਘ ਰੂਪ ਹੋਇ ਦੇਹ ਧਰਿਓ॥**
**ਨਾਮਾ ਕਹੈ ਭਗਤਿ ਬਸਿ ਕੇਸਵ,**
**ਅਜਹੂੰ ਬਲਿ ਕੇ ਦੁਆਰ ਖਰੋ॥੪॥੧॥**

*(ਬਾਣੀ ਨਾਮਦੇਉ ਜੀ ਕੀ, ਪੰਨਾ 1105)*

ਭਗਤਾਂ ਨੇ ਚਾਰ ਪ੍ਰਕਾਰ ਦੀਆਂ ਮੁਕਤੀਆਂ ਮੰਨੀਆਂ ਹਨ:

(1) ਸਰੂਪ, (2) ਸਮੀਪ, (3) ਸੁਜਜ, (4) ਕੈਵਲ।

ਇਸ਼ਟ ਦਾ ਰੂਪ ਹੋ ਜਾਣਾ, ਇਸ਼ਟ ਦੇਵ ਦੇ ਕੋਲ ਰਹਿਣਾ ਤੇ ਇਸ਼ਟ ਮੰਡਲ ਵਿਚ ਰਹਿਣਾ ਯਾ ਵਿਆਪਕ ਬ੍ਰਹਮ ਵਿਚ ਲੀਨ ਹੋ ਜਾਣਾ, ਪਰ ਪਰਮ ਮੁਕਤੀ ਹੈ, ਉਸ ਪਰਮ ਵਿਆਪਕ ਪਰਮਾਤਮਾ ਦਾ ਪ੍ਰੇਮ। ਸਮੱਗਰ ਦਾ ਪ੍ਰੇਮ ਸਮੱਗਰ ਵਿਚ ਲੀਨ ਕਰ ਦੇਂਦਾ ਹੈ।

ਸਮੱਗਰ ਦੀ ਲੀਨਤਾ ਜਨਮ ਮਰਨ ਤੋਂ ਰਹਿਤ ਕਰ ਦੇਂਦੀ ਹੈ। ਇਸ ਵਾਸਤੇ ਸਿੱਖ ਜਗਤ ਵਿਚ ਪ੍ਰੇਮਾ-ਭਗਤੀ ਨੂੰ ਹੀ ਪਰਮ-ਮੋਖ਼ਸ਼ ਮੰਨਿਆ ਹੈ:

**ਰਾਜੁ ਨ ਚਾਹਉ ਮੁਕਤਿ ਨ ਚਾਹਉ,**
**ਮਨਿ ਪ੍ਰੀਤਿ ਚਰਨ ਕਮਲਾਰੇ ॥** *(ਦੇਵਗੰਧਾਰੀ ਮ: ੫, ਪੰਨਾ 534)*

•

# ਕ੍ਰਿਪਨ

ਕ੍ਰਿਪਨ (ਸ਼ੂਮ) ਧਰਤੀ ਦਾ ਸਭ ਤੋਂ ਜ਼ਿਆਦਾ ਬਦਨਸੀਬ ਮਨੁੱਖ ਹੈ, ਜੋ ਸੰਚਦਾ ਤਾਂ ਹੈ, ਪਰ ਖ਼ਰਚਦਾ ਨਹੀਂ। ਜੀਵਨ ਦੀ ਰੌਂ ਚੱਲਣ 'ਤੇ ਖੜੀ ਹੈ। ਸੁਆਸ ਚੱਲ ਰਹੇ ਹਨ, ਖ਼ੂਨ ਸਰੀਰ ਵਿਚ ਚੱਲ ਰਿਹਾ ਹੈ, ਸੂਰਜ, ਚੰਦ, ਤਾਰੇ, ਧਰਤੀ ਸਭ ਗਰਦਿਸ਼ ਦੇ ਵਿਚ ਹਨ ਤੇ ਚੱਲਣਾ ਹੀ ਜੀਵਨ ਹੈ, ਰੁਕ ਜਾਣਾ ਮੌਤ ਹੈ। ਅਗਰ ਚੱਲਦੇ ਹੋਏ ਸੁਆਸ ਰੁਕ ਜਾਣ ਯਾ ਖ਼ੂਨ ਦਾ ਬਹਾਓ ਰੁਕ ਜਾਵੇ ਤਾਂ ਮੌਤ ਹੋ ਜਾਂਦੀ ਹੈ। ਦਰਿਆਵਾਂ ਦੇ ਵਹਿਣ ਜਦ ਰੁਕਦੇ ਹਨ ਤਾਂ ਗੰਦੇ ਛੱਪੜ ਬਣ ਕੇ ਰਹਿ ਜਾਂਦੇ ਹਨ। ਸ਼ੂਮ (ਕ੍ਰਿਪਨ) ਦੇ ਅੰਦਰ ਬੜੀ ਰੋਕ ਹੈ। ਕ੍ਰਿਪਨ ਦੇ ਅੰਤ ਸਮੇਂ ਸੁਆਸ ਬੜੀ ਔਖਿਆਈ ਨਾਲ ਨਿਕਲਦੇ ਹਨ।

ਜੋ ਹਰ ਵਕਤ ਲੈਣ ਦੀ ਇੱਛਾ ਰੱਖਦਾ ਹੈ, ਲੈਣਾ ਹੀ ਜਿਸ ਦਾ ਜੀਵਨ ਹੈ, ਹਰ ਵਕਤ ਲੈਣ ਦੀ ਬਿਰਤੀ ਤੇ ਹਰ ਵਸਤੂ ਲੈਣ ਦੀ ਚਾਹਤ ਅਤਿਅੰਤ ਲੋਭੀ ਬਣਾ ਦੇਂਦੀ ਹੈ।

ਸ਼ੂਮ ਕਿਸੇ ਨੂੰ ਸਨਮਾਨ ਨਹੀਂ ਦੇ ਸਕਦਾ। ਸੁਖ-ਸੰਪਦਾ ਨਹੀਂ ਦੇ ਸਕਦਾ ਤੇ ਧਨ 'ਤੇ ਤਾਂ ਉਸ ਦੀ ਪ੍ਰਾਣਾਂ ਨਾਲੋਂ ਵੀ ਜ਼ਿਆਦਾ ਪਕੜ ਹੈ। ਕ੍ਰਿਪਨ ਅਤਿਅੰਤ ਪਾਪੀ ਹੁੰਦਾ ਹੈ। ਉਹ ਅਗਰ ਕੁਝ ਦੇਣਾ ਜਾਣਦਾ ਹੈ ਤਾਂ ਕਿਸੇ ਨੂੰ ਦੁਖ ਦੇ ਸਕਦਾ ਹੈ। ਬਾਕੀ 'ਤੇ ਉਸ ਦੀ ਪ੍ਰਬਲ ਪਕੜ ਹੈ, ਇਸ ਵਾਸਤੇ ਕ੍ਰਿਪਨ ਮਹਾਂ ਪਾਪੀ ਹੋਵੇਗਾ :

**ਕਿਰਪਨ ਤਨ ਮਨ ਕਿਲਵਿਖ ਭਰੇ ॥** *(ਟੋਡੀ ਮਹਲਾ ੫, ਪੰਨਾ 714)*

ਕਬੀਰ ਜੀ ਮਾਇਆ ਦੇ ਤਿੰਨ ਰੂਪ ਦੱਸਦੇ ਹਨ :

ਮਾਇਆ ਭਗਤਾਂ ਦੀ ਤਾਂ ਦਾਸੀ ਹੈ, ਸੰਸਾਰੀਆਂ ਦੀ ਇਸਤਰੀ ਹੈ ਤੇ ਕ੍ਰਿਪਨ ਦੀ ਧੀ ਹੈ :

**ਸੋਹਾਗਨਿ ਕਿਰਪਨ ਕੀ ਪੂਤੀ ॥**
**ਸੇਵਕ ਤਜਿ ਜਗਤ ਸਿਉ ਸੂਤੀ ॥** *(ਗੋਂਡ ਕਬੀਰ ਜੀ, ਪੰਨਾ 872)*

ਕ੍ਰਿਪਨ ਤਾਂ ਮਾਇਆ ਦੀ ਸੇਵਾ ਕਰਦਾ ਹੈ। ਮਾਇਆ ਭਗਤਾਂ ਦੀ ਸੇਵਾ ਕਰਦੀ ਹੈ :

**ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥**

*(ਗਉੜੀ ਮਹਲਾ ੩, ਪੰਨਾ 231)*

ਲੈਣ ਲਈ ਨੀਵਾਂ ਹੋਣਾ ਪੈਂਦਾ ਹੈ। ਹੱਥ ਥੱਲੇ ਰੱਖਣਾ ਪੈਂਦਾ ਹੈ। ਕ੍ਰਿਪਨ ਹਰ ਪਹਿਲੂ ਵਿਚ ਥੱਲੇ ਹੈ, ਨੀਵਾਂ ਹੈ। ਜੀਵਨ ਦੀ ਹਰ ਉੱਚਤਾ ਤੋਂ ਵਿਹੀਨ ਹੁੰਦਾ ਹੈ। ਬੇ-ਰਸੀ ਜ਼ਿੰਦਗੀ ਗੁਜ਼ਾਰਦਾ ਹੈ। ਸ਼ੂਮ ਕੋਲ ਕੋਈ ਗੁਣ ਨਹੀਂ ਹੋਵੇਗਾ।

ਪ੍ਰਫੁੱਲਤਾ, ਖ਼ੁਸ਼ੀ, ਰਸ ਉਸ ਵਕਤ ਮਿਲਦਾ ਹੈ, ਜਦ ਕੁਛ ਦੇਈਦਾ ਹੈ, ਦਿੱਤੇ ਬਿਨਾਂ ਪ੍ਰਫੁੱਲਤਾ ਲੈਣੀ ਔਖੀ ਹੈ। ਵੰਡ ਕੇ ਖਾਣਾ ਸਿੱਖੀ ਦਾ ਆਦਰਸ਼ ਹੈ ਔਰ ਉਹ ਤਾਂ ਮਹਾਂ ਪੂਜਯ ਤੇ ਦੇਵਤਿਆਂ ਤੋਂ ਵੀ ਅੱਗੇ ਹੈ, ਜੋ ਕਿ ਵੰਡਣ ਜੋਗਾ ਵੀ ਨਾ ਹੋਵੇ ਤੇ ਵੰਡੇ:

**ਅਣਹੋਂਦੇ ਆਪੁ ਵੰਡਾਏ ॥**
**ਕੋ ਐਸਾ ਭਗਤੁ ਸਦਾਏ ॥** *(ਸਲੋਕ ਫਰੀਦ ਜੀ, ਪੰਨਾ 1384)*

ਚੰਦਨ ਅਗਰ ਸੁਗੰਧੀ ਆਪਣੇ ਪਾਸ ਹੀ ਰੱਖ ਲਵੇ, ਵੰਡੇ ਨਾ ਤਾਂ ਸਾਰੀ ਮਹਿਮਾ ਗਵਾ ਬੈਠੇਗਾ।

ਸੂਰਜ, ਪ੍ਰਕਾਸ਼ ਆਪਣੇ ਅੰਦਰ ਹੀ ਸਮੇਟ ਲਵੇ ਤਾਂ ਸੂਰਜ ਦੀ ਹੋਂਦ ਹੀ ਖ਼ਤਮ ਹੋ ਜਾਂਦੀ ਹੈ। ਕ੍ਰਿਪਨ ਆਪਣੀ ਮਹਾਨਤਾ ਖੋਹ ਦੇਂਦਾ ਹੈ ਤੇ ਕ੍ਰਿਪਨ ਦੀ ਮਨੁੱਖੀ ਸਮਾਜ ਵਿਚ ਕੋਈ ਹੋਂਦ ਨਹੀਂ। ਸਤਿਗੁਰਾਂ ਨੇ ਦਸਵੰਧ ਕੱਢਣ ਦੀ ਪ੍ਰਥਾ ਚਲਾਈ, ਪਰ ਸ਼ੂਮ ਲਈ ਤਾਂ ਦਸਵੰਧ ਕੱਢਣਾ ਉਸ ਦੇ ਪ੍ਰਾਣ ਕੱਢਣਾ ਹੈ।

ਜਿਤਨਾ ਨੀਵਾਂ ਕ੍ਰਿਪਨ ਹੈ, ਉਤਨਾ ਹੋਰ ਕੋਈ ਵੀ ਨਹੀਂ, ਸਾਰੇ ਮਾਨਸਿਕ ਔਗੁਣ ਉਸ ਦੇ ਕੋਲ ਹਨ।

ਸੂਰਜ ਉਪਰੋਂ ਰੌਸ਼ਨੀ ਦੇ ਰਿਹਾ ਹੈ। ਬੱਦਲ ਉਪਰੋਂ ਬਰਸਦੇ ਹਨ। ਕੁਛ ਦੇ ਕੇ ਹੀ ਮਨੁੱਖ ਉੱਚਾ ਹੋ ਸਕਦਾ ਹੈ। ਕ੍ਰਿਪਨ ਤਾਂ ਦੋ ਮਿੱਠੇ ਬੋਲ ਵੀ ਨਹੀਂ ਦੇ ਸਕਦਾ। ਕਿਸੇ ਨੂੰ ਜਸ, ਸਨਮਾਨ, ਸੁਖ ਦੇਣਾ ਤਾਂ ਦੂਰ ਦੀ ਗੱਲ ਹੈ। ਇਸ ਵਾਸਤੇ ਕ੍ਰਿਪਨ ਕੋਲ ਸੁਖ, ਜਸ, ਸਨਮਾਨ ਹੁੰਦਾ ਵੀ ਨਹੀਂ, ਕਿਉਂਕਿ ਇਹ ਇਕ ਰੱਬੀ ਨਿਯਮ ਹੈ ਕਿ ਕੁਝ ਦੇ ਕੇ ਹੀ ਕੁਝ ਮਿਲਦਾ ਹੈ:

**ਦਿਤਾ ਲਈਐ ਆਪਣਾ ਅਣਿਦਿਤਾ ਕਛੂ ਹਥਿ ਨਾ ਆਵੈ ॥**

*(ਭਾਈ ਗੁਰਦਾਸ ਜੀ, ਵਾਰ 1, ਪਉੜੀ 47)*

ਵੰਡਣ ਨਾਲ ਬਰਕਤਾਂ ਮਿਲਦੀਆਂ ਹਨ, ਘਟਦਾ ਨਹੀਂ ਹੈ। ਸ਼ੂਮ ਤਾਂ ਸਿਰਫ਼ ਧਨ ਦਾ ਰਖਵਾਲਾ ਹੈ, ਮਾਲਕ ਨਹੀਂ:

**ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥**

*(ਆਸਾ, ਪੰਨੇ 479-80)*

ਮਾਲਕ ਤਾਂ ਉਹ ਹੈ ਜੋ ਵੰਡ ਸਕੇ। ਪੇਟ ਭਰ ਜਾਣ 'ਤੇ ਸ਼ੇਰ ਵੀ ਮਾਸ ਦੂਜਿਆਂ ਲਈ ਛੋੜ ਜਾਂਦਾ ਹੈ। ਇੱਕੋ ਮਨੁੱਖ ਹੀ ਐਸਾ ਹੈ, ਜੋ ਭਰੇ ਪੇਟ ਵੀ ਦੂਜੇ ਦੀ ਮੂੰਹ ਦੀ ਬੁਰਕੀ ਖੋਂਹਦਾ ਹੈ। ਦੇਣ ਦੀ ਭਾਵੇਂ ਸਮਰੱਥਾ ਨਾ ਹੋਵੇ, ਸਿਰਫ਼ ਦੇਣ ਦੀ ਭਾਵਨਾ ਵੀ ਮਨ ਨੂੰ ਪ੍ਰਫੁਲਿਤ ਰੱਖਦੀ ਹੈ। ਇਕ ਸੁੱਕੇ ਤੇ ਪਿਆਸੇ ਬੂਟੇ ਨੂੰ ਪਾਣੀ ਦਿੱਤਾ ਜਾ ਸਕਦਾ ਹੈ, ਕਿਸੇ ਨੂੰ ਹਲੇਮੀ ਦੇ ਮਿੱਠੇ ਬੋਲ ਦਿੱਤੇ ਜਾ ਸਕਦੇ ਹਨ।

ਹਿੰਦੁਸਤਾਨੀ ਤਾਂ ਇਤਨਾ ਸ਼ੂਮ ਹੈ, ਗੱਡੀ ਯਾ ਬੱਸ ਵਿਚ ਜਗ੍ਹਾ ਵੀ ਹੋਵੇਗੀ, ਪਰ ਦੇਣ ਨੂੰ ਰਾਜ਼ੀ ਨਹੀਂ, ਕਿਸੇ ਦੀ ਖੋਹਣ ਨੂੰ ਰਾਜ਼ੀ ਹੈ। ਇਨ੍ਹਾਂ ਛੋਟੀਆਂ-ਛੋਟੀਆਂ ਘਟਨਾਵਾਂ ਤੋਂ ਮਨੁੱਖ ਦੀਆਂ ਬਿਰਤੀਆਂ ਦਾ ਪਤਾ ਚੱਲਦਾ ਹੈ।

ਭਾਰਤ ਬਹੁ-ਗਿਣਤੀ ਵਿਚ ਸ਼ੂਮ ਸਮਾਜ ਹੈ। ਇਥੇ ਕਿਸੇ ਕੋਲ ਕੋਈ ਕਲਾ ਹੋਵੇ ਯਾ ਕੋਈ ਜੜੀ-ਬੂਟੀ ਦਾ ਗਿਆਨ ਰੱਖਦਾ ਹੋਵੇ ਤੇ ਉਸ ਜੜੀ ਬੂਟੀ ਤੋਂ ਬਹੁਤਿਆਂ ਨੂੰ ਆਰਾਮ ਮਿਲ ਸਕਦਾ ਹੋਵੇ, ਇਹ ਦੱਸ ਕੇ ਰਾਜ਼ੀ ਨਹੀਂ ਹੈ, ਕਿਉਂਕਿ ਦੇਣਾ ਇਸ ਦੀ ਫ਼ਿਤਰਤ ਵਿਚ ਨਹੀਂ ਹੈ।

ਜੋ ਧਨ, ਗੁਣ, ਕਲਾ ਨੂੰ ਵੰਡਦਾ ਹੈ, ਅਕਾਲ ਪੁਰਖ ਉਸ ਦੇ ਧਨ, ਗੁਣ, ਕਲਾ ਵਿਚ ਬਰਕਤਾਂ ਪਾ ਦੇਂਦਾ ਹੈ। ਇਕ ਅਕਾਲ ਪੁਰਖ ਦਾਤਾ ਹੈ ਤੇ ਇਕ ਉਹ ਜੋ ਉਸ ਮਹਾਨ ਦਾਤੇ ਨਾਲ ਜੁੜੇ ਹਨ। ਬਾਕੀ ਤਾਂ ਕਿਸੇ ਨਾ ਕਿਸੇ ਪਹਿਲੂ ਵਿਚ ਸ਼ੂਮ ਹੋਵਣਗੇ।

ਸ਼ੂਮ ਸਿੰਮਲ ਰੁੱਖ ਦੀ ਤਰ੍ਹਾਂ ਹਨ, ਭਾਵੇਂ ਧਨ-ਸੰਪਦਾ ਦੀ ਉਚਾਈ ਤਾਂ ਕੋਲ ਹੋਵੇਗੀ, ਪਰ ਇਹ ਉਚਾਈ ਸਿੰਮਲ ਰੁੱਖ ਦੀ ਉਚਿਆਈ ਹੈ। ਇਸ ਦੇ ਫਲ ਤੇ ਫੁੱਲ ਫਿੱਕੇ ਹਨ, ਬੇ-ਸੁਆਦੀ ਹਨ। ਜੇ ਕੋਈ ਲੋੜਵੰਦ ਪੰਛੀ ਆ ਜਾਵੇ ਤਾਂ ਨਾ ਹੀ ਇਸ ਦਰੱਖ਼ਤ ਕੋਲ ਛਾਂ ਹੈ ਤੇ ਨਾ ਹੀ ਪੰਛੀ ਲਈ ਫਲ ਫੁੱਲ ਹਨ, ਕ੍ਰਿਪਨ ਕਿਸੇ ਦਾ ਆਸਰਾ ਨਹੀਂ ਬਣਦਾ। ਕ੍ਰਿਪਨ ਤਾਂ ਲੋੜਵੰਦ ਨੂੰ ਆਪਣੇ ਕੋਲ ਬਿਠਾ ਵੀ ਨਹੀਂ ਸਕਦਾ, ਕੁਛ ਦੇਣਾ ਤਾਂ ਦਰਕਿਨਾਰ:

**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥**
**ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥**
**ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥**

*(ਸਲੋਕੁ ਮ: ੧, ਪੰਨਾ 470)*

ਕ੍ਰਿਪਨ ਦਾ ਫਲ (ਔਲਾਦ) ਵੀ ਕ੍ਰਿਪਨ ਹੁੰਦੀ ਹੈ। ਉਸ ਦੇ ਪੱਤੇ ਉਸ ਦੇ ਘਰ ਵੀ ਕਿਸੇ ਲਈ ਕੋਈ ਛਾਂ ਨਹੀਂ। ਉਹ ਕੁਦਰਤ ਦੇ ਇਸ ਅਟੱਲ ਨਿਯਮ ਤੋਂ ਬੇਨਿਆਜ਼ ਹੈ ਕਿ ਕੁਛ ਦੇ ਕੇ ਹੀ ਪ੍ਰਾਪਤ ਹੁੰਦਾ ਹੈ।

ਈਰਾਨ ਦਾ ਪ੍ਰਸਿੱਧ ਸੂਫ਼ੀ ਸੰਤ ਸ਼ੇਖ਼ ਸਾਅਦੀ ਦਾ ਕਹਿਣਾ ਹੈ ਕਿ ਪਰਮਾਤਮਾ ਕਿਸੇ ਸ਼ੂਮ ਨੂੰ ਧਨ ਤੇ ਸਮਰੱਥਾ ਨਾ ਦੇਵੇ ਤੇ ਕਿਸੇ ਫ਼ਰਾਖ਼-ਦਿਲ ਦਾਨੀ ਸੁਭਾ ਵਾਲੇ ਨੂੰ ਕਮਜ਼ੋਰ ਤੇ ਤੰਗ-ਦਸਤ ਨਾ ਕਰੇ।

ਅਗਰ ਸ਼ੂਮ ਧਨ-ਸੰਪਦਾ ਦੀ ਤਾਕਤ ਰੱਖਦਾ ਹੋਵੇ ਤੇ ਦੇਣ ਦੀ ਬਿਰਤੀ ਰੱਖਣ ਵਾਲਾ ਕਮਜ਼ੋਰ ਹੋਵੇ ਤਾਂ ਜਗਤ ਦੇ ਜੀਵਾਂ ਦਾ ਦੁਖ ਵਧ ਜਾਂਦਾ ਹੈ:

*ਕਿਹ ਸਿਫ਼ਲਾ ਖ਼ੁਦਾਵੰਦ ਹਸਤੀ ਮੁਬਾਸ਼।*
*ਕਿਹ ਜਵਾਂਮਰਦ ਰਾ ਤੰਗ ਦਸਤੀ ਮੁਬਾਸ਼।* *(ਸ਼ੇਖ਼ ਸਾਅਦੀ)*

ਸੱਚ ਤਾਂ ਇਹ ਹੈ ਕਿ ਖ਼ੁਦਾ-ਸ਼ੱਨਾਸ ਰਹਿਣ ਦੀ ਪਛਾਣ ਕਰਨ ਵਾਲਾ ਸ਼ੂਮ ਨਹੀਂ ਹੋਵੇਗਾ ਤੇ ਜਿਸ ਨੂੰ ਪਰਮਾਤਮਾ ਦਾ ਕੋਈ ਬੋਧ ਨਹੀਂ, ਉਹ ਲਾਜ਼ਮੀ ਸ਼ੂਮ ਹੋਵੇਗਾ।

ਸ਼ੂਮ ਪਰਮਾਤਮਾ ਦੀ ਇਸ ਬਣਾਈ ਮਰਯਾਦਾ ਤੋਂ ਨਾਵਾਕਿਫ਼ ਹੈ ਕਿ ਕੁਛ ਦੇ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਤੇ ਕੁਛ ਵੰਡ ਕੇ ਹੀ ਸੱਚੀ ਖ਼ੁਸ਼ੀ ਮਿਲਦੀ ਹੈ।

•

# ਪੰਚ ਪ੍ਰਵਾਨ

ਪੰਚ ਬਣਨ ਦੀ ਭੁੱਖ ਜਮਾਂਦਰੂ ਹੈ।

ਸਾਰੇ ਵਸੀਲੇ ਯਤਨ ਹੀ ਪੰਚ (ਮੁਖੀ) ਬਣਨ ਵਾਸਤੇ ਹਨ, ਪਰ ਪੰਜਾਂ ਨੂੰ ਘਰੋਂ ਕੱਢੇ ਬਿਨਾਂ ਤੇ ਪੰਜਾਂ ਨੂੰ ਘਰ ਬੁਲਾਏ ਬਿਨਾਂ ਨਾ ਕੋਈ ਪੰਚ ਬਣ ਸਕਦਾ ਹੈ ਤੇ ਨਾ ਹੀ ਕੋਈ ਬਣਿਆ ਹੈ:

**ਪੰਚ ਮਨਾਏ ਪੰਚ ਰੁਸਾਏ॥**
**ਪੰਚ ਵਸਾਏ ਪੰਚ ਗਵਾਏ॥੧॥**
**ਇਨ੍ ਬਿਧਿ ਨਗਰ ਵੁਠਾ ਮੇਰੇ ਭਾਈ॥**
**ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ॥**

*(ਆਸਾ ਮਹਲਾ ੫, ਪੰਨਾ 430)*

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਰੁਸਾਉਣਾ (ਕੱਢਣਾ) ਹੈ ਤੇ ਕਰੁਣਾ, ਮੁਦਤਾ, ਮੈਤ੍ਰੀ, ਸਤ, ਸੰਤੋਖ ਨੂੰ ਮਨਾਣਾ (ਲਿਆਉਣਾ) ਹੈ।

ਧਰਮ ਦੀ ਸਾਧਨਾ ਬਸ ਪੰਜਾਂ ਨੂੰ ਮਨਾਣਾ ਤੇ ਪੰਜਾਂ ਨੂੰ ਰੁਸਾਉਣਾ, ਇਸ 'ਤੇ ਹੀ ਖੜੀ ਹੈ। ਜਦ ਕੋਈ ਇਸ ਸਾਧਨਾ ਵਿਚ ਸਫਲਤਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਪੰਚ ਬਣ ਜਾਂਦਾ ਹੈ। ਉਹ ਦਰਗਾਹ ਵਿਚ ਕਬੂਲ (ਪ੍ਰਵਾਨ) ਹੋ ਜਾਂਦਾ ਹੈ ਤੇ ਉਹੀ ਲੋਕ ਇਸ ਦੁਨੀਆ ਵਿਚ ਪ੍ਰਧਾਨ ਹਨ।

ਜੋ ਦਰਗਾਹ ਵਿਚ ਪ੍ਰਵਾਨ ਨਹੀਂ ਹੋਇਆ, ਉਸ ਦਾ ਕਿਸੇ ਵੀ ਧਾਰਮਿਕ ਸੰਸਥਾ ਦਾ ਪ੍ਰਧਾਨ ਬਣਨਾ ਤਾਂ ਮਹਾਨ ਅਗਿਆਨਤਾ ਹੈ। ਬੱਚਿਆਂ ਦੀ ਖੇਡ ਹੈ। ਮਨੁੱਖਾਂ ਦੀ ਦ੍ਰਿਸ਼ਟੀ ਵਿਚ ਪ੍ਰਵਾਨ ਹੋ ਕੇ ਪ੍ਰਧਾਨ ਬਣਨਾ, ਇਹ ਰਾਜਨੀਤੀ ਹੈ। ਅਕਾਲ ਪੁਰਖ ਗੁਰੂ ਦੀ ਦ੍ਰਿਸ਼ਟੀ ਵਿਚ ਪ੍ਰਵਾਨ ਹੋ ਕੇ ਪ੍ਰਧਾਨ ਬਣਨਾ ਧਰਮ ਹੈ। ਪੰਚ ਬਣਨ ਲਈ ਸਰਪੰਚ (ਅਕਾਲ ਪੁਰਖ) ਵਿਚ ਧਿਆਨ ਜੋੜਨਾ ਲਾਜ਼ਮੀ ਹੈ। ਪੰਚ ਤਾਂ ਅੱਠੇ ਪਹਿਰ ਇਕ ਗੁਰੂ (ਪਰਮਾਤਮਾ) ਵਿਚ ਧਿਆਨ ਜੋੜ ਕੇ ਰੱਖਦੇ ਹਨ:

**ਪੰਚਾ ਕਾ ਗੁਰੁ ਏਕੁ ਧਿਆਨੁ॥** *(ਜਪੁ ਜੀ)*

ਮਨੁੱਖੀ ਦੁਨੀਆ ਵਿਚ ਪੰਚ ਬਣਨ ਲਈ ਚਤੁਰ, ਚਾਲਾਕੀ, ਝੂਠ, ਬੇਈਮਾਨੀ ਚਾਹੀਦੀ ਹੈ ਤੇ ਜਿਹੜਾ ਇਸ ਵਿਚ ਜਿਤਨਾ ਜ਼ਿਆਦਾ ਨਿਪੁੰਨ

ਹੋਵੇਗਾ, ਉਹ ਉਤਨਾ ਛੇਤੀ ਸੱਤਾਧਾਰੀ ਪੰਚ ਬਣ ਜਾਵੇਗਾ। ਦਰਅਸਲ ਝੂਠ ਬੇਈਮਾਨੀ ਨੂੰ ਵੀ ਇਕ ਕਲਾ ਆਖਿਆ ਗਿਆ ਹੈ।

ਝੂਠ ਨੂੰ ਸੱਚ ਦੇ ਗਹਿਣੇ ਤੇ ਬੇਈਮਾਨੀ ਨੂੰ ਈਮਾਨਦਾਰੀ ਦੇ ਗਹਿਣੇ ਪਵਾ ਕੇ ਖ਼ੁਸ਼ ਕਰਨ ਦਾ ਇਕ ਆਪਣਾ ਢੰਗ ਹੈ, ਕਲਾ ਹੈ:

**ਮੁਖਿ ਝੂਠ ਬਿਭੂਖਣ ਸਾਰੰ॥** *(ਆਸਾ ਦੀ ਵਾਰ, ਪੰਨਾ 470)*

ਹਰ ਮੁਲਕ, ਪ੍ਰਾਂਤ ਤੇ ਸ਼ਹਿਰਾਂ ਵਿਚ ਐਸੇ ਸੱਤਾਧਾਰੀ ਪੰਚ ਮੌਜੂਦ ਹਨ, ਜੋ ਉਪਰੋਕਤ ਕਲਾ ਵਿਚ ਮਾਹਿਰ ਹਨ।

ਪਰ ਪੰਜ ਵਿਕਾਰਾਂ ਨੂੰ ਕੱਢ ਕੇ, ਰੁਸਾ ਕੇ ਤੇ ਪੰਜ ਦੈਵੀ ਗੁਣਾਂ ਨੂੰ ਮਨਾ ਕੇ ਹਿਰਦੇ ਰੂਪੀ ਘਰ ਵਿਚ ਲਿਆਉਣ ਦੀ ਕਲਾ ਵਿਚ ਨਿਪੁੰਨ ਵਿਰਲੇ ਹੀ ਹਨ। ਹਰ ਗਲੀ, ਸ਼ਹਿਰ, ਪ੍ਰਾਂਤ ਤੇ ਮੁਲਕ ਵਿਚ ਸੰਤ ਬ੍ਰਹਮ-ਗਿਆਨੀ ਨਹੀਂ ਹਨ।

ਜੋ ਕਰਤੇ ਦੀਆਂ ਕਰਨੀਆਂ ਨੂੰ ਗਿਣਦਾ ਹੈ, ਉਹ ਵਿਗਿਆਨਕ ਹੈ, ਜਦ ਕਿ ਕਰਤੇ ਦੇ ਕਰਨੇ ਗਿਣਤੀ ਵਿਚ ਲਿਆਉਣੇ ਔਖੇ ਹਨ:

**ਜੇ ਕੋ ਕਹੈ ਕਰੈ ਵੀਚਾਰੁ॥**
**ਕਰਤੇ ਕੈ ਕਰਣੈ ਨਾਹੀ ਸੁਮਾਰੁ॥** *(ਜਪੁਜੀ)*

ਸੰਤ ਕਰਤੇ ਦੇ ਕਰਨੇ ਗਿਣਦਾ ਨਹੀਂ ਹੈ, ਕਿਉਂਕਿ ਸ਼ੁਮਾਰ (ਗਿਣਤੀ) ਤਾਂ ਹੋ ਹੀ ਨਹੀਂ ਸਕਦੀ। ਸੰਤ ਪੰਚ ਨੂੰ ਇਸ ਦਾ ਪੂਰਾ ਬੋਧ ਹੈ, ਉਹ ਕਰਤੇ ਦੇ ਕਰਨੇ ਵਿਚ ਲੀਨ ਹੋ, ਵਿਸਮਾਦ ਹੋ ਜਾਂਦਾ ਹੈ। ਲੀਨਤਾ ਦਾ ਐਸਾ ਰਸ ਹੈ ਕਿ ਇਕਦਮ ਵਿਸਮਾਦ ਹੋ ਜਾਂਦਾ ਹੈ:

**ਹਰਿ ਰਸ ਕਾ ਤੂੰ ਚਾਖਹਿ ਸਾਦੁ॥**
**ਚਾਖਤ ਹੋਇ ਰਹਹਿ ਬਿਸਮਾਦੁ॥** *(ਗਉੜੀ ਗੁਆਰੇਰੀ ਮਹਲਾ ੫, ਪੰਨਾ 180)*

ਅੱਠੇ ਪਹਿਰ ਰਸ ਵਿਸਮਾਦ ਵਿਚ ਜੀਵਨ ਵਾਲੇ ਪੰਚ ਹਨ। ਜਦ ਦੁਨੀਆ ਝੂਠੇ ਰਾਜਨੀਤਕਾਂ ਤੋਂ ਬੇਜ਼ਾਰ ਹੋਵੇਗੀ ਤਾਂ ਜੋ ਦਰਗਾਹ ਵਿਚ ਪ੍ਰਵਾਨ ਸੰਤ-ਜਨ ਹਨ, ਉਹੀ ਸੰਸਾਰ ਵਿਚ ਪੰਚ (ਮੁਖੀ) ਹੋਣਗੇ ਤੇ ਜਿਸ ਦਿਨ ਐਸੇ ਪੰਚ ਰਹਿਬਰੀ ਕਰਨਗੇ, ਉਸ ਦਿਨ ਹਕੀਕਤ ਵਿਚ ਖ਼ਾਲਸਾਈ ਰਾਜ ਪਵਿੱਤਰ ਰਾਜ ਹੋਵੇਗਾ, ਫਿਰ ਕੋਈ ਵਿਦਰੋਹੀ ਨਹੀਂ ਹੋਵੇਗਾ, ਕਿਉਂਕਿ ਕਿਸੇ ਦਾ ਹੱਕ ਖੋਹਿਆ ਨਹੀਂ ਜਾਵੇਗਾ। ਉਦੋਂ ਸੱਤਾ ਦੂਜਿਆਂ ਦੇ ਹੱਕ ਦੀ ਰਾਖੀ ਕਰੇਗੀ, ਜਦ ਕਿ ਮੌਜੂਦਾ ਸੱਤਾ ਹੱਕ ਖੋਂਹਦੀ ਹੈ।

ਇਕ ਮੁਲਕ ਦੂਜੇ ਮੁਲਕ ਦਾ ਹੱਕ ਖੋਂਹਦਾ ਹੈ, ਇਕ ਕੌਮ ਦੂਜੀ ਕੌਮ ਦਾ ਹੱਕ ਖੋਂਹਦੀ ਹੈ ਤੇ ਇਕ ਵਿਅਕਤੀ ਦੂਜੇ ਵਿਅਕਤੀ ਦਾ ਹੱਕ ਖੋਹ ਰਿਹਾ ਹੈ। ਇਹ ਛੀਨਾ-ਝਪਟੀ ਬੜੇ ਜ਼ੋਰਾਂ ਨਾਲ ਚੱਲ ਰਹੀ ਹੈ। ਇਸ ਦਮਨ ਦਾ ਗੁਰ

ਕੇਵਲ ਪੰਚਾਂ ਕੋਲ ਹੈ। ਜੋ ਪੰਜ ਦੈਵੀ ਗੁਣਾਂ ਨਾਲ ਜੁੜੇ ਹਨ, ਇਹ ਦੈਵੀ ਗੁਣ ਕਰੁਣਾ, ਮੈਤ੍ਰੀ, ਮੁਦਤਾ, ਸਤ, ਸੰਤੋਖ ਹਿਰਦੇ ਨੂੰ ਸ਼ੁੱਧ ਕਰ ਕੇ ਸੰਸਾਰ ਪ੍ਰਤੀ ਕਰੁਣਾ ਤੇ ਮੈਤ੍ਰੀ ਭਾਵ ਨੂੰ ਪੈਦਾ ਕਰਦੇ ਹਨ। ਜੋ ਮਿੱਤਰ ਹੈ, ਉਸ ਨੂੰ ਤਾਂ ਕੁਛ ਦੇਣ ਨੂੰ ਜੀ ਕਰਦਾ ਹੈ, ਪਰ ਜੋ ਦੁਸ਼ਮਣ ਹੈ, ਉਸ ਕੋਲੋਂ ਖੋਹਣ ਨੂੰ ਜੀ ਕਰਦਾ ਹੈ। ਦੈਵੀ ਗੁਣ ਸੰਸਾਰ ਪ੍ਰਤੀ ਮੈਤ੍ਰੀ ਭਾਵ ਨੂੰ ਪ੍ਰਗਟ ਕਰਦੇ ਹਨ :

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**

*(ਧਨਾਸਰੀ ਮ: ੫, ਪੰਨਾ 671)*

ਐਸਾ ਪੰਚ ਮਨੁੱਖ ਜਦ ਸਾਰਿਆਂ ਨੂੰ ਮਿੱਤਰ ਸਮਝਦਾ ਹੈ ਤਾਂ ਮਿੱਤਰ ਨੂੰ ਧੋਖਾ ਦੇਣਾ ਔਖਾ ਹੋ ਜਾਂਦਾ ਹੈ।

ਜੋ ਆਪਣਾ ਹੈ, ਮਿੱਤਰ ਪਿਆਰਾ ਹੈ, ਉਸ ਨੂੰ ਤਾਂ ਕੁਛ ਭੇਟ ਕਰਨ ਨੂੰ ਜੀ ਕਰਦਾ ਹੈ, ਦੇਣ ਨੂੰ ਜੀ ਕਰਦਾ ਹੈ, ਲੇਕਿਨ ਜੋ ਬੇਗਾਨਾ ਹੈ, ਦੁਸ਼ਮਣ ਹੈ, ਉਸ ਪਾਸੋਂ ਖੋਹਣ ਨੂੰ ਜੀ ਕਰਦਾ ਹੈ।

ਬੇਗਾਨਾ ਵੈਰੀ ਪ੍ਰਤੀਤ ਹੋਣ ਲੱਗ ਪੈਂਦਾ ਹੈ ਤੇ ਵੈਰੀ ਦਾ ਤਾਂ ਸਭ ਕੁਝ ਖੋਹਣ ਨੂੰ ਜੀ ਕਰਦਾ ਹੈ : ਧਨ ਖੋਹ ਲਈਏ, ਤਨ ਖੋਹ ਲਈਏ, ਇੱਜ਼ਤ ਤੇ ਅਸਮਤ ਖੋਹ ਲਈਏ। ਅੰਦਰੋਂ ਜਦ ਬੁਰਾ ਵੇਖਣ ਦੀ ਦ੍ਰਿਸ਼ਟੀ ਮਰਦੀ ਹੈ ਤਾਂ ਸ੍ਰਿਸ਼ਟੀ ਸਾਰੀ ਸੱਜਣ ਲੱਗਦੀ ਹੈ :

**ਮਨ ਅਪੁਨੇ ਤੇ ਬੁਰਾ ਮਿਟਾਨਾ॥**
**ਪੇਖੈ ਸਗਲ ਸ੍ਰਿਸਟਿ ਸਾਜਨਾ॥** *(ਗਉੜੀ ਸੁਖਮਨੀ ਮ: ੫, ਪੰਨਾ 266)*

ਸੱਜਣ ਨੂੰ ਤਾਂ ਦੇਣ ਨੂੰ ਜੀ ਕਰਦਾ ਹੈ; ਧਨ ਦੇ ਦੇਈਏ, ਇੱਜ਼ਤ ਮਾਨ ਦੇਈਏ, ਤਨ ਵੀ ਭੇਟ ਕਰਨ ਨੂੰ ਜੀ ਕਰਨ ਲੱਗ ਪੈਂਦਾ ਹੈ।

ਜਿਸ ਦੇ ਮਨ ਵਿੱਚੋਂ ਬੁਰਾ ਮਿਟ ਗਿਆ ਹੈ, ਜੋ ਜਗਤ ਨੂੰ ਤੇ ਜਗਤ ਦੇ ਜੀਵਾਂ ਨੂੰ ਆਪਣਾ ਸੱਜਣ ਵੇਖਦਾ ਹੈ ਤੇ ਹਰ ਵਕਤ ਕੁਛ ਨਾ ਕੁਛ ਦੇਣ ਨੂੰ ਹੀ ਜੀ ਕਰਦਾ ਹੈ, ਉਹ ਪੰਚ ਹੈ, ਉਹ ਜਗਤ ਵਿਚ ਪ੍ਰਧਾਨ ਮਨੁੱਖ ਹੈ। ਦਰਗਾਹ ਵਿਚ ਪ੍ਰਵਾਨ ਮਨੁੱਖ ਹੈ। ਲੌਕਿਕ ਸੁਖ ਤੇ ਪਰਲੋਕ ਦੇ ਅਨੰਦ ਨਾਲ ਉਸ ਦੀ ਝੋਲੀ ਭਰੀ ਰਹਿੰਦੀ ਹੈ।

•

# ਤਨ ਤੇ ਮਨ

ਅਕਾਲ ਪੁਰਖ ਦੇ ਦੋ ਰੂਪ ਹਨ—ਨਿਰਗੁਣ ਤੇ ਸਰਗੁਣ। ਨਿਰਗੁਣ ਸੂਖਮ ਤੇ ਸਰਗੁਣ ਅਸਥੂਲ ਹੈ। ਇਸ ਤਰ੍ਹਾਂ ਸਾਡੇ ਵੀ ਦੋ ਵਜੂਦ ਹਨ—ਤਨ ਤੇ ਮਨ। ਤਨ ਅਸਥੂਲ ਹੈ, ਮਨ ਸੂਖਮ ਹੈ। ਤਨ ਦੀਆਂ ਲੋੜਾਂ ਵੀ ਅਸਥੂਲ ਹਨ ਤੇ ਮਨ ਦੀਆਂ ਸੂਖਮ।

ਸੰਸਾਰ ਤਨ ਦੀ ਲੋੜ ਹੈ, ਨਿਰੰਕਾਰ ਮਨ ਦੀ ਲੋੜ ਹੈ।

ਤਨ ਦੀਆਂ ਲੋੜਾਂ ਧਨ ਨਾਲ ਪੂਰੀਆਂ ਹੁੰਦੀਆਂ ਹਨ, ਮਨ ਦੀਆਂ ਲੋੜਾਂ ਧਰਮ ਨਾਲ ਪੂਰੀਆਂ ਹੋਣਗੀਆਂ। ਤਨ ਬਾਹਰ ਭੱਜੇ ਤੇ ਸੰਸਾਰ ਨਾਲ ਸੰਬੰਧ ਜੁੜਦਾ ਹੈ, ਮਨ ਅੰਤਰ-ਮੁਖੀ ਹੋਵੇ ਤਾਂ ਨਿਰੰਕਾਰ ਨਾਲ ਸੰਬੰਧ ਜੁੜਦਾ ਹੈ। ਕੁਛ ਵਿਸ਼ੇਸ਼ ਲਖ਼ਸ਼, ਚਿੰਨ੍ਹ ਤਨ ਦੀ ਸੁੰਦਰਤਾ ਦੇ ਪ੍ਰਤੀਕ ਹਨ।

ਕੁਛ ਦੈਵੀ ਗੁਣ ਮਨ ਦਾ ਸੁਹੱਪਣ ਹਨ। ਤਨ ਨੂੰ ਰਹਿਣ ਲਈ ਮਕਾਨ ਚਾਹੀਦਾ ਹੈ। ਮਨ ਦਾ ਵੀ ਆਪਣਾ ਟਿਕਾਣਾ ਹੈ। ਤਨ ਦੀ ਆਪਣੀ ਔਲਾਦ ਹੈ। ਮਨ ਦੀ ਆਪਣੀ ਸੰਤਾਨ ਹੈ।

ਕੋਈ ਯਤਨ ਕਰ ਕੇ ਤਨ ਦੇ ਰਹਿਣ ਲਈ ਸੁੰਦਰ ਮਹੱਲ ਖੜੇ ਕਰ ਲੈਂਦੇ ਹਨ।

ਮਨ ਦਾ ਆਪਣਾ ਸੁਖ ਮਹੱਲ ਹੈ :

**ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥**

*(ਸੋਰਠਿ ਮਹਲਾ ੧, ਪੰਨਾ 595)*

ਪ੍ਰਾਲਬਧ-ਹੀਣ ਮਨੁੱਖ ਕੁੱਲੀ ਵਿਚ ਤੇ ਗੰਦੀ ਥਾਂ 'ਤੇ ਰਹਿੰਦਾ ਹੈ। ਗਿਆਨ-ਹੀਨ ਮਨ ਵੀ ਤ੍ਰਿਸ਼ਨਾ ਦੀ ਗੰਦੀ ਛਪੜੀ ਵਿਚ ਰਹਿੰਦਾ ਹੈ।

ਤਨ ਤੋਂ ਉਤਪਤ ਹੋਈ ਔਲਾਦ ਕੋਈ ਚੰਗੀ ਹੁੰਦੀ ਹੈ, ਕੋਈ ਮਾੜੀ। ਚੰਗੀ ਔਲਾਦ ਖ਼ਾਨਦਾਨ ਦਾ ਨਾਮ ਰੌਸ਼ਨ ਕਰਦੀ ਹੈ ਤੇ ਭੈੜੀ ਔਲਾਦ ਦਾਗ਼ੀ ਕਰਦੀ ਹੈ।

ਕੁਲ ਦਾ ਅਪਜੱਸ ਮਿਟ ਜਾਂਦਾ ਹੈ, ਸਤ ਪੁੱਤਰ ਦੇ ਜਨਮ ਨਾਲ :

**ਅਪਜਸੰ ਮਿਟੰਤ ਸਤ ਪੁਤ੍ਰਹ ॥**
**ਸਿਮਰਤਬ੍ਯ ਰਿਦੈ ਗੁਰ ਮੰਤ੍ਰਣਹ ॥** *(ਮਹਲਾ ੫, ਗਾਥਾ, ਪੰਨੇ 1360-61)*

ਮਾੜੀ ਔਲਾਦ ਕੁਲ ਨੂੰ ਕਲੰਕਿਤ ਕਰਦੀ ਹੈ। ਤਨ ਦੇ ਤਲ 'ਤੇ ਕਿਸੇ ਕਿਸੇ ਦੀ ਔਲਾਦ ਮਾੜੀ ਹੁੰਦੀ ਹੈ, ਪਰ ਮਨ ਦੀ ਔਲਾਦ ਤਾਂ ਬਹੁਤਿਆਂ ਦੀ ਮਾੜੀ ਹੈ ਤੇ ਮਨ ਦੀ ਰਹਿਣ ਦੀ ਥਾਂ ਵੀ ਬਹੁਤ ਗੰਦੀ ਹੈ।

ਕਿਰਤ ਕਰ ਕੇ ਤਨ ਦੀ ਪਾਲਣਾ ਕਰਨੀ ਹੈ ਤੇ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ ਹੈ। ਕੀਰਤੀ ਕਰ ਕੇ ਤਾਂ ਮਨ ਦੀ ਭੈੜੀ ਔਲਾਦ ਖ਼ਤਮ ਕਰਨੀ ਹੈ ਤੇ ਮਨ ਦੀ ਰਹਿਣ ਦੀ ਗੰਦੀ ਥਾਂ ਨੂੰ ਅੱਗ ਲਾ ਕੇ ਸਾੜਨਾ ਹੈ।

ਜਪ ਤੋਂ ਤਪ ਪੈਦਾ ਹੁੰਦਾ ਹੈ। ਤੇਜ ਪ੍ਰਗਟ ਹੁੰਦਾ ਹੈ। ਇਸ ਤਪ ਤੇਜ ਨੂੰ ਯੋਗਾ ਅਗਨ ਯਾ ਬ੍ਰਹਮ ਅਗਨ ਆਖਦੇ ਹਨ। ਜਿਤਨੀ ਮਾਤਰਾ ਵਿਚ ਜਪ ਵਧਦਾ ਹੈ, ਤਪ ਤੇਜ ਵੀ ਉਤਨਾ ਉਜਾਗਰ ਹੁੰਦਾ ਹੈ। ਬਾਹਰ ਪਈ ਗੰਦਗੀ ਨੂੰ ਅੱਗ ਨਾਲ ਸਾੜਿਆ ਜਾਂਦਾ ਹੈ, ਅੰਦਰ ਦੀ ਗੰਦ (ਵਿਕਾਰਾਂ) ਨੂੰ ਤਪ ਨਾਲ ਜਲਾਇਆ ਜਾਂਦਾ ਹੈ।

ਤਨ ਦੀ ਜੋ ਔਲਾਦ ਹੁੰਦੀ ਹੈ, ਉਸ ਦੇ ਬਾਕਾਇਦਾ ਨਾਮ ਰੱਖੇ ਜਾਂਦੇ ਹਨ। ਮਨ ਤੋਂ ਜੋ ਔਲਾਦ ਉਤਪੰਨ ਹੋਈ ਹੈ, ਉਸ ਦੇ ਵੀ ਨਾਮ ਹਨ।

ਮਨ ਨੇ ਪੰਜ ਪੁੱਤਰ ਪੈਦਾ ਕੀਤੇ ਹਨ ਤੇ ਪੰਜੇ ਹੀ ਭੈੜੇ ਹਨ।

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਇਹ ਪੰਜੇ ਮਨ ਦੀ ਉਪਜ ਹਨ। ਮਨ ਵਿਚਾਰਾਂ ਦੀ ਮੂਰਤੀ ਹੈ। ਕਾਮ, ਕ੍ਰੋਧ, ਲੋਭ ਇਹ ਫੁਰਨੇ ਵਿਚਾਰ ਦੀ ਤਰ੍ਹਾਂ ਮਨ 'ਚੋਂ ਪੈਦਾ ਹੁੰਦੇ ਹਨ। ਇਨ੍ਹਾਂ ਫੁਰਨਿਆਂ ਨੂੰ ਸਾੜਨਾ ਹੈ।

ਜਿਸ ਤ੍ਰਿਸ਼ਨਾ ਦੀ ਝੁੱਗੀ ਵਿਚ ਮਨ ਰਹਿੰਦਾ ਹੈ, ਇਸ ਨੂੰ ਵੀ ਅਗਨ ਭੇਟ ਕਰਨਾ ਹੈ। ਜੋ ਆਪਣੇ ਮਨ ਦੀ ਭੈੜੀ ਔਲਾਦ ਨਹੀਂ ਸਾੜ ਸਕਿਆ, ਉਹ ਦੂਜਿਆਂ ਦੀ ਜਿਸਮਾਨੀ ਔਲਾਦ ਸਾੜਦਾ ਤੇ ਤੜਫਾਂਦਾ ਹੈ। ਜੋ ਮਨ ਦੀ ਝੁੱਗੀ ਤ੍ਰਿਸ਼ਨਾ ਨੂੰ ਨਹੀਂ ਸਾੜ ਸਕਿਆ, ਉਹ ਦੂਜਿਆਂ ਦੇ ਮਹੱਲ ਅਗਨ ਭੇਟ ਕਰ ਜਲਾਂਦਾ ਹੈ। ਜਲਾਉਣ ਦੀਆਂ ਰੁਚੀਆਂ ਮਨੁੱਖ ਅੰਦਰ ਹਨ। ਅਗਰ ਰੁਚੀਆਂ ਬਾਹਰ-ਮੁਖੀ ਹੋ ਜਾਣ ਤਾਂ ਬਾਹਰ ਤਬਾਹੀ ਮਚ ਜਾਂਦੀ ਹੈ ਤੇ ਲੋਕਾਈ ਤ੍ਰਾਹ-ਤ੍ਰਾਹ ਕਰ ਉਠਦੀ ਹੈ, ਪਰ ਇਹ ਸਾੜਨ ਦੀਆਂ ਰੁਚੀਆਂ ਅਗਰ ਅੰਤਰ-ਮੁਖੀ ਹੋ ਜਾਣ ਤਾਂ ਮਨ ਦੀ ਭੈੜੀ ਔਲਾਦ ਜਲ ਕੇ ਸੁਆਹ ਹੁੰਦੀ ਹੈ ਤੇ ਇਕ ਪਰਮ-ਅਨੰਦ ਦੀ ਛਵੀ ਅੰਦਰ ਬਣਦੀ ਹੈ, ਪਰ ਜਪ ਤੋਂ ਤਪ (ਤਪਸ਼) ਪੈਦਾ ਕਰ ਕੇ ਕੋਈ ਵਿਰਲਾ ਹੀ ਮਨ ਦੀ ਦੁਨੀਆ ਸਾੜ ਅਨੰਦ ਮਾਣਦਾ ਹੈ, ਜ਼ਿਆਦਾ ਤਾਂ ਬਾਹਰ ਹੀ ਅੱਗ ਲਾਈ ਫਿਰਦੇ ਹਨ:

**ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ॥**
**ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ॥**

*(ਸਲੋਕ ਕਬੀਰ ਜੀ, ਪੰਨਾ 1366)*

ਐਸਾ ਵਿਰਲਾ ਹੀ ਕੋਈ ਮਾਈ ਦਾ ਲਾਲ ਪ੍ਰਿਥਵੀ 'ਤੇ ਆਉਂਦਾ ਹੈ, ਜੋ ਜਪ ਤੋਂ ਤਪ ਪੈਦਾ ਕਰ ਕੇ ਆਪਣੇ ਮਨ ਦੇ ਬਣੇ ਹੋਏ ਪੁਰਾਣੇ ਸੰਸਕਾਰਾਂ ਦੇ ਘਰ ਨੂੰ ਅੱਗ ਲਾਂਦਾ ਹੈ ਤੇ ਪੰਜ ਕਾਮ ਆਦਿਕ ਪੁੱਤਰਾਂ ਨੂੰ ਸਾੜ ਕੇ ਈਸ਼ਵਰੀ ਲੀਨਤਾ ਦਾ ਅਨੰਦ ਮਾਣਦਾ ਹੈ।

ਜਨਮਾਂ ਜਨਮਾਂ ਤੋਂ ਬਣੇ ਸੰਸਕਾਰ, ਜਿਸ ਵਿਚ ਤ੍ਰਿਸ਼ਨਾ ਮੂਲ ਰੂਪ ਵਿਚ ਹੈ, ਜਿਤਨੇ ਤਕ ਇਨ੍ਹਾਂ ਨੂੰ ਨਾ ਸਾੜੀਏ, ਜਨਮ ਮਰਨ ਮਿਟਦਾ ਨਹੀਂ ਹੈ। ਤਨ ਮੁਰਦਾ ਹੋ ਜਾਏ ਤਾਂ ਸਾੜਿਆ ਜਾਂਦਾ ਹੈ, ਪਰ ਮਨ ਤੇ ਉਸ ਦੀ ਔਲਾਦ ਤਾਂ ਜਪ ਦੇ ਤਪ ਨਾਲ ਹੀ ਮਰੇਗੀ।

ਸਰੀਰ ਜੈਸੇ-ਜੈਸੇ ਬੁੱਢਾ ਹੁੰਦਾ ਹੈ, ਮਨ ਵੈਸੇ-ਵੈਸੇ ਜਵਾਨ ਹੁੰਦਾ ਹੈ। ਬੁੱਢੇ ਤਨ ਤੋਂ ਜਵਾਨ ਮਨ ਦਾ ਕਾਬੂ ਆਵਣਾ ਔਖਾ ਹੋ ਜਾਂਦਾ ਹੈ। ਤਨ ਦੇ ਅੰਤ ਤੋਂ ਪਹਿਲਾਂ ਮਨ ਦਾ ਅੰਤ ਹੋਵੇ। ਤਨ ਦੇ ਦਾਹ ਸੰਸਕਾਰ ਤੋਂ ਪਹਿਲਾਂ ਮਨ ਦਾ ਦਾਹ ਸੰਸਕਾਰ ਹੋਵੇ ਤਾਂ ਹੀ ਪਰਮ ਪਦ ਨਸੀਬ ਹੁੰਦਾ ਹੈ।

ਪਰਮ ਗੁਰ-ਸ਼ਬਦ ਵਿਚਾਰ ਤੇ ਸਾਵਧਾਨੀ ਜਦ ਜੀਵਨ ਵਿਚ ਲਿਆਈਦੀ ਹੈ ਤਾਂ ਬ੍ਰਹਮ-ਅਗਨ ਪੈਦਾ ਹੋ, ਮਨ ਦੀ ਦੁਨੀਆ ਜਲ ਕੇ ਖ਼ਾਕ ਹੁੰਦੀ ਹੈ ਤਾਂ ਆਤਮ-ਸੁਗੰਧੀ ਪ੍ਰਭੂ ਦੇ ਦੇਸ਼ ਪੁੱਜ ਜਾਂਦੀ ਹੈ ਤੇ ਖ਼ਾਕ, ਹੱਡੀਆਂ, ਫੁੱਲ ਪਿੱਛੇ ਰਹਿ ਜਾਂਦੇ ਹਨ; ਫੁੱਲ ਅਸਥੂਲ ਹਨ, ਅੱਗੇ ਨਹੀਂ ਜਾ ਸਕਦੇ, ਸੁਗੰਧੀ ਹੀ ਅੱਗੇ ਜਾਂਦੀ ਹੈ। ਇਸ ਤਰ੍ਹਾਂ ਦਾ ਮਨੁੱਖ ਬ੍ਰਹਮ-ਜੋਤੀ ਨੂੰ ਪਾਰਬ੍ਰਹਮ ਜੋਤੀ ਵਿਚ ਲੀਨ ਕਰ, ਸੰਪੂਰਨ ਹੋ ਜਾਂਦਾ ਹੈ:

**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**

*(ਬਿਲਾਵਲੁ ਮਹਲਾ ੫, ਪੰਨਾ 846)*

•

# ਦੂਰੀਆਂ

ਜੋ ਵਸਤੂ ਜਿਤਨੀ ਦੂਰ ਹੋਵੇ, ਉਸ ਨੂੰ ਉਸ ਦੇ ਪੂਰਨ ਰੂਪ ਵਿਚ ਵੇਖਣਾ ਔਖਾ ਹੋ ਜਾਂਦਾ ਹੈ। ਕੁਛ ਬ੍ਰਹਿਮੰਡ ਵਿਚ ਐਸਾ ਹੈ, ਜਿਸ ਨੂੰ ਦੂਰਬੀਨ ਯਾ ਖ਼ੁਰਦਬੀਨ ਨਾਲ ਵੀ ਸਹੀ ਵੇਖਣਾ ਔਖਾ ਹੈ।

ਸਾਰੇ ਗ੍ਰਹਿ-ਨਛੱਤਰ ਇਕ ਦੂਜੇ ਤੋਂ ਕਰੋੜਾਂ ਮੀਲ ਦੀ ਦੂਰੀਆਂ 'ਤੇ ਹਨ।

ਪਰ ਮੈਂ ਸਿਰਫ਼ ਪ੍ਰਿਥਵੀ 'ਤੇ ਵੱਸ ਰਹੇ ਮਨੁੱਖਾਂ ਦੀਆਂ ਆਪਸੀ ਦੂਰੀਆਂ ਦੀ ਵਿਚਾਰ ਕਰਨੀ ਹੈ।

ਜੋ ਦੂਰ ਹੈ ਔਰ ਬਹੁਤ ਦੂਰ ਹੈ, ਉਸ ਦੇ ਰੂਪ ਰੰਗ ਤੇ ਸੁਭਾਵ ਦਾ ਪਤਾ ਚੱਲਣਾ ਕਠਿਨ ਹੈ।

ਇਹ ਦੂਰੀਆਂ ਦੋ ਤਰ੍ਹਾਂ ਦੀਆਂ ਹਨ : ਇਕ ਬੈਰੂਨੀ, ਇਕ ਅੰਦਰੂਨੀ।

ਚੂੰਕਿ ਮਨੁੱਖ ਅੰਦਰੋਂ ਮਨ ਹੈ, ਬਾਹਰੋਂ ਤਨ ਹੈ ਤੇ ਦੂਰੀਆਂ ਵੀ ਕੁਛ ਮਨ ਦੇ ਤਲ 'ਤੇ ਹਨ ਤੇ ਕੁਛ ਤਨ ਦੇ ਤਲ 'ਤੇ ਹਨ।

ਬਾਹਰ ਦੀਆਂ ਦੂਰੀਆਂ ਨੂੰ ਅਜੋਕੇ ਵਿਗਿਆਨ ਨੇ ਦੂਰ ਕਰ ਦਿੱਤਾ ਹੈ। ਵਿਗਿਆਨ ਨੇ ਦੁਨੀਆ ਬਹੁਤ ਛੋਟੀ ਕਰ ਦਿੱਤੀ ਹੈ। ਅੱਜ ਮਨੁੱਖ ਸਵੇਰ ਦਾ ਨਾਸ਼ਤਾ ਇਕ ਮੁਲਕ ਵਿਚ ਕਰਦਾ ਹੈ ਤੇ ਦੁਪਹਿਰ ਦਾ ਭੋਜਨ ਦੂਜੇ ਮੁਲਕ ਵਿਚ ਤੇ ਸ਼ਾਮ ਦਾ ਖਾਣਾ ਇਹ ਤੀਜੇ ਮੁਲਕ ਵਿਚ ਖਾਂਦਾ ਹੈ। ਅੱਜ ਚੰਦ ਘੰਟਿਆਂ ਵਿਚ ਪ੍ਰਿਥਵੀ ਦਾ ਪੂਰਾ ਚੱਕਰ ਲਾਇਆ ਜਾ ਸਕਦਾ ਹੈ। ਅੱਜ ਮਨੁੱਖ ਕੋਲ ਮਨੁੱਖਾਂ ਦੀ ਜਾਣਕਾਰੀ ਜ਼ਿਆਦਾ ਹੈ। ਅੱਜ ਰੰਗ, ਰੂਪ, ਨਸਲ ਦਾ ਪੂਰਨ ਬੋਧ ਹੈ। ਕਿਸ ਨਸਲ ਦੇ ਕਿਸ ਮੁਲਕ ਵਿਚ ਤੇ ਕਿਸ ਰੰਗ ਦੇ ਕਿਸ ਮੁਲਕ ਵਿਚ ਮਨੁੱਖ ਹਨ। ਉਨ੍ਹਾਂ ਦੀ ਭਾਸ਼ਾ, ਧਰਮ ਕੀ ਹੈ। ਰਾਜ-ਪ੍ਰਣਾਲੀ ਕੈਸੀ ਹੈ। ਅਮਨ ਕਿਸ ਮੁਲਕ ਵਿਚ ਹੈ। ਵਿਦਰੋਹ ਕਿਥੇ ਹੈ। ਗ਼ਰਜ਼ਕਿ ਮਨੁੱਖੀ ਜੀਵਨ ਦੀ ਸਾਰੀ ਹਲਚਲ ਦਾ ਹਰ ਪਾਸੇ ਦਾ ਬੋਧ ਮੌਜੂਦ ਹੈ। ਕਿਸੇ ਵਕਤ ਵੀਹਾਂ ਮੀਲਾਂ 'ਤੇ ਕੀ ਵਾਪਰ ਰਿਹਾ ਹੈ, ਕੁਛ ਪਤਾ ਨਹੀਂ ਸੀ। ਅੱਜ ਹਜ਼ਾਰਾਂ ਮੀਲਾਂ 'ਤੇ ਕੀ ਹੋ ਰਿਹਾ ਹੈ, ਪਤਾ ਹੈ। ਅੱਜ ਇਕ ਮੁਲਕ ਵਿਚ ਬੋਲਿਆ ਹੋਇਆ ਰੇਡੀਓ ਤੇ ਟੈਲੀਫ਼ੋਨ ਰਾਹੀਂ ਦੂਜੇ ਮੁਲਕ ਵਿਚ ਉਸੇ ਵਕਤ ਸੁਣਿਆ ਜਾ ਰਿਹਾ ਹੈ। ਇਕ ਥਾਂ ਦੇ ਦ੍ਰਿਸ਼ ਟੀ.ਵੀ. ਰਾਹੀਂ ਦੂਜੀ ਥਾਂ 'ਤੇ ਵੇਖੇ ਜਾ ਰਹੇ ਹਨ। ਬਾਹਰ

ਦੀਆਂ ਸਾਰੀਆਂ ਦੂਰੀਆਂ ਨੂੰ ਵਿਗਿਆਨ ਨੇ ਖ਼ਤਮ ਕਰ ਦਿੱਤਾ ਹੈ। ਅੱਜ ਬਾਹਰ ਦੀ ਤਾਂ ਕੋਈ ਵੀ ਦੂਰੀ ਨਹੀਂ ਰਹੀ, ਪਰ ਅੰਦਰ ਦੀਆਂ ਦੂਰੀਆਂ ਮੌਜੂਦ ਹਨ। ਚੰਦ ਸਦੀਆਂ ਪਹਿਲੇ ਬਾਹਰੋਂ ਦੂਰੀਆਂ ਪ੍ਰਧਾਨ ਸਨ, ਪਰ ਅੰਤ੍ਰੀਵ ਕਰਕੇ ਨੇੜਤਾ ਸੀ। ਇਕ ਮੁਲਕ ਦਾ ਯਾਤਰੀ ਕਿਸੇ ਦੂਜੇ ਮੁਲਕ ਵਿਚ ਪੁੱਜਦਾ ਸੀ ਤਾਂ ਪਾਣੀ ਦੀ ਥਾਂ 'ਤੇ ਦੁੱਧ ਤੇ ਹਰ ਤਰ੍ਹਾਂ ਦੇ ਸੁਖ-ਆਰਾਮ ਲਈ ਬੂਹੇ ਖੋਲ੍ਹ ਦਿੱਤੇ ਜਾਂਦੇ ਸਨ। ਇਕ ਪਿੰਡ ਯਾ ਸ਼ਹਿਰ ਦਾ ਮਹਿਮਾਨ ਦੂਜੇ ਸ਼ਹਿਰ ਵਿਚ ਓਪਰਾਪਨ ਮਹਿਸੂਸ ਨਹੀਂ ਕਰਦਾ ਸੀ। ਮਹਿਮਾਨ ਆਇਆ, ਭਗਵਾਨ ਆਇਆ; ਅਥਿਤੀ ਸਤਿਕਾਰ ਚਰਮ ਸੀਮਾ 'ਤੇ ਸੀ। ਅੰਤ੍ਰੀਵ ਨੇੜਤਾ ਦਇਆ ਤੇ ਪ੍ਰੇਮ ਨੂੰ ਜਨਮ ਦੇਂਦੀ ਹੈ। ਯਾਤਰੂ 'ਤੇ ਦਇਆ ਤੇ ਮਹਿਮਾਨ ਦਾ ਸਨਮਾਨ ਹਰ ਥਾਂ 'ਤੇ ਸੀ। ਅੰਤਰ-ਆਤਮਾ ਸਭ ਦੀ ਇਕ ਹੈ, ਬਾਹਰੋਂ ਰੰਗ ਰੂਪ, ਨਸਲ ਤੇ ਭਾਸ਼ਾ ਮਜ਼੍ਹਬ ਵੱਖ ਵੱਖ ਹੈ। ਪਹਿਲੇ ਲੋਕੀਂ ਅੰਤਰ-ਮੁਖੀ ਜ਼ਿਆਦਾ ਸਨ। ਸੋ ਅੰਤ੍ਰੀਵ ਭੇਦ ਨਾ ਹੋਣ ਕਰਕੇ ਅੰਦਰ ਦੀ ਨੇੜਤਾ ਸੀ, ਪਰ ਬਾਹਰੋਂ ਬਹੁਤ ਦੂਰੀਆਂ ਸਨ। ਕਦੀ ਕੋਈ ਇਕ ਅੱਧਾ ਇਕ ਮੁਲਕ ਤੋਂ ਦੂਜੇ ਮੁਲਕ ਯਾ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਪੁੱਜਦਾ ਸੀ।

ਅੱਜ ਇਹ ਸਾਰੀਆਂ ਦੂਰੀਆਂ ਵਿਗਿਆਨ ਨੇ ਮਿਟਾ ਦਿੱਤੀਆਂ ਹਨ। ਇਹ ਵਿਗਿਆਨ ਦੀ ਬਹੁਤ ਵੱਡੀ ਦੇਣ ਹੈ, ਸੇਵਾ ਹੈ। ਰੇਲਾਂ, ਮੋਟਰਾਂ ਤੇ ਹਵਾਈ ਜਹਾਜ਼ਾਂ ਨੇ ਇਹ ਦੂਰੀਆਂ ਰਹਿਣ ਨਹੀਂ ਦਿੱਤੀਆਂ।

ਪਰ ਅੱਜ ਮਨੁੱਖ ਇਤਨਾ ਬਾਹਰ-ਮੁਖੀ ਹੋ ਗਿਆ ਹੈ ਕਿ ਅੰਤ੍ਰੀਵੀ ਦੂਰੀਆਂ ਵਧ ਗਈਆਂ ਹਨ। ਅੱਜ ਇਕ ਸ਼ਹਿਰ ਤੋਂ ਦੂਜੇ ਸ਼ਹਿਰ, ਇਕ ਪ੍ਰਾਂਤ ਤੋਂ ਦੂਜੇ ਪ੍ਰਾਂਤ ਤੇ ਇਕ ਮੁਲਕ ਤੋਂ ਦੂਜੇ ਮੁਲਕ ਵਿਚ ਜਾ ਕੇ ਓਪਰਾਪਨ ਮਹਿਸੂਸ ਹੁੰਦਾ ਹੈ, ਜਿਵੇਂ ਇਥੇ ਕੋਈ ਆਪਣਾ ਨਹੀਂ ਹੈ।

ਇਹ ਦੂਰੀਆਂ ਇਤਨੀਆਂ ਵਧ ਗਈਆਂ ਹਨ ਕਿ ਸ਼ਹਿਰ ਦੀ ਇਕ ਗਲੀ ਵਿਚ ਰਹਿੰਦੇ ਮਨੁੱਖ ਨੂੰ ਪੜੋਸੀ ਦੇ ਨਾਮ-ਧਾਮ ਦਾ ਕੋਈ ਪਤਾ ਨਹੀਂ। ਨੇੜਤਾ ਦੇ ਵਿਚ ਇਤਨੀਆਂ ਦੂਰੀਆਂ ਹਨ।

ਇਕ ਬੰਦਾ ਕੋਲ ਹੀ ਬੈਠਾ ਹੈ ਤੇ ਜਦ ਪੁੱਛੀਏ ਕਿ ਤੇਰੇ ਕੋਲ ਇਹ ਕੌਣ ਬੈਠਾ ਹੈ ਤਾਂ ਆਖਿਆ ਕਿ ਕੋਈ ਦੂਰ ਦਾ ਜਾਪਦਾ ਹੈ। ਹੁਣ ਬਾਹਰੋਂ ਤਾਂ ਕੋਈ ਵੀ ਦੂਰੀ ਨਹੀਂ, ਕੋਲ ਬੈਠਾ ਹੈ, ਪਰ ਅੰਤ੍ਰੀਵ ਦੂਰੀ ਬਹੁਤ ਜ਼ਿਆਦਾ ਹੈ।

ਇਕ ਐਸੇ ਮਨੁੱਖ ਦਾ ਨਾਮ ਲਿਆ ਗਿਆ, ਜੋ ਦੂਜੇ ਮੁਲਕ ਹਜ਼ਾਰਾਂ ਮੀਲ ਦੀ ਦੂਰੀ 'ਤੇ ਰਹਿੰਦਾ ਹੈ ਤਾਂ ਇਕਦਮ ਬੋਲ ਪਿਆ ਕਿ ਉਹ ਤਾਂ ਸਾਡੇ ਨੇੜੇ ਦਾ ਹੈ। ਹਜ਼ਾਰਾਂ ਮੀਲ ਦੀ ਦੂਰੀ 'ਤੇ ਰਹਿਣ ਵਾਲਾ ਨੇੜੇ ਤੇ ਕੋਲ ਬੈਠਾ ਹੋਇਆ ਕੋਈ ਦੂਰ ਦਾ ਹੈ ਤੇ ਅਸਲ ਦੂਰੀ ਅੰਤ੍ਰੀਵ ਦੀ ਹੈ, ਇਹ ਕਿਵੇਂ ਮਿਟੇ ?

ਇਸ ਦਾ ਪੂਰਨ ਬੋਧ ਸੰਤ-ਜਨਾਂ ਪਾਸ ਹੈ ਤੇ ਉਨ੍ਹਾਂ ਨੇ ਜਿਥੋਂ ਤਕ ਹੋ ਸਕਿਆ, ਇਨ੍ਹਾਂ ਦੂਰੀਆਂ ਨੂੰ ਮਿਟਾਇਆ ਹੈ। ਵੈਸੇ ਤਾਂ ਹਰੀ ਪਰਮਾਤਮਾ ਦੇ ਪਿਆਰੇ ਨੇ ਆਪਣੇ ਢੰਗ ਨਾਲ ਦੂਰੀਆਂ ਨੂੰ ਮਿਟਾਇਆ ਹੈ, ਪਰ ਗੁਰੂ ਨਾਨਕ ਦੇਵ ਜੀ ਦਾ ਯਤਨ ਇਸ ਵਿਚ ਮਹਾਨ ਹੈ ਤੇ ਇਨ੍ਹਾਂ ਦੂਰੀਆਂ ਨੂੰ ਆਪ ਜੀ ਨੇ ਪਰਤੱਖ ਰੂਪ ਵਿਚ ਮਿਟਾਇਆ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਜ ਵੀ ਇਨ੍ਹਾਂ ਦੂਰੀਆਂ ਨੂੰ ਮਿਟਾ ਰਹੇ ਹਨ। ਗੁਰੂ ਨਾਨਕ ਦੇਵ ਜੀ ਨੇ ਇਕ ਸਾਥੀ ਮੁਸਲਮਾਨ ਤੇ ਇਕ ਹਿੰਦੂ ਚੁਣਿਆ। ਇਸ ਤਰ੍ਹਾਂ ਹਿੰਦੂ ਮੁਸਲਿਮ ਦੀ ਦੂਰੀ ਨੂੰ ਮਿਟਾਇਆ।

ਬਨਾਰਸ ੧ੴ ਦੀ ਗੱਲ ਕੀਤੀ ਤੇ ਉਸ ਇਕ ਦੀ ਗੱਲ ਸੁਨਾਣ ਆਪ ਮੱਕੇ, ਮਦੀਨੇ ਵੀ ਚਲੇ ਗਏ। ਆਪ ਦੇ ਅੰਮ੍ਰਿਤ-ਮਈ ਬਚਨ ਸੰਸਕ੍ਰਿਤ, ਫ਼ਾਰਸੀ, ਬ੍ਰਿਜ ਤੇ ਅਰਬੀ, ਪੰਜਾਬੀ, ਸਿੰਧੀ, ਰਾਜਸਥਾਨੀ ਤੇ ਦੇਸ਼ ਦੀਆਂ ਹੋਰ ਕਈ ਪ੍ਰਾਂਤਿਕ ਬੋਲੀਆਂ ਵਿਚ ਮਿਲਦੇ ਹਨ।

ਇਸ ਤਰ੍ਹਾਂ ਆਪ ਜੀ ਨੇ ਭਾਸ਼ਾ ਦੀ ਦੂਰੀ ਵੀ ਮਿਟਾਈ। ਰਾਮ ਤੇ ਅੱਲ੍ਹਾ ਦੇ ਗੀਤ ਹਰ ਵਕਤ ਗੁਣਗੁਣਾਂਦੇ ਰਹੇ। ਨਾਮ ਦੇ ਭੇਦ ਨੂੰ ਵੀ ਅੱਜ ਦੀ ਦੁਨੀਆ ਵਿੱਚੋਂ ਕੱਢਣ ਦਾ ਯਤਨ ਕੀਤਾ। ਵਰਨ-ਭੇਖ, ਭਾਸ਼ਾ, ਪ੍ਰਾਂਤ, ਮੁਲਕ ਤੇ ਰੰਗ ਰੂਪ ਨਾਮ ਨਸਲ ਕਰਕੇ ਜੋ ਦੂਰੀਆਂ ਹਨ, ਇਨ੍ਹਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਆਖਿਆ :

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**

*(ਰਾਗ ਧਨਾਸਰੀ ਮਹਲਾ ੧, ਪੰਨਾ 13)*

ਗੁਰੂ ਗੋਬਿੰਦ ਸਿੰਘ ਜੀ ਦਾ ਵੀ ਇਹੀ ਫ਼ੁਰਮਾਨ ਹੈ ਕਿ ਕੀੜੀ ਤੋਂ ਲੈ ਕੇ ਹਾਥੀ ਤਕ ਤੇ ਜ਼ੱਰੇ ਤੋਂ ਸੂਰਜ ਤਕ ਇੱਕੋ ਹੀ ਜੋਤ ਹੈ :

**ਹਸਤੀ ਕੀਟੀ ਝ੍ਰਿਲੌ ਆਦੰ ॥**
**ਏਕ ਅਖੰਡ ਬਸੈ ਅਨਾਦੰ ॥**

ਸੋ ਵਿਗਿਆਨ ਨੇ ਬਾਹਰ ਦੀਆਂ ਦੂਰੀਆਂ ਨੂੰ ਮਿਟਾਇਆ ਤੇ ਧਰਮ ਨੇ ਅੰਦਰ ਦੀਆਂ ਵਿੱਥਾਂ ਨੂੰ ਮਿਟਾਇਆ। ਫਿਰ ਵੀ ਮਨੁੱਖੀ ਜਗਤ ਵਿਚ ਆਪਸ ਵਿਚ ਬਹੁਤ ਹੀ ਦੂਰੀਆਂ ਹਨ, ਇਹ ਸਾਰੀਆਂ ਦੂਰੀਆਂ ਰਾਜਨੀਤੀ ਦੀ ਦੇਣ ਹਨ। ਰਾਜਨੀਤੀ ਨੇ ਹੀ ਵਿਅਕਤੀ ਨੂੰ ਵਿਅਕਤੀ ਤੋਂ ਦੂਰ ਕਰ, ਮੁਲਕ ਤੋਂ ਮੁਲਕ ਨੂੰ ਦੂਰ ਕੀਤਾ ਹੈ। ਇਕ ਕੌਮ ਨੂੰ ਦੂਜੀ ਕੌਮ ਤੋਂ ਦੂਰ ਕੀਤਾ ਹੈ।

ਮਨੋ-ਵਿਗਿਆਨੀ ਤਾਂ ਐਸਾ ਆਖਦੇ ਹਨ ਕਿ ਅਪਰਾਧੀ ਤੇ ਰਾਜਨੀਤਕ ਇੱਕੋ ਹੀ ਮਨ-ਬਿਰਤੀ ਦੇ ਹੁੰਦੇ ਹਨ। ਅਪਰਾਧੀ ਵੱਡੇ ਉਪੱਦਰ ਕਰ, ਵੱਡਾ ਅਪਰਾਧੀ ਬਣ ਜਾਂਦਾ ਹੈ। ਰਾਜਨੀਤਕ ਦੀ ਵੀ ਸ਼ੋਹਰਤ ਵੱਡੇ ਉਪੱਦਰਾਂ 'ਤੇ ਖੜ੍ਹੀ ਹੈ, ਵੱਡਾ ਨੇਤਾ ਬਣ ਜਾਂਦਾ ਹੈ।

ਸੋ ਜਿਤਨੇ ਵੱਡੇ ਵੱਡੇ ਉਪੱਦਰ ਹਨ, ਇਹ ਰਾਜਨੀਤਕ ਦੀ ਦੇਣ ਹਨ।

ਇਤਿਹਾਸ ਹਿਟਲਰ ਨੂੰ ਰਾਜਨੀਤਕ ਕਹਿੰਦਾ ਹੈ, ਪਰ ਉਹ ਇਕ ਕਰੋੜ ਬੰਦਿਆਂ ਦਾ ਕਾਤਲ ਹੈ। ਇਕ ਕਰੋੜ ਮਨੁੱਖਾਂ ਨੂੰ ਮਾਰ ਕੇ ਰੂਸ ਵਿਚ ਕ੍ਰਾਂਤੀ ਲਿਆਂਦੀ ਗਈ ਤੇ ਡੇਢ ਕਰੋੜ ਮਾਰ ਕੇ ਤੇ ਦੋ ਕਰੋੜ ਉਜਾੜ ਕੇ ਚੀਨ ਵਿਚ ਕ੍ਰਾਂਤੀ ਆਈ। ਪ੍ਰਿਥਵੀ 'ਤੇ ਅੱਜ ਤਕ ਜਿਤਨੇ ਵੱਡੇ ਉਪੱਦਰ ਹੋਏ ਹਨ, ਉਹ ਸਭ ਰਾਜਨੀਤੀ ਦੇ ਹਨ। ਲੱਖਾਂ ਬੰਦੇ ਮੌਤ ਦੇ ਘਾਟ ਉਤਾਰ ਕੇ 1947 ਵਿਚ ਦੇਸ਼ ਦਾ ਬਟਵਾਰਾ ਹੋਇਆ। ਵਿਗਿਆਨ ਨੇ ਭਾਵੇਂ ਦੁਨੀਆ ਬਹੁਤ ਨੇੜੇ ਕਰ ਦਿੱਤੀ ਹੈ, ਪਰ ਰਾਜਨੀਤਕ ਨੇ ਬਹੁਤ ਦੂਰੀਆਂ ਨੂੰ ਜਨਮ ਦਿੱਤਾ ਹੈ। ਸੰਪੰਨ ਦੇਸ਼ ਆਪਣੇ ਮੁਲਕ ਦੇ ਬੂਹੇ ਗ਼ਰੀਬ ਦੇਸ਼ਾਂ ਲਈ ਬੰਦ ਕਰ ਦੇਂਦੇ ਹਨ। ਪਾਸਪੋਰਟ ਵੀਜ਼ਾ ਇਤਿਆਦਿਕ ਅੜਿੱਚਨਾਂ ਰਾਜਨੀਤੀ ਦੀ ਦੇਣ ਹਨ। ਭਾਸ਼ਾ, ਰੰਗ ਰੂਪ ਦੇ ਵਿਤਕਰੇ ਰਾਜਨੀਤਕ ਦੁਨੀਆ ਵਿਚ ਵਿਆਪਕ ਰੂਪ ਵਿਚ ਦਿਖਾਈ ਦੇਂਦੇ ਹਨ। ਰਾਜਨੀਤਕ ਦਾ ਈਮਾਨ ਧਰਮ ਬਸ ਉਸ ਦੀ ਕੁਰਸੀ ਹੋਇਆ ਕਰਦਾ ਹੈ। ਉਹ ਆਪਣੀ ਕੁਰਸੀ ਲਈ ਸਦਾਚਾਰ, ਨਿਆਇ ਤੇ ਤਮਾਮ ਦੈਵੀ ਗੁਣਾਂ ਨੂੰ ਬਲੀ 'ਤੇ ਚਾੜ੍ਹ ਸਕਦਾ ਹੈ।

ਸੱਚ ਤਾਂ ਇਹ ਹੈ, ਜੋ ਆਪਣੀ ਆਤਮਾ ਤੋਂ ਦੂਰ ਹੈ, ਉਹੋ ਸਭ ਤੋਂ ਦੂਰ ਹੈ। ਅਕਾਲ ਪੁਰਖ ਦੀ ਦੂਰੀ, ਦੂਰੀਆਂ ਨੂੰ ਜਨਮ ਦੇਂਦੀ ਹੈ ਤੇ ਅਕਾਲ ਪੁਰਖ ਦੀ ਨੇੜਤਾ ਸੰਸਾਰ ਵਿਚ ਨੇੜਤਾ ਨੂੰ ਜਨਮ ਦੇਂਦੀ ਹੈ। ਪਰਮਾਤਮਾ ਨਾਲ ਜੁੜੇ ਹੋਏ ਲਈ ਕੋਈ ਓਪਰਾ ਨਹੀਂ, ਸਭ ਆਪਣੇ ਹਨ।

**ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥** *(ਅਕਾਲ ਉਸਤਤ)*

ਪ੍ਰਭੂ-ਪਿਆਰੇ ਦੀ ਤਰਫ਼ੋਂ ਕੋਈ ਦੂਰ ਨਹੀਂ ਹਨ। ਭਗਤ ਆਪਣੀ ਆਤਮਾ ਦੇ ਨੇੜੇ ਜੀਂਵਦਾ ਹੈ ਤੇ ਆਤਮਾ ਵਿਆਪਕ ਹੈ।

ਸੋ ਭਗਤ ਸਭ ਦੇ ਨੇੜੇ ਜੀਂਵਦਾ ਹੈ। ਦੂਜੇ ਦਾ ਦੁਖ ਉਸ ਨੂੰ ਆਪਣਾ ਦੁਖ ਪ੍ਰਤੀਤ ਹੁੰਦਾ ਹੈ। ਦੂਜੇ ਦੀਆਂ ਖ਼ੁਸ਼ੀਆਂ ਵਿਚ ਹੀ ਖ਼ੁਸ਼ ਹੈ। ਗੁਰਮੁਖ ਦੀ ਇਹੀ ਕੋਸ਼ਿਸ਼ ਰਹੀ ਹੈ ਕਿ ਕਿਵੇਂ ਇਨ੍ਹਾਂ ਦੂਰੀਆਂ ਨੂੰ ਮਿਟਾਇਆ ਜਾਵੇ। ਰਾਜਨੀਤਕ ਦੀ ਸਾਰੀ ਸ਼ਕਤੀ ਦੂਰੀਆਂ ਨੂੰ ਜਨਮ ਦੇਣ 'ਤੇ ਖ਼ਰਚ ਹੁੰਦੀ ਹੈ।

ਨਿਰੰਕਾਰ ਦੀ ਨੇੜਤਾ, ਸੰਸਾਰ ਦੀ ਨੇੜਤਾ ਪੈਦਾ ਕਰਦੀ ਹੈ। ਪਰਮਾਤਮਾ ਦੀ ਨਜ਼ਦੀਕੀ ਪਦਾਰਥ ਦੇ ਵੀ ਨਜ਼ਦੀਕ ਕਰ ਦੇਂਦੀ ਹੈ ਤੇ ਪਦਾਰਥ ਵੀ ਪਰਮਾਤਮਾ ਦਾ ਹੀ ਰੂਪ ਦਿਖਾਈ ਦੇਂਦਾ ਹੈ, ਜਿਨ੍ਹਾਂ ਨੇ ਇਹ ਆਖਿਆ ਕਿ ਪਰਮਾਤਮਾ ਬਹੁਤ ਦੂਰ ਹੈ:

**ਗਾਵੈ ਕੋ ਜਾਪੈ ਦਿਸੈ ਦੂਰਿ॥** *(ਜਪੁਜੀ)*

ਉਹ ਤਾਂ ਇਹੀ ਦੱਸ ਰਹੇ ਹਨ ਕਿ ਖ਼ੁਦ ਪਰਮਾਤਮਾ ਤੋਂ ਬਹੁਤੇ ਦੂਰ ਹਨ ਤੇ ਜੋ ਉਸ ਨੂੰ ਹਾਜ਼ਰ-ਨਾਜ਼ਰ ਤੇ ਨੇੜੇ ਵੇਖ ਰਿਹਾ ਹੈ, ਉਹ ਤਾਂ ਆਖਦਾ ਹੈ:

**ਗਾਵੈ ਕੋ ਵੇਖੈ ਹਾਦਰਾ ਹਦੂਰਿ ॥** *(ਜਪੁਜੀ)*

ਮਨ ਨੂੰ ਨਿਹਚਲ ਕਰੀਏ ਤਾਂ ਨਿਹਚਲ ਹਰ ਪਾਸਿਓਂ ਵਿਖਾਈ ਦੇਣ ਲੱਗ ਪੈਂਦਾ ਹੈ:

**ਹੈ ਹਜੂਰਿ ਕਤ ਦੂਰਿ ਬਤਾਵਹੁ ॥**
**ਦੁੰਦਰ ਬਾਧਹੁ ਸੁੰਦਰ ਪਾਵਹੁ ॥** *(ਕਬੀਰ ਜੀਉ, ਘਰੁ ੧, ਪੰਨਾ 1160)*

ਪਦਾਰਥ ਦੇ ਮੋਹ ਵਿਚ ਫਸਿਆ ਤੇ ਕੁਰਸੀ ਸੱਤਾ ਦੀ ਚਾਹਤ ਵਿਚ ਲਿਪਟਿਆ ਪਰਮਾਤਮਾ ਨੂੰ ਦੂਰ ਵੇਖਦਾ ਹੈ:

**ਮੋਹਿ ਮੋਹਿਆ ਜਾਨੈ ਦੂਰਿ ਹੈ ॥**
**ਕਹੁ ਨਾਨਕ ਸਦਾ ਹਦੂਰਿ ਹੈ ॥** *(ਰਾਗੁ ਗਉੜੀ ਚੇਤੀ ਮਹਲਾ ੫, ਪੰਨਾ 210)*

ਹਰ ਵਕਤ ਪ੍ਰਭੂ-ਲੀਨਤਾ ਦਾ ਅਨੰਦ ਮਾਨਣ ਵਾਲੇ ਤਾਂ ਵਿਸਮਾਦ ਵਿਚ ਲੀਨ ਹੋ ਜਾਂਦੇ ਹਨ, ਜੋ ਉਹ ਪ੍ਰਭੂ ਤੋਂ ਦੂਰੀ ਯਾ ਨੇੜਤਾ ਵੇਖਦੇ ਹਨ:

**ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥**
**ਵਿਸਮਾਦੁ ਦੇਖੈ ਹਾਜਰਾ ਹਜੂਰਿ ॥** *(ਆਸਾ ਦੀ ਵਾਰ, ਪੰਨਾ 464)*

ਦੂਰੀਆਂ ਘ੍ਰਿਣਾ ਨੂੰ ਜਨਮ ਦੇਂਦੀਆਂ ਹਨ ਤੇ ਘ੍ਰਿਣਾ ਹਿੰਸਾ 'ਤੇ ਉਤਾਰੂ ਕਰ ਦੇਂਦੀ ਹੈ।

ਜਿਸ ਨਾਲ ਘ੍ਰਿਣਾ ਹੈ, ਉਸ ਨੂੰ ਮਿਟਾਣ ਨੂੰ ਜੀ ਕਰਦਾ ਹੈ। ਉਸ ਦਾ ਸਭ ਕੁਛ ਖੋਹ ਲੈਣ ਨੂੰ ਜੀ ਕਰਦਾ ਹੈ, ਪਰ ਜਿਸ ਨਾਲ ਨੇੜਤਾ ਹੈ, ਮਿੱਤਰਤਾ ਹੈ, ਉਸ ਨੂੰ ਤਾਂ ਕੁਛ ਦੇਣ ਨੂੰ ਜੀ ਕਰਦਾ ਹੈ। ਮਨੁੱਖੀ ਤਲ ਨੇ ਈਸ਼ਵਰੀ ਦੂਰੀ ਨੂੰ ਮਨੁੱਖਾਂ ਦੀ ਮਨੁੱਖਾਂ ਪ੍ਰਤੀ ਘ੍ਰਿਣਾ ਨੂੰ ਵਧਾਇਆ ਹੈ। ਇਸ ਵਾਸਤੇ ਛੀਨਾ-ਝਪਟੀ ਬਹੁਤ ਜ਼ਿਆਦਾ ਹੈ ਤੇ ਮਨੁੱਖ, ਮਨੁੱਖ ਤੋਂ ਸਹਿਮਿਆ ਹੋਇਆ ਹੈ। ਭਾਵੇਂ ਵਿਗਿਆਨ ਨੇ ਬਾਹਰੋਂ ਨੇੜਤਾ ਲਿਆਂਦੀ ਹੈ ਤੇ ਧਰਮ ਨੇ ਅੰਤ੍ਰੀਵ ਨੇੜਤਾ ਦਾ ਸਬਕ ਦਿੱਤਾ ਹੈ ਤੇ ਇਸ ਨੇੜਤਾ ਨੂੰ ਧਰਮੀਆਂ ਨੇ ਜੀਵਨ ਵਿਚ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਹੈ, ਲੇਕਿਨ ਰਾਜਨੀਤਕ ਨੇ ਇਸ ਸਾਰੀ ਮਿਹਨਤ 'ਤੇ ਪਾਣੀ ਫੇਰ ਦਿੱਤਾ ਹੈ ਤੇ ਪ੍ਰਿਥਵੀ ਜੋ ਨਰਕ ਦਾ ਰੂਪ ਬਣੀ ਹੋਈ ਹੈ, ਉਹ ਨਰਕ ਵਾਸੀ ਰਾਜਨੀਤਕ ਲੋਕਾਂ ਦੀ ਦੇਣ ਹੈ। ਜਿਸ ਦਿਨ ਸਾਰੇ ਮਨੁੱਖ ਆਪਣੀ ਆਤਮਾ ਦੇ ਨੇੜੇ ਜੀਵਣਗੇ, ਸੰਸਾਰ ਵਿਚ ਦੂਰੀਆਂ ਮਿੱਟ ਜਾਣਗੀਆਂ ਤੇ ਰਾਜਨੀਤੀ ਤੇ ਰਾਜਨੀਤਕ ਵੀ ਵਿਦਾ ਹੋ ਜਾਏਗਾ।

•

# ਪੰਜ ਤੱਤ

ਮਨੁੱਖੀ ਤਨ ਪੰਜ ਤੱਤਾਂ ਦਾ ਪੁਤਲਾ ਹੈ। ਸਮੂਹ ਬ੍ਰਹਿਮੰਡ ਕਰਤੇ ਪੁਰਖ ਨੇ ਪੰਜ ਤੱਤਾਂ ਦਾ ਸਾਜਿਆ ਹੈ:

**ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ,**
**ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥**

*(ਸੂਹੀ ਮਹਲਾ 4, ਪੰਨਾ 736)*

ਕਰਤੇ ਪੁਰਖ ਦੀ ਸਾਰੀ ਬਨਾਵਟ ਪੰਜ ਤੱਤਾਂ ਤੋਂ ਹੈ। ਕਾਇਆ ਅੰਦਰ ਪੰਜ ਤੱਤਾਂ ਦਾ ਸੰਤੁਲਨ ਇਕ ਅਜੂਬਾ ਹੈ, ਕਿਉਂਕਿ ਸੁਭਾ ਕਰਕੇ ਪੰਜੇ ਤੱਤ ਵਿਰੋਧੀ ਸੁਭਾਵ ਵਾਲੇ ਹਨ, ਲੇਕਿਨ ਫਿਰ ਵੀ ਇਕ ਦੂਜੇ ਦੇ ਸਹਾਇਕ ਹਨ। ਵਿਰੋਧੀ ਸੁਭਾਵ ਵੀ ਸਹਿਯੋਗ ਦੇਂਦਾ ਹੈ, ਇਕ ਦੂਜੇ ਦਾ ਵਿਰੋਧ ਨਹੀਂ ਕਰਦਾ। ਜੇ ਕਿਧਰੇ ਏਹੀ ਰਹਿਣੀ ਮਨੁੱਖ ਨੂੰ ਆ ਜਾਵੇ, ਤਾਂ ਅਕਾਲ ਪੁਰਖ ਦੀ ਨੇੜਤਾ ਨਸੀਬ ਹੋ ਜਾਂਦੀ ਹੈ:

**ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥**
**ਐਸੀ ਰਹਤ ਰਹਉ ਹਰਿ ਪਾਸਾ॥** *(ਗਉੜੀ ਕਬੀਰ ਜੀ, ਪੰਨਾ 327)*

ਮਨੁੱਖ ਬਹੁਤ ਛੋਟੀਆਂ ਛੋਟੀਆਂ ਘਟਨਾਵਾਂ 'ਤੇ ਸੰਬੰਧ ਤੋੜ ਬੈਠਦਾ ਹੈ, ਪਰ ਵਿਰੋਧੀ ਸੁਭਾਵ ਹੁੰਦੇ ਹੋਇਆਂ ਵੀ ਇਹ ਤੱਤ ਆਪਸ ਵਿਚ ਸਹਿਯੋਗੀ ਹਨ ਤੇ ਵਿਰੋਧਤਾ ਨਹੀਂ ਕਰਦੇ। ਪਾਣੀ ਤੇ ਅੱਗ ਦਾ ਮੇਲ ਇਕ ਕ੍ਰਿਸ਼ਮਾ ਹੈ, ਮਿੱਟੀ ਤੇ ਅੱਗ, ਆਕਾਸ਼ ਤੇ ਹਵਾ ਦਾ ਸੰਗਮ ਪ੍ਰੇਰਣਾਦਾਇਕ ਹੈ। ਵਿਰੋਧੀ ਸੁਭਾਵ ਕਿਵੇਂ ਸਹਿਯੋਗੀ ਹੋ ਸਕਦੇ ਹਨ। ਇਹ ਤਾਂ ਇਨ੍ਹਾਂ ਤੱਤਾਂ ਤੋਂ ਸਿੱਖਣਾ ਹੈ। ਮਨੁੱਖ ਨੇ ਮਨੁੱਖ ਦੇ ਹੀ ਵਿਚਕਾਰ ਵਿਤਕਰਿਆਂ ਦੇ ਪਹਾੜ ਖੜੇ ਕੀਤੇ ਹਨ। ਕਿਧਰੇ ਭਾਸ਼ਾ ਦਾ ਮੇਲ ਨਹੀਂ, ਰੰਗ-ਨਸਲ ਦੀ ਭਿੰਨਤਾ ਨੇ ਪਾੜੇ ਪਾਏ ਹਨ। ਮੁਲਕ, ਪ੍ਰਾਂਤ ਤੇ ਮਜ਼ਹਬ ਦੀ ਭਿੰਨਤਾ ਵੀ ਆਪਸ ਵਿਚ ਨੇੜੇ ਨਹੀਂ ਹੋਣ ਦੇਂਦੀ।

ਅਗਰ ਇਨ੍ਹਾਂ ਤੱਤਾਂ ਦਾ ਸੁਭਾਵ ਧਾਰਨ ਕਰਨਾ ਮਨੁੱਖ ਨੂੰ ਆ ਗਿਆ ਤਾਂ ਅਕਾਲ ਪੁਰਖ ਦਾ ਮਿਲਣ ਹੋ, ਜੀਵਨ ਧੰਨ ਧੰਨ ਹੋ ਜਾਂਦਾ ਹੈ।

ਪ੍ਰਥਮ ਜੋ ਧਰਤੀ ਦਾ ਤੱਤ ਸਾਡੇ ਵਿਚ ਹੈ, ਇਸ ਦੀ ਵਿਚਾਰ ਕਰੀਏ : ਧਰਤੀ ਪੈਰਾਂ ਹੇਠ ਹੈ। ਇਸ ਤੋਂ ਇਹ ਪ੍ਰੇਰਣਾ ਮਿਲਦੀ ਹੈ, ਤੂੰ ਸਿਰ ਚੜ੍ਹ ਨਾ ਬੈਠ, ਬਲਕਿ ਚਰਨਾਂ ਦੀ ਖ਼ਾਕ ਬਣ। ਜੋ ਭਾਰੂ ਹੁੰਦਾ ਹੈ, ਜੋ ਕਿਸੇ ਲਈ ਬੋਝ ਬਣ ਕੇ ਜੀਂਵਦਾ ਹੈ, ਉਸ ਨੂੰ ਮੁਹਾਵਰੇ ਦੀ ਬੋਲੀ ਵਿਚ ਆਖਦੇ ਹਨ—ਬੜਾ ਸਿਰ ਚੜ੍ਹ ਗਿਆ ਹੈ। ਜੋ ਸਿਰ 'ਤੇ ਚੜ੍ਹ ਕੇ ਬੈਠਾ ਹੈ, ਉਹ ਚਿਰ ਤਕ ਬੈਠ ਨਹੀਂ ਸਕੇਗਾ, ਕਿਉਂਕਿ ਸਿਰ 'ਤੇ ਬੋਝ ਬਹੁਤ ਦੇਰ ਤਕ ਸਹਾਰਿਆ ਨਹੀਂ ਜਾ ਸਕਦਾ। ਸਿਰ 'ਤੇ ਬੋਝ ਦਾ ਵਧਣਾ ਸਿਰ ਨੂੰ ਹਿਲਾ ਦੇਂਦਾ ਹੈ। ਸਿਰ ਦਾ ਹਿੱਲਣਾ ਬੋਝ ਚੁੱਕਣ ਤੋਂ ਇਨਕਾਰੀ ਹੋਣਾ ਹੈ ਔਰ ਸਿਰ ਦੇ ਹਿੱਲਦਿਆਂ ਸਿਰ ਚੜ੍ਹਿਆ ਥੱਲੇ ਆ ਡਿੱਗਦਾ ਹੈ।

ਜਦ ਕੋਈ ਮਿੱਤਰ ਕਿਸੇ ਮਿੱਤਰ ਦੇ ਸਿਰ 'ਤੇ ਬੈਠ, ਬੋਝ ਬਣਦਾ ਹੈ ਤਾਂ ਮਿੱਤਰਤਾ ਮਾਨੋ ਦੁਸ਼ਮਣੀ ਵੱਲ ਜਾ ਰਹੀ ਹੈ। ਜਦ ਭਰਾ, ਭਰਾ ਦੇ ਸਿਰ ਦਾ ਬੋਝ ਬਣੇ, ਮਾਂ-ਬਾਪ, ਪੁੱਤਰ ਦੇ ਤੇ ਪੁੱਤਰ ਮਾਂ-ਬਾਪ ਦੇ ਸਿਰ ਚੜ੍ਹ ਜੀਵੇ, ਕੋਈ ਪਤੀ ਪਤਨੀ ਲਈ ਬੋਝ ਹੋਵੇ ਯਾ ਪਤਨੀ ਪਤੀ 'ਤੇ ਬੋਝ ਬਣ ਕੇ ਜੀਵੇ ਤਾਂ ਸੰਬੰਧ ਟੁੱਟਦੇ ਦੇਰ ਨਹੀਂ ਲੱਗਦੀ।

ਜਦ ਕੋਈ ਹੁਕਮਰਾਨ ਰਾਜਾ ਪਰਜਾ ਦੇ ਸਿਰ 'ਤੇ ਬੋਝ ਬਣਦਾ ਹੈ, ਪੱਥਰ ਬਣ ਜੀਂਵਦਾ ਹੈ ਤਾਂ ਅਕਸਰ ਪਰਜਾ ਸਿਰ ਹਿਲਾ, ਰਾਜੇ ਨੂੰ ਡੇਗ ਦੇਂਦੀ ਹੈ। ਕਿਸੇ ਸਿਰ ਬੋਝ ਬਣ ਜੀਵਣਾ, ਇਹ ਦੂਜੇ ਲਈ ਨਾਰਕੀ ਜੀਵਨ ਬਣਾਣਾ ਹੈ।

ਇਕ ਈਰਾਨੀ ਸੂਫ਼ੀ ਫ਼ਕੀਰ ਸ਼ੇਖ਼ ਸਾਅਦੀ ਦਾ ਕਹਿਣਾ ਹੈ ਕਿ ਰਸਤੇ ਵਿਚ ਇੰਜ ਚੱਲ ਕਿ ਤੇਰੇ ਚੱਲਣ ਨਾਲ ਕਿਸੇ ਦਾ ਰਸਤਾ ਨਾ ਰੁਕੇ। ਤੂੰ ਆਪਣੀ ਹੋਂਦ ਪ੍ਰਗਟਾਣ ਦਾ ਯਤਨ ਨਾ ਕਰੀਂ। ਅਗਰ ਤੂੰ ਇਸ ਤਰ੍ਹਾਂ ਚੱਲੇਂਗਾ ਤਾਂ ਦੂਜਾ ਸਲਾਮ ਕਰਨ 'ਤੇ ਮਜਬੂਰ ਹੋਵੇਗਾ ਤੇ ਕਿਸੇ ਨੂੰ ਸਲਾਮ ਕਰਨ 'ਤੇ ਮਜਬੂਰ ਕਰਨਾ ਹਿੰਸਾ ਹੈ। ਰਸਤਾ ਘੇਰ ਕੇ ਚੱਲਣਾ, ਇਹ ਤਾਂ ਦੂਜੇ ਦਾ ਰਸਤਾ ਰੋਕਣਾ ਹੈ। ਪਤਾ ਨਹੀਂ ਮਨੁੱਖੀ ਜਗਤ ਵਿਚ ਕਿਤਨਿਆਂ ਨੇ ਰਸਤਾ ਘੇਰਿਆ ਹੈ। ਉਹਨਾਂ ਬਹੁਤੀ ਮਨੁੱਖਤਾ ਦਾ ਰਸਤਾ ਰੋਕਿਆ ਹੈ। ਬਹੁਤੇ ਲੋਕ ਮੰਜ਼ਿਲ ਤਕ ਨਹੀਂ ਪੁੱਜ ਸਕੇ ਤਾਂ ਇਹ ਉਨ੍ਹਾਂ ਲੋਕਾਂ ਦਾ ਕਸੂਰ ਹੈ, ਜੋ ਰਸਤਾ ਘੇਰ ਕੇ ਚੱਲਦੇ ਹਨ, ਰੋਕ ਕੇ ਚੱਲਦੇ ਹਨ ਤੇ ਆਪਣੀ ਹੋਂਦ ਦਾ ਵੱਡੇ ਪੱਧਰ 'ਤੇ ਪ੍ਰਗਟਾਵਾ ਕਰਦੇ ਹਨ।

ਇਕ ਫ਼ਕੀਰ ਦਾ ਕਹਿਣਾ ਹੈ ਕਿ ਖ਼ਲਕਤ ਵਿਚ ਐਸੇ ਰਹਿ ਕਿ ਤੇਰੇ ਰਹਿਣ ਨਾਲ ਕਿਆਮਤ ਨਾ ਹੋਵੇ, ਕਿਆਮਤ ਪਰਮਾਤਮਾ ਬਰਪਾ ਨਹੀਂ ਕਰਦਾ। ਦਰਅਸਲ ਕਈ ਮਨੁੱਖ ਹੀ ਮਨੁੱਖਾਂ ਲਈ ਕਿਆਮਤ ਹਨ। ਉਹ ਜਿਥੇ ਬੈਠਣ, ਉਸ ਮਹਿਫ਼ਲ ਵਿਚ ਜ਼ਰੂਰ ਚਿੰਗਾਰੀਆਂ ਹੀ ਸੁੱਟਣਗੇ। ਜਿਸ ਦਰੱਖ਼ਤ ਥੱਲੇ ਬੈਠਣਗੇ, ਉਸੇ ਦੀਆਂ ਜੜ੍ਹਾਂ ਵੱਢਣਗੇ। ਚਿੰਗਾਰੀਆਂ ਸੁੱਟਣੀਆਂ ਹੀ

ਜੀਵਨ ਦਾ ਮਕਸਦ ਹੁੰਦਾ ਹੈ। ਸ਼ੇਖ਼ ਸਾਅਦੀ ਅੱਗੇ ਚੱਲ ਕੇ ਆਖਦੇ ਹਨ ਕਿ ਅਗਰ ਮਸਜਿਦ ਵਿਚ ਜਾਣ ਦਾ ਸ਼ੌਕ ਹੋਵੇ ਤਾਂ ਅੱਗੇ ਅੱਗੇ ਹੋ ਕੇ ਨਿਮਾਜ਼ ਨਾ ਪੜ੍ਹੀਂ, ਮਤਾਂ ਤੈਨੂੰ ਕੋਈ ਇਮਾਮ ਬਣਾ ਦੇਵੇ। ਧਰਮ ਮੰਦਿਰ ਵਿਚ ਜਾ ਕੇ ਆਗੂ ਬਣਨ ਦੀ ਚਾਹਤ ਨਾ ਰੱਖੀਂ, ਨਹੀਂ ਤਾਂ ਸੁਰਤ ਪ੍ਰਭੂ ਮਾਰਗ ਤੋਂ ਪੱਛੜ ਕੇ ਰਹਿ ਜਾਏਗੀ।

ਅਕਸਰ ਧਰਮ ਮੰਦਿਰਾਂ ਦੇ ਆਗੂ ਧਾਰਮਿਕ ਦੁਨੀਆ ਦੇ ਪੱਛੜੇ ਹੋਏ ਮਨੁੱਖ ਹੁੰਦੇ ਹਨ। ਮਨੁੱਖਾਂ ਵੱਲੋਂ ਸਨਮਾਨ ਮਿਲੇ, ਕੀਤੀ ਸੇਵਾ ਕਰਕੇ ਜੱਸ ਮਿਲੇ, ਇਹ ਤਾਂ ਕੁਦਰਤੀ ਹੈ, ਪਰ ਅੰਦਰ ਇਹ ਚਾਹਤ ਰੱਖਣੀ ਕਿ ਮੈਂ ਤਾਂ ਸਾਰੇ ਮਨੁੱਖਾਂ ਵਿਚ ਪ੍ਰਧਾਨ ਹੋ ਕੇ ਰਹਿਣਾ ਹੈ, ਐਸਾ ਪਰਮਾਤਮਾ ਦੀ ਦ੍ਰਿਸ਼ਟੀ ਵਿਚ ਨਖਿਧ ਤੇ ਪੱਛੜ ਜਾਂਦਾ ਹੈ। ਜੋ ਹਰ ਵਕਤ ਆਪਣੀ ਹੋਂਦ ਪ੍ਰਗਟਾਵਣ ਦੇ ਯਤਨ ਵਿਚ ਰਹਿੰਦਾ ਹੈ, ਉਸ ਦੇ ਅੰਦਰੋਂ ਪਰਮਾਤਮਾ ਦਾ ਪ੍ਰਗਟਾਅ ਨਹੀਂ ਹੁੰਦਾ। ਜੋ ਪਰਮਾਤਮਾ (ਖ਼ੁਦਾ) ਦੀ ਹੋਂਦ ਤੋਂ ਵਾਂਝਾ ਰਹਿ ਜਾਂਦਾ ਹੈ, ਉਹ ਇਨਸਾਨ ਨਹੀਂ, ਸ਼ੈਤਾਨ ਹੁੰਦਾ ਹੈ:

*ਅਜ਼ ਰਾਹਿ ਚੁਨਾਰ ਕਿ ਸਲਾਮਤ ਨ ਕੁਨਦ।*
*ਬ ਖ਼ਲਕ ਚੁਨਾਂ ਜ਼ੀ ਕਿ ਕਿਆਮਤ ਨ ਕੁਨਦ।*
*ਦਰ ਮਸਜਿਦ ਗਰ ਰਵੀ ਕਿ ਕੁਨਾਂ ਜ਼ੌਕਿ ਤੁਰਾ,*
*ਦਰ ਪੇਸ਼ ਨ ਖ਼ੁਵਾਹਦ ਓ ਇਮਾਮਤ ਨ ਕੁਨਦ।* *(ਸ਼ੇਖ਼ ਸਾਅਦੀ)*

ਗੁਰੂ ਨਾਨਕ ਦੇਵ ਜੀ ਜਦ ਵਿਚਰਨ ਕਰਦੇ ਕਰਦੇ ਮੁਲਤਾਨ ਪੁੱਜੇ ਤਾਂ ਸ਼ਹਿਰ ਤੋਂ ਬਾਹਰ ਇਕ ਬਗ਼ੀਚੀ ਵਿਚ ਜਾ ਬੈਠੇ। ਮੁਲਤਾਨ ਪੀਰਾਂ ਫ਼ਕੀਰਾਂ ਦਾ ਸ਼ਹਿਰ ਸੀ। ਕਹਾਵਤ ਸੀ ਕਿ ਗਰਮੀ, ਗਰਦ, ਕਬਰਾਂ ਤੇ ਫ਼ਕੀਰਾਂ ਦਾ ਗੜ੍ਹ ਹੈ—ਮੁਲਤਾਨ।

*ਗਰਦ ਗਰਮਾ ਗਦਾ ਓ ਗੋਰਸਤਾਨ।*
*ਚਹਾਰ ਚੀਜ਼ ਤੋਹਫ਼ਾਇ ਮੁਲਤਾਨ।*

ਸ਼ਹਿਰ ਦੇ ਸਾਰੇ ਫ਼ਕੀਰਾਂ ਵਿਚ ਹਲਚਲ ਮਚ ਗਈ। ਸੱਚ ਦੀਆਂ ਕਿਰਨਾਂ ਦੇ ਫੁੱਟਣ ਨਾਲ ਝੂਠ ਦਾ ਅੰਧਕਾਰ ਸਹਿਮ ਗਿਆ। ਇਕ ਗਾਥਾ ਜੋ ਮੈਂ 'ਗ਼ੁਲਸਤਾਂ' ਵਿਚ ਪੜ੍ਹੀ ਸੀ, ਉਹ ਇਸ ਦ੍ਰਿਸ਼ ਦਾ ਚਿਤ੍ਰਨ ਬਹੁਤ ਸੁੰਦਰ ਕਰਦੀ ਹੈ।

ਅੰਧਕਾਰ ਨੇ ਖ਼ੁਦਾ ਦੇ ਦਰਬਾਰ ਫ਼ਰਿਆਦ ਕੀਤੀ ਕਿ ਐ ਖ਼ੁਦਾ! ਇਹ ਆਫ਼ਤਾਬ (ਸੂਰਜ) ਮੇਰੇ ਪਿੱਛੇ ਹੱਥ ਧੋ ਕੇ ਪਿਆ ਹੈ। ਮੈਨੂੰ ਕਿਧਰੇ ਟਿਕਣ ਹੀ ਨਹੀਂ ਦੇਂਦਾ ਤੇ ਮੇਰਾ ਵੱਡਾ ਵੈਰੀ ਹੈ। ਤਾਂ ਖ਼ੁਦਾ ਨੇ ਆਫ਼ਤਾਬ ਨੂੰ ਤਲਬ ਕੀਤਾ ਤੇ ਆਖਿਆ ਕਿ ਤੂੰ ਅੰਧਕਾਰ ਦੇ ਪਿੱਛੇ ਕਿਉਂ ਪਿਆ ਹੈਂ ? ਤਾਂ ਸੂਰਜ ਨੇ ਬੇਨਤੀ ਕੀਤੀ—ਐ ਖ਼ੁਦਾ! ਮੈਂ ਅੱਜ ਤਕ ਕਿਧਰੇ ਅੰਧਕਾਰ ਵੇਖਿਆ ਹੀ

ਨਹੀਂ। ਜਿਸ ਨੂੰ ਵੇਖਿਆ ਹੀ ਨਹੀਂ, ਉਸ ਦਾ ਮੈਂ ਵੈਰੀ ਕਿਸ ਤਰ੍ਹਾਂ ਹੋ ਸਕਦਾ ਹਾਂ ?

ਸੋ ਮੁਲਤਾਨ ਦਾ ਅੰਧਕਾਰ ਡਰਨ ਲੱਗ ਪਿਆ, ਸਾਰੇ ਫ਼ਕੀਰਾਂ ਨੇ ਮਤਾ ਪਕਾਇਆ ਕਿ ਗੁਰੂ ਨਾਨਕ ਦੇਵ ਜੀ ਨੂੰ ਕਹਿ ਦੇਈਏ ਕਿ ਤੁਹਾਡੀ ਮੁਲਤਾਨ ਵਿਚ ਲੋੜ ਨਹੀਂ ਹੈ। ਇਥੇ ਪਹਿਲੇ ਹੀ ਬਹੁਤ ਫ਼ਕੀਰ ਹਨ।

ਹੈਰਾਨਗੀ ਹੈ, ਇਹ ਕੈਸੇ ਫ਼ਕੀਰ ਸਨ, ਜੋ ਇਕ ਫ਼ਕੀਰ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ। ਇਕ ਮੁਲਕ ਦੇ ਦੋ ਰਾਜੇ ਨਹੀਂ ਹੋ ਸਕਦੇ। ਇਕ ਤਖ਼ਤ 'ਤੇ ਵੀਹ ਫ਼ਕੀਰ ਬੈਠ ਸਕਦੇ ਹਨ; ਪਰ ਲੱਗਦਾ ਹੈ ਕਿ ਇਹ ਫ਼ਕੀਰ ਨਹੀਂ, ਰਾਜਨੀਤਕ ਸਨ। ਸੋ ਮੂੰਹ ਨਾਲ ਆਖਦੇ ਤਾਂ ਸ਼ਰਮ ਆਈ ਕਿ ਗੁਰੂ ਨਾਨਕ ਦੇਵ ਜੀ, ਤੁਸੀਂ ਵਾਪਸ ਜਾਓ। ਲੇਕਿਨ ਇਕ ਫ਼ਕੀਰ ਨੇ ਲਬਾਲਬ ਭਰਿਆ ਦੁੱਧ ਦਾ ਕਟੋਰਾ ਦੇ ਕੇ, ਇਸ਼ਾਰਿਆਂ ਨਾਲ ਕਹਿਣ ਦਾ ਯਤਨ ਕੀਤਾ। ਗੁਰੂ ਨਾਨਕ ਦੇਵ ਜੀ ਨੇ ਬਗ਼ੀਚੀ ਵਿੱਚੋਂ ਚੰਬੇਲੀ ਦਾ ਫੁੱਲ ਤੋੜ, ਕਟੋਰੇ ਉਪਰ ਰੱਖ ਦਿੱਤਾ। ਚੰਬੇਲੀ ਫੁੱਲ ਦਾ ਕੋਈ ਵਜ਼ਨ ਨਹੀਂ ਤੇ ਆਕਾਰ ਵੀ ਛੋਟਾ ਹੈ, ਪਰ ਮਹਿਕ ਬੜੀ ਹੈ। ਛੋਟਾ ਆਕਾਰ ਤੇ ਨਿਰ-ਬੋਝ ਹੋਣ ਕਰਕੇ ਇਹ ਫੁੱਲ ਦੁੱਧ ਭਰੇ ਕਟੋਰੇ ਵਿਚ ਰੱਖ ਦਿੱਤਾ ਤੇ ਫ਼ਕੀਰ ਵਾਪਸ ਹੋ ਗਿਆ।

ਗੁਰਦੇਵ ਨੇ ਇਸ਼ਾਰਿਆਂ ਰਾਹੀਂ ਕਹਿਲਾ ਭੇਜਿਆ ਕਿ ਅਸੀਂ ਬੋਝ ਬਣ ਕੇ ਮੁਲਤਾਨ ਵਿਚ ਨਹੀਂ ਰਹਾਂਗੇ। ਅਸੀਂ ਫੁੱਲ ਬਣ ਕੇ ਤੁਹਾਡੇ ਕੋਲ ਠਹਿਰਾਂਗੇ ਤੇ ਮਹਿਕ ਵੀ ਦੇਵਾਂਗੇ। ਤੁਹਾਡੀ ਪੂਜਾ-ਪ੍ਰਤਿਸ਼ਟਾ ਦਾ ਦੁੱਧ ਡੁੱਲ੍ਹੇਗਾ ਨਹੀਂ। ਅਸੀਂ ਆਪਣੀ ਥਾਂ ਆਪ ਬਣਾਵਾਂਗੇ, ਤੁਹਾਡੀ ਥਾਂ ਖੋਹਵਾਂਗੇ ਨਹੀਂ।

ਦਰਅਸਲ ਫੁੱਲ ਨੂੰ ਸਿਰ 'ਤੇ ਰੱਖਿਆ ਜਾ ਸਕਦਾ ਹੈ। ਫੁੱਲ ਸਿਰ ਚੜ੍ਹੇ ਤਾਂ ਉਹ ਸਿਰ ਦਾ ਬੋਝ ਨਹੀਂ, ਬਲਕਿ ਸਿਰ ਨੂੰ ਤਾਜ਼ਗੀ ਦੇਂਦਾ ਹੈ, ਮਹਿਕ ਵੰਡਦਾ ਹੈ, ਪਰ ਜਦ ਕੋਈ ਵਜ਼ਨੀ ਪੱਥਰ ਬਣ ਸਿਰ ਚੜ੍ਹਦਾ ਹੈ, ਸਿਰ ਹਿਲਾ ਇਸ ਨੂੰ ਗਿਰਾਣਾ ਹੀ ਪੈਂਦਾ ਹੈ ਤੇ ਧਰਤੀ ਤੱਤ ਤੋਂ ਏਹੀ ਪ੍ਰੇਰਨਾ ਲੈਣੀ ਹੈ ਕਿ ਪੈਰਾਂ ਹੇਠ ਹੋ ਜੀਵਣਾ ਹੈ, ਸਿਰ ਚੜ੍ਹ ਨਹੀਂ ਜੀਵਣਾ।

## ਤੇਜ ਅਗਨੀ

ਧਰਤੀ ਤੇ ਪਾਣੀ ਦੇ ਸੁਭਾਵ ਤੋਂ ਬਿਲਕੁਲ ਵਿਪਰੀਤ ਸੁਭਾਵ ਅਗਨੀ ਦਾ ਹੈ, ਅਗਨੀ ਜੀਵਨ ਹੈ। ਮਰੇ ਹੋਏ ਦੀ ਇਹੀ ਪਹਿਚਾਣ ਹੈ ਕਿ ਉਸ ਵਿਚ ਗਰਮੀ ਨਹੀਂ ਹੁੰਦੀ, ਹੱਥ ਪੈਰ ਠੰਢੇ ਪੈ ਜਾਂਦੇ ਹਨ। ਅਗਨੀ ਤੱਤ ਦਾ ਸਹੀ ਉਪਯੋਗ ਹੈ ਕਿ ਆਪਣੇ ਅੰਦਰ ਬੀਰ-ਰਸ ਰੱਖਣਾ, ਅਣਖ ਤੇ ਖ਼ੁਦਦਾਰੀ ਦਾ ਮਾਦਾ ਚਾਹੀਦਾ ਹੈ। ਜਿਵੇਂ ਅਗਨੀ ਦਾ ਗ਼ਲਤ ਇਸਤੇਮਾਲ ਕਰ, ਕਿਸੇ ਦੇ

ਘਰ ਨੂੰ ਸਾੜਿਆ ਜਾ ਸਕਦਾ ਹੈ ਤੇ ਸਰੀਰ ਦੀ ਅਗਨੀ ਨੂੰ ਕਰੋਧ ਦੀ ਸ਼ਕਲ ਦੇ, ਖ਼ੁਦ ਤੇ ਦੂਜੇ ਨੂੰ ਸਾੜਿਆ ਜਾ ਸਕਦਾ ਹੈ। ਕਿਧਰੇ ਪੈਰਾਂ ਹੇਠ ਰਹਿਣਾ ਬੁਜ਼ਦਿਲੀ ਨਾ ਸਮਝਿਆ ਜਾਏ। ਜਣਾ-ਖਣਾ ਪੱਗ ਲਾਹੁਣ 'ਤੇ ਭਾਰੂ ਨਾ ਹੋ ਜਾਵੇ, ਆਪਣੇ ਅੰਦਰ ਅਗਨ ਤੱਤ ਦਾ ਸਹੀ ਉਪਰਾਲਾ ਕਰ, ਅਣਖ ਤੇ ਬੀਰ-ਰਸ ਪੈਦਾ ਕਰ, ਆਪਣੀ ਤੇ ਦੂਜਿਆਂ ਦੀ ਸੁਰੱਖਿਆ ਕਰਨੀ ਹੈ।

## ਪਾਣੀ

ਅਗਨੀ ਤੋਂ ਬਿਲਕੁਲ ਹੀ ਅੱਡਰਾ ਸੁਭਾਵ ਹੈ, ਪਾਣੀ ਦਾ। ਜਿਵੇਂ ਸੰਗੀਤ ਦੀ ਧੁਨ ਵਿਪਰੀਤ ਸੁਰਾਂ 'ਤੇ ਖੜੀ ਹੈ। ਤਸਵੀਰ ਦੀ ਸੁੰਦਰਤਾ ਵਿਪਰੀਤ ਰੰਗਾਂ 'ਤੇ ਖੜੀ ਹੈ। ਤਿਵੇਂ ਵਿਪਰੀਤ ਤੱਤਾਂ ਦੇ ਅੱਡਰੇ ਸੁਭਾਵ 'ਤੇ ਜੀਵਨ ਖੜਾ ਹੈ ਤੇ ਇਨ੍ਹਾਂ ਤੱਤਾਂ ਦੇ ਉਸਾਰੂ ਗੁਣਾਂ ਨੂੰ ਧਾਰਨ ਕਰ, ਜੀਵਨ ਮਹਾਨ ਤੇ ਸਫਲ ਹੋ ਜਾਂਦਾ ਹੈ। ਪਾਣੀ ਤੋਂ ਪਵਿੱਤਰਤਾ ਲੈਣੀ ਹੈ। ਪਾਣੀ, ਬਨਸਪਤੀ ਤੇ ਜੀਵਾਂ ਦਾ ਜੀਵਨ ਹੈ:

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥**

*(ਆਸਾ ਦੀ ਵਾਰ, ਪੰਨਾ 472)*

ਪਵਿੱਤਰਤਾ ਤੇ ਜੀਵਾਂ ਨੂੰ ਹਰਿਆਲੀ ਵੰਡਣੀ, ਸੁਖ ਦੇਣਾ, ਇਹ ਪਾਣੀ ਤੱਤ ਤੋਂ ਪ੍ਰੇਰਨਾ ਲੈਣੀ ਹੈ। ਆਕਾਸ਼ ਤੋਂ ਵਿਆਪਕ ਦ੍ਰਿਸ਼ਟੀ ਲੈਣੀ ਹੈ। ਸਭ ਨੂੰ ਸਾਮਾਨ ਸਮਝਣਾ ਤੇ ਸਾਰਿਆਂ ਨਾਲ ਅਪਣੱਤ ਰੱਖਣੀ ਇਹ ਆਕਾਸ਼ ਤੋਂ ਸਿੱਖਿਆ ਲੈਣੀ ਹੈ।

ਸ਼ਬਦ ਆਕਾਸ਼ ਨਾਲ ਟਕਰਾਅ ਕੇ ਵਾਪਸ ਆਂਵਦਾ ਹੈ। ਜੋ ਕੁਛ ਸਾਨੂੰ ਮਿਲੇ, ਉਹ ਜਗਤ ਨੂੰ ਲੌਟਾਈਏ ਤੇ ਸਾਰਿਆਂ ਦੇ ਸਿਰਤਾਜ ਬਣੀਏ।

## ਹਵਾ (ਪਵਨ)

ਪਵਨ ਤੋਂ ਰਵਾਨੀ ਲੈਣੀ ਹੈ। ਵਗਦੇ ਰਹਿਣਾ ਪਵਨ ਦਾ ਸੁਭਾਵ ਹੈ। ਗਤੀਮਾਨ ਰਹਿਣਾ ਹੀ ਜੀਵਨ ਦਾ ਲਕਸ਼ ਹੋਵੇ। ਆਲਸ ਨਿੰਦ੍ਰਾ ਇਕ ਪਾਸੇ ਰੱਖ, ਉੱਦਮੀ ਹੋਣਾ, ਫੁਰਤੀਲਾ-ਪਨ ਹਰ ਵਕਤ ਰੱਖਣਾ, ਇਹ ਪਵਨ ਤੱਤ ਤੋਂ ਸਿੱਖਣਾ ਹੈ।

ਸੋ ਇਨ੍ਹਾਂ ਪੰਜਾਂ ਤੱਤਾਂ ਦਾ ਜੋ ਸਤੋਗੁਣੀ ਸੁਭਾਵ ਧਾਰਨ ਕਰ ਲੈਂਦਾ ਹੈ, ਉਹ ਅਕਾਲ ਪੁਰਖ ਦੀ ਨੇੜਤਾ ਦਾ ਅਨੰਦ ਮਾਣਦਾ ਹੈ:

**ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥**
**ਐਸੀ ਰਹਤ ਰਹਉ ਹਰਿ ਪਾਸਾ॥** *(ਗਉੜੀ ਕਬੀਰ ਜੀ, ਪੰਨਾ 327)*

ਪੰਜਾਂ ਤੱਤਾਂ ਦੀ ਤਾਮੀਰੀ ਰੁਚੀਆਂ ਜੋ ਧਾਰਨ ਕਰ ਲੈਂਦਾ ਹੈ, ਉਹ ਪਰਮਾਤਮਾ ਦੇ ਸੁਭਾਵ ਨੂੰ ਜਾਣ, ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਧਰਤੀ ਤੋਂ ਨਿਰਮਾਣਤਾ, ਪਾਣੀ ਤੋਂ ਪਵਿੱਤਰਤਾ, ਅਗਨੀ ਤੋਂ ਜਲਾਲ, ਬੀਰ-ਰਸ, ਅਣਖ ਤੇ ਪਵਨ ਤੋਂ ਫੁਰਤੀਲਾ-ਪਨ ਔਰ ਆਕਾਸ਼ ਤੋਂ ਵਿਆਪਕ ਦ੍ਰਿਸ਼ਟੀ ਲੈਣੀ ਹੈ ਤਾਂ ਈਸ਼ਵਰੀ ਸੁਭਾਵ ਪ੍ਰਾਪਤ ਕਰ, ਈਸ਼ਵਰ ਸਰੂਪ ਬਣੀਦਾ ਹੈ।

•

# ਵਿਸਮਾਦ (ਰਹੱਸ)

ਇਕ ਐਸੀ ਅਵਸਥਾ ਜੋ ਝੰਜੋੜ ਕੇ ਰੱਖ ਦੇਵੇ, ਜਿਸ ਨੂੰ ਅੱਖ ਪੂਰਾ ਵੇਖ ਨਾ ਸਕੇ, ਜਿਸ ਨੂੰ ਪੂਰਨ ਤੌਰ 'ਤੇ ਰਸਨਾ ਕਥਨ ਨਾ ਕਰ ਸਕੇ, ਜੋ ਛੂਹਣ ਦੇ ਬਾਵਜੂਦ ਅਣ-ਛੂਹਾ ਰਹਿ ਜਾਏ, ਅਣ-ਸੁਣਾ ਰਹਿ ਜਾਏ, ਜਿਸ ਨੂੰ ਬੁੱਧ ਬਹੁਤਾ ਸੋਚੇ, ਫਿਰ ਵੀ ਸੋਚ ਤੋਂ ਪਰੇ ਹੋਵੇ, ਉਸ ਸਮੇਂ ਜੋ ਅੰਤ੍ਰਿਕ ਅਵਸਥਾ ਬਣਦੀ ਹੈ, ਉਹੋ ਵਿਸਮਾਦ ਹੈਰਾਨਕੁੰਨ ਕਹਿਲਾਂਦੀ ਹੈ। ਬੱਚਾ ਅਹੰਕਾਰ ਰਹਿਤ ਹੁੰਦਾ ਹੈ। ਸੋ ਬੱਚਾ ਬਹੁਤਾ ਵਿਸਮਾਦ ਵਿਚ ਜੀਂਵਦਾ ਹੈ। ਉਹ ਤਿਤਲੀਆਂ ਨੂੰ ਵੇਖ, ਪੰਛੀਆਂ ਤੇ ਬਨਸਪਤੀ ਨੂੰ ਵੇਖ, ਵਿਸਮਾਦ ਹੋ ਜਾਂਦਾ ਹੈ। ਜੈਸੇ ਜੈਸੇ ਉਮਰ ਦੇ ਤਕਾਜ਼ੇ ਨਾਲ ਅਹੰਕਾਰ ਵਧਦਾ ਹੈ, ਵਿਸਮਾਦ ਖ਼ਤਮ ਹੁੰਦਾ ਹੈ। ਬੁਢੇਪੇ ਤਕ ਪੁੱਜਦਿਆਂ ਰੰਚਕ-ਮਾਤਰ ਵੀ ਵਿਸਮਾਦ ਬਚਦਾ ਨਹੀਂ। ਇਹ ਸਦੀ ਬੜੀ ਅਹੰਕਾਰੀ ਸਦੀ ਹੈ। ਇਸ ਵਾਸਤੇ ਇਸ ਸਦੀ ਦੇ ਮਨੁੱਖ ਅੰਦਰ ਵਿਸਮਾਦ ਸੁਪਨਾ ਹੀ ਹੋ ਗਿਆ ਹੈ।

ਹੁਣ ਤਾਂ ਵਿਸਮਾਦ ਬੱਚਿਆਂ ਦੀ ਦੁਨੀਆ ਵਿਚ ਵੇਖਣ ਨੂੰ ਮਿਲਦਾ ਹੈ। ਪਰ ਬੱਚੇ ਦਾ ਵਿਸਮਾਦ ਅਬੋਧ ਅਵਸਥਾ 'ਤੇ ਖੜਾ ਹੈ। ਉਸ ਵਿਚ ਅਧਿਆਤਮਕ ਅਨੰਦ ਨਹੀਂ ਹੈ। ਕਵੀ ਜਿਸ ਵੇਲੇ ਜਜ਼ਬਿਆਂ (ਭਾਵਨਾਤਮਕ) ਦੀ ਹਾਲਤ ਵਿਚ ਹੁੰਦਾ ਹੈ, ਉਸ ਵਕਤ ਉਸ ਦੇ ਅੰਦਰ ਵਿਸਮਾਦ ਹੁੰਦਾ ਹੈ ਯਾ ਫਿਰ ਸੰਤ ਜੋ ਅੱਠੇ ਪਹਿਰ ਭਾਵਨਾ ਦੇ ਤਲ 'ਤੇ ਜੀਂਵਦਾ ਹੈ, ਵਿਸਮਾਦ ਦਾ ਅਨੰਦ ਮਾਣਦਾ ਹੈ। ਸੰਤ ਦਾ ਵਿਸਮਾਦ ਗਿਆਨ-ਮਈ ਹੁੰਦਾ ਹੈ। ਥੋੜਾ ਬਹੁਤ ਰਹੱਸ ਵਿਸਮਾਦ ਪੇਂਡੂ ਜੀਵਨ ਵਿਚ ਵੇਖਣ ਨੂੰ ਮਿਲਦਾ ਹੈ। ਸ਼ਹਿਰੀ ਜ਼ਿੰਦਗੀ ਵਿਚ ਤਾਂ ਵਿਸਮਾਦ ਖ਼ਤਮ ਹੀ ਹੋ ਗਿਆ ਹੈ। ਜੋ ਬੌਧਿਕ ਤਲ ਤੋਂ ਥੱਲੇ ਜੀਂਵਦੇ ਹਨ, ਉਨ੍ਹਾਂ ਦੀ ਜ਼ਿੰਦਗੀ ਵਿਚ ਵਿਸਮਾਦ ਨਹੀਂ ਹੁੰਦਾ। ਜੈਸੇ ਕਿ ਪਸ਼ੂ-ਜਗਤ ਵਿਸਮਾਦ ਤੇ ਅਨੰਦ ਤੋਂ ਵਾਂਝਾ ਹੈ। ਮਨੁੱਖੀ ਬੁੱਧ 'ਤੇ ਅਹੰਕਾਰ ਉਪਰ ਹੋ ਜਾਵੇ, ਬੁੱਧ ਥੱਲੇ ਰਹਿ ਜਾਏ ਤਾਂ ਮਨੁੱਖੀ ਜਗਤ ਵਿਚ ਵੀ ਵਿਸਮਾਦ ਨਹੀਂ ਹੁੰਦਾ। ਵਿਸਮਾਦ ਅਨੰਦ-ਹੀਨ ਮਨੁੱਖ ਪਸ਼ੂ-ਸਮਾਨ ਹੈ। ਅਜੋਕਾ ਸਾਰਾ ਗਿਆਨ ਅਸਲ ਵਿਚ ਵਿਗਿਆਨ ਹੈ, ਪਦਾਰਥਾਂ ਦਾ ਗਿਆਨ ਵਿਗਿਆਨ ਕਹਿਲਾਂਦਾ ਹੈ। ਵਿਗਿਆਨੀ ਬੁੱਧ ਕਹਿੰਦੀ ਹੈ ਕਿ ਮੈਂ ਸਭ ਕੁਛ ਵੇਖ ਲਿਆ ਹੈ ਯਾ ਸਭ ਕੁਛ ਵੇਖ ਕੇ ਹੀ ਰਵ੍ਹਾਂਗਾ। ਐਸੀ ਹਾਲਤ ਵਿਚ ਵਿਸਮਾਦ ਦਾ

ਪੈਦਾ ਹੋਣਾ ਕਠਿਨ ਹੈ। ਵਿਗਿਆਨ ਦੇ ਨਿਯਮ ਨਿੱਤ ਬਦਲਦੇ ਦਿਖਾਈ ਦੇਂਦੇ ਹਨ ਤੇ ਬਦਲਾਹਟ ਉਥੇ ਹੀ ਹੁੰਦੀ ਹੈ, ਜਿਥੇ ਭੁੱਲਾਂ ਹੋਵਣ। ਵਿਗਿਆਨ ਨੇ ਦੁਨਿਆਵੀ ਸੁਖ ਦੇ ਕੇ ਇਕ ਪਰਮ-ਰਸ ਅਨੰਦ ਜੋ ਵਿਸਮਾਦ ਸੀ, ਖੋਹ ਲਿਆ ਹੈ। ਚੰਦ ਸਦੀਆਂ ਪਹਿਲੇ ਗਿਆਨ ਪ੍ਰਧਾਨ ਸੀ ਤਾਂ ਮਨੁੱਖ ਬਹੁਤਾ ਵਿਸਮਾਦ ਵਿਚ ਜੀ ਰਿਹਾ ਸੀ। ਅੱਜ ਵਿਗਿਆਨ ਪ੍ਰਧਾਨ ਹੈ ਤੇ ਮਨੁੱਖ ਵਿਸਮਾਦ-ਹੀਨ ਹੋ ਗਿਆ ਹੈ।

ਪ੍ਰਾਚੀਨ ਸਦੀਆਂ ਵਿਚ ਧਰਮ ਦੇ ਮਹਾਨ ਗ੍ਰੰਥ ਲਿਖੇ ਗਏ, ਜਿਨ੍ਹਾਂ ਦੇ ਅਨੁਵਾਦ ਅਜੇ ਤਕ ਹੋ ਰਹੇ ਹਨ। ਇਸ ਸਦੀ ਨੇ ਜੋ ਵੀ ਕਿਤਾਬਾਂ ਲਿਖੀਆਂ ਹਨ, ਸਭ ਵਿਗਿਆਨ ਹੈ। ਚੰਗੀ ਤੋਂ ਚੰਗੀ ਕਿਤਾਬ ਵਿਗਿਆਨ ਸੰਬੰਧੀ ਮਿਲ ਜਾਂਦੀ ਹੈ, ਲੇਕਿਨ ਇਸ ਸਦੀ ਨੇ ਕਿਸੇ ਮਹਾਨ ਧਰਮ ਗ੍ਰੰਥ ਦੀ ਸਿਰਜਨਾ ਨਹੀਂ ਕੀਤੀ। ਇਸ ਸਦੀ ਦਾ ਅਹੰਕਾਰ ਚਰਮ ਸੀਮਾ 'ਤੇ ਹੈ। ਬੌਧਿਕ ਤਲ ਤੋਂ ਉੱਚਾ ਹੋਣ ਦਾ ਜੀਵਨ ਮਿਲੇ ਤਾਂ ਚਾਰੇ ਪਾਸਿਓਂ ਵਿਸਮਾਦ ਦੀ ਵਰਖਾ ਸ਼ੁਰੂ ਹੋ ਜਾਂਦੀ ਹੈ। ਬੁੱਧੀ ਤੋਂ ਥੱਲੇ ਜੀਵਣਾ ਯਾ ਬੌਧਿਕ ਤਲ 'ਤੇ ਜੀਵਣਾ ਵਿਸਮਾਦ ਨੂੰ ਜਨਮ ਨਹੀਂ ਦੇਂਦਾ। ਸੋਚਦਿਆਂ ਸੋਚਦਿਆਂ ਜਦ ਚੇਤਨਾ ਸੋਚ ਤੋਂ ਉੱਚੀ ਉਠ ਜਾਏ ਤਾਂ ਨਿਰ-ਅਹੰਕਾਰ ਹੋ, ਵਿਸਮਾਦ ਦਾ ਪੂਰਾ ਅਨੰਦ ਮਾਨਿਆ ਜਾ ਸਕਦਾ ਹੈ। ਤਦ ਛੋਟੇ-ਛੋਟੇ ਦ੍ਰਿਸ਼ ਵੀ ਵਿਸਮਾਦੀ ਬਣਾ ਦੇਂਦੇ ਹਨ।

ਬੌਧਿਕ ਤਲ ਤੋਂ ਥੱਲੇ ਯਾ ਬੌਧਿਕ ਤਲ 'ਤੇ ਜੀਵਨ ਵਾਲਿਆਂ ਲਈ ਤਾਂ ਵੱਡੇ ਵੱਡੇ ਕਾਰਨਾਮੇ ਵੀ ਵਿਸਮਾਦ-ਹੀਨ ਹੁੰਦੇ ਹਨ।

ਚਾਰੇ ਪਾਸਿਓਂ ਕੰਨਾਂ ਵਿਚ ਜੋ ਆਵਾਜ਼ਾਂ ਪੈ ਰਹੀਆਂ ਹਨ, ਪੰਛੀਆਂ ਦੇ ਗੀਤ, ਪਵਨ ਦੀ ਸ਼ਾਂ-ਸ਼ਾਂ ਦਾ ਸੰਗੀਤ, ਪਸ਼ੂਆਂ ਦਾ ਬੋਲਣ, ਬੱਦਲਾਂ ਦਾ ਗਰਜਣ, ਮਨੁੱਖਾਂ ਦੀ ਤਰ੍ਹਾਂ ਤਰ੍ਹਾਂ ਦੀ ਆਵਾਜ਼ ਤੇ ਵੱਖ ਵੱਖ ਭਾਸ਼ਾ, ਅਧਿਆਤਮੀ ਦੇ ਅੰਦਰ ਵਿਸਮਾਦ ਦਾ ਹਿਲੋਰਾ ਪੈਦਾ ਕਰਦੀ ਹੈ। ਹਰ ਰੇਤ ਦਾ ਜ਼ੱਰਾ ਤੇ ਸੂਰਜ ਦੀ ਕਿਰਨ ਜੋ ਆਪਣੇ ਅੰਦਰ ਗੁਪਤ ਗਿਆਨ ਛੁਪਾਈ ਬੈਠੀ ਹੈ ਔਰ ਬੁੱਧ ਵਿੱਚੋਂ ਜੋ ਨਿਕਲਿਆ ਗਿਆਨ ਹੈ, ਬੁੱਧੀ ਤੋਂ ਉੱਚਾ ਜੀਵਨ ਵਾਲਾ ਵਿਸਮਾਦ ਵਿਚ ਲੀਨ ਹੋ ਜਾਂਦਾ ਹੈ। ਐਸੇ ਗਿਆਨ ਦੀਆਂ ਉੱਚੀਆਂ ਉਡਾਰੀਆਂ ਨੂੰ ਵੇਖ ਸੁਆਮੀ ਰਾਮਕ੍ਰਿਸ਼ਨ ਇਕ ਨਾਸਤਕ ਦੀਆਂ ਦਲੀਲਾਂ ਜੋ ਨਾਸਤਿਕਤਾ 'ਤੇ ਆਧਾਰਿਤ ਸਨ, ਸੁਣ ਕੇ ਵਿਸਮਾਦ ਹੋ ਗਏ ਤੇ ਕਹਿਣ ਲੱਗੇ ਕਿ ਅੱਜ ਮੇਰੇ ਅੰਦਰ ਪੂਰਨ ਆਸਤਿਕਤਾ ਪੈਦਾ ਹੋ ਗਈ ਹੈ ਕਿਉਂਕਿ ਐਸੀਆਂ ਸੁੰਦਰ ਦਲੀਲਾਂ ਤਕ ਪਹੁੰਚ, ਪ੍ਰਭੂ ਦੇ ਦਿੱਤੇ ਤੇਜ ਤੋਂ ਬਿਨਾਂ ਨਹੀਂ ਹੋ ਸਕਦੀ। ਇਹ ਸੱਚੇ ਧਾਰਮਿਕ ਦੀ ਨਿਸ਼ਾਨੀ ਹੈ।

ਬੁੱਧ-ਹੀਨ ਯਾ ਬੌਧਿਕ ਤਲ 'ਤੇ ਜੀਵਨ ਵਾਲਾ ਤਾਂ ਆਸਤਿਕ ਦੀਆਂ ਪਰਮ ਦਲੀਲਾਂ ਨੂੰ ਵੀ ਆਜ਼ਾਦ ਸਮਝ ਨਜ਼ਰ-ਅੰਦਾਜ਼ ਕਰ ਦੇਂਦਾ ਹੈ। ਜੀਵਾਂ

ਦੇ ਆਪਸੀ ਭੇਦ ਰੰਗ ਰੂਪ ਨਸਲ ਕਰਕੇ ਔਰ ਸੁਭਾਵ ਵਿਚ ਵਖੇਵਾਂ ਅਜੀਬ ਹੈਰਾਨਕੁੰਨ ਹਾਲਤ ਪੈਦਾ ਕਰ ਦੇਂਦਾ ਹੈ।

ਜਗਤ ਦਾ ਜੀਵਨ ਜੋ ਬਨਸਪਤੀ ਵਿਚ ਹੈ, ਜੀਵ ਜੋ ਕੀੜੇ ਮਕੌੜਿਆਂ ਵਿਚ ਹੈ ਤੇ ਇਹ ਜੀਵ ਜੋ ਵਿਆਪਕ ਰੂਪ ਵਿਚ ਸੂਖਮ ਤੇ ਅਸਥੂਲ ਆਕਾਰਾਂ ਅੰਦਰ ਹੈ, ਇਹ ਵੀ ਕਰਤਾ ਪੁਰਖ ਦਾ ਵੱਡਾ ਵਿਡਾਣ ਹੈ। ਜੀਵਾਂ ਦੀ ਨਗਨਤਾ ਵੀ ਵਿਸਮਾਦੀ ਬਣਾ ਦੇਂਦੀ ਹੈ।

ਜੀਵਾਂ ਨੂੰ ਆਪਣੀ ਨਗਨਤਾ ਦਾ ਬੋਧ ਨਹੀਂ ਹੈ। ਬੋਧ ਤੋਂ ਉੱਚਾ ਉਠਿਆ ਮਨੁੱਖ ਵਿਸਮਾਦ ਹੋ ਜਾਂਦਾ ਹੈ। ਪਵਨ ਪਾਣੀ ਤੇ ਅਗਨੀ ਦੇ ਤਰ੍ਹਾਂ ਤਰ੍ਹਾਂ ਦੇ ਕੌਤਕ ਤੇ ਧਰਤੀ 'ਤੇ ਵੱਸਦੇ ਜੀਵਾਂ ਦਾ ਤਰ੍ਹਾਂ-ਤਰ੍ਹਾਂ ਦੇ ਸਵਾਦਾਂ ਵਿਚ ਲੀਨ ਹੋਣਾ ਤੇ ਮਨੁੱਖੀ ਜਗਤ ਵਿਚ ਸਾਧਨਾ ਵਿਚ ਲੀਨ ਹੋਣਾ ਵੀ ਵਿਸਮਾਦੀ ਬਣਾ ਦੇਂਦਾ ਹੈ। ਵੱਖ ਵੱਖ ਖਾਣੀਆਂ ਤੋਂ ਜੀਵਾਂ ਦਾ ਪੈਦਾ ਹੋਣਾ; ਅੰਡਜ ਜੇਰਜ ਸੇਤਜ ਤੇ ਉਤਭੁਜ, ਇਹ ਖਾਣੀਆਂ ਵੀ ਇਕ ਅਸਚਰਜ ਕੌਤਕ ਹੈ। ਜ਼ਮੀਨ ਦੇ ਤਲ 'ਤੇ ਦੂਰੀਆਂ ਤੇ ਜ਼ਮੀਨ ਤੇ ਆਸਮਾਨ ਦੀਆਂ ਦੂਰੀਆਂ, ਇਕ ਗ੍ਰਹਿ ਤੇ ਦੂਜੇ ਗ੍ਰਹਿ ਦੀ ਦੂਰੀ, ਜੀਵਾਂ ਦੇ ਹਿਰਦੇ ਤਲ ਦੀ ਦੂਰੀ ਵੀ ਅਸਚਰਜ ਲੀਲ੍ਹਾ ਹੈ।

ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਮੈਂ ਤਾਂ ਕਰਤੇ ਦਾ ਇਹ ਵਿਡਾਣ ਵੇਖ ਵਿਸਮਾਦ ਹੋ ਗਿਆ ਹਾਂ:

**ਵੇਖਿ ਵਿਡਾਣੁ ਰਹਿਆ ਵਿਸਮਾਦੁ ॥**
**ਨਾਨਕ ਬੁਝਣੁ ਪੂਰੈ ਭਾਗਿ ॥** *(ਸਲੋਕ ਮ: ੧, ਪੰਨਾ 464)*

ਪੂਰੀ ਸਾਧਨਾ ਤੇ ਪ੍ਰਭੂ ਦੀ ਪੂਰੀ ਬਖ਼ਸ਼ਿਸ਼ ਬੌਧਿਕ ਤਨ ਤੋਂ ਉੱਚਾ ਕਰ, ਵਿਸਮਾਦੀ ਬਣਾ ਦੇਂਦੀ ਹੈ ਤੇ ਹਰ ਪਾਸਿਓਂ ਵਿਸਮਾਦ ਹੀ ਵਿਸਮਾਦ ਛਾਇਆ ਹੈ, ਐਸਾ ਪ੍ਰਤੀਤ ਹੁੰਦਾ ਹੈ:

**ਵਿਸਮਾਦੁ ਨਾਦ ਵਿਸਮਾਦੁ ਵੇਦ ॥**
**ਵਿਸਮਾਦੁ ਜੀਅ ਵਿਸਮਾਦੁ ਭੇਦ ॥**
**ਵਿਸਮਾਦੁ ਰੂਪ ਵਿਸਮਾਦੁ ਰੰਗ ॥**
**ਵਿਸਮਾਦੁ ਨਾਗੇ ਫਿਰਹਿ ਜੰਤ ॥** *(ਸਲੋਕ ਮ: ੧, ਪੰਨਾ 463)*

ਜਿਉਂ ਗੂੰਗਾ ਮਠਿਆਈ ਖਾ ਕੇ ਦੱਸਣ ਦੀ ਸਮਰੱਥਾ ਨਹੀਂ ਰੱਖਦਾ, ਤਿਵੇਂ ਉਸ ਲਈ ਵਿਸਮਾਦ ਬਿਆਨ ਕਰਨਾ ਕਠਿਨ ਹੈ:

**ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥**
**ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥**
*(ਕਾਨੜਾ ਮਹਲਾ ੫, ਘਰੁ 8, ਪੰਨਾ 1302)*

•

# ਕਲਾ

ਅਕਾਲ ਪੁਰਖ ਇਕ ਬਹੁਤ ਵੱਡਾ ਕਲਾਕਾਰ ਹੈ, ਉਸ ਦੀ ਕਲਾ ਹਰ ਪਾਸਿਓਂ ਬਿਖਰੀ ਪਈ ਹੈ। ਇਕ ਨਿੱਕਾ ਜਿਹਾ ਬੀਜ ਧਰਤੀ ਦੀ ਗੋਦ ਪੈ, ਅੰਕੁਰਿਤ ਹੋ, ਜਦ ਇਕ ਬੂਟਾ ਬਣਦਾ ਹੈ ਤੇ ਫੁੱਲ ਤੋਂ ਫਲਾਂ ਨਾਲ ਲੱਦ ਜਾਂਦਾ ਹੈ। ਬੀਜ ਨੂੰ ਇਸ ਰੂਪ ਤਕ ਲੈ ਜਾਣਾ ਕਿ ਵੇਖ, ਮਨ ਹੈਰਾਨ ਹੋ ਜਾਵੇ, ਇਹ ਕੁਦਰਤ ਦੀ ਇਕ ਕਲਾ ਹੈ, ਜੋ ਚਾਰਿਓਂ ਪਾਸਿਓਂ ਬਨਸਪਤੀ ਵਿਚ ਵੇਖਣ ਨੂੰ ਮਿਲਦੀ ਹੈ। ਸਾਗਰ ਵਿਚ ਭਾਫ਼ ਦਾ ਉੱਡ ਕੇ ਬੱਦਲ ਬਣਨਾ ਤੇ ਬੱਦਲਾਂ ਦਾ ਗਰਜਣਾ ਤੇ ਫਿਰ ਬਰਸਣਾ ਕਾਦਰ ਦੀ ਇਕ ਅਦੁੱਤੀ ਕਲਾ ਹੈ। ਪਸ਼ੂਆਂ ਦੀ ਸ਼ਕਲ ਤੇ ਪੰਛੀਆਂ ਦੇ ਪੰਖਾਂ ਦੇ ਰੰਗ, ਜਲ-ਜੰਤੂਆਂ ਦੀ ਬਨਾਵਟ, ਇਕ ਅਦੁੱਤੀ ਕਲਾ ਦਾ ਨਮੂਨਾ ਹੈ। ਵਗਦੇ ਹੋਏ ਝਰਨੇ ਤੇ ਉਨ੍ਹਾਂ ਦੀ ਝਰਨਾਹਟ ਕਲਾ ਦਾ ਬਹੁਤ ਸੁੰਦਰ ਪ੍ਰਦਰਸ਼ਨ ਕਰਦੇ ਹਨ। ਸੰਗੀਤ ਪਵਨ ਦੀ ਸ਼ਾਂ-ਸ਼ਾਂ, ਬੱਦਲਾਂ ਦੀ ਗਰਜਣ ਤੇ ਪੰਛੀਆਂ ਦੀ ਚਹਿਚਹਾਹਟ ਵਿੱਚੋਂ ਅੱਠੇ ਪਹਿਰ ਚੱਲ ਰਿਹਾ ਹੈ।

ਜਿਥੇ ਤਕ ਵੇਖੀਏ ਤੇ ਸੁਣੀਏ, ਕਲਾ ਹੀ ਕਲਾ ਬਿਖਰੀ ਪਈ ਹੈ ਤੇ ਇਸ ਕਲਾ ਨੂੰ ਵੇਖ, ਕਲਾਕਾਰ ਨੂੰ ਦਾਦ ਦਿੱਤੇ ਬਿਨਾਂ ਰਹਿਣਾ ਔਖਾ ਹੈ। ਥੋੜਾ ਜਿਹਾ ਵੀ ਸੂਝ ਬੂਝ ਰੱਖਣ ਵਾਲਾ ਇਸ ਪਸਰੀ ਕਲਾ ਨੂੰ ਵੇਖ, ਸੁਣ, ਵਾਹ ਵਾਹ ਕਰ ਉਠਦਾ ਹੈ। ਈਸ਼ਵਰ ਇਕ ਮਹਾਨ ਕਲਾਕਾਰ ਹੈ ਤੇ ਹਰ ਕਲਾ ਵਿਚ ਨਿਪੁੰਨ ਹੈ:

**...ਤੂ ਸਰਬ ਕਲਾ ਕਾ ਗਿਆਤਾ॥** *(ਸੋਰਠਿ ਮਹਲਾ ੫, ਪੰਨਾ 613)*

ਬਿਨਾਂ ਥੰਮ੍ਹੀਆਂ ਤੋਂ ਗ੍ਰਹਿ-ਨਛੱਤਰ, ਆਸਮਾਨ ਖੜਾ ਕਰਨਾ ਉਸ ਦੀ ਕਲਾ ਦੀ ਇਕ ਖ਼ਾਸ ਬਣਤਰ ਹੈ:

**ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ॥**
**ਜੇਨ ਕਲਾ ਸਸਿ ਸੂਰ ਨਖੵਤ੍ਰ ਜੋਤ੍ਹਿੰ ਸਾਸੰ ਸਰੀਰ ਧਾਰਣੰ॥**
**ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ॥**
**ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ॥**

*(ਸਲੋਕ ਸਹਸਕ੍ਰਿਤੀ ਮਹਲਾ ੫, ਪੰਨੇ 1358-59)*

ਇਕ ਸੁਨਾਰ, ਸੁਨਾਰ ਦੇ ਬਹੁਤ ਨੇੜੇ ਹੈ। ਇਕ ਲੋਹਾਰ, ਲੋਹਾਰ ਦੇ ਤੇ

ਇਕ ਕੁਮਹਾਰ, ਕੁਮਹਾਰ ਦੇ ਬਹੁਤ ਨੇੜੇ ਹੈ। ਇਕ ਦੂਜੇ ਦੀ ਕ੍ਰਿਤ, ਬਣਤਰ ਨੂੰ ਸਮਝਦੇ ਹਨ ਤੇ ਅੰਦਾਜ਼ਾ ਲਾ ਲੈਂਦੇ ਹਨ ਕਿ ਇਹ ਕਿਤਨਾ ਅੱਛਾ ਲੋਹਾਰ ਯਾ ਕੁਮਹਾਰ ਹੈ। ਪਰਮਾਤਮਾ ਨੂੰ ਸਮਝਣ ਲਈ ਇਕ ਕਲਾਕਾਰ ਦਾ ਹਿਰਦਾ ਚਾਹੀਦਾ ਹੈ। ਕਲਾਕਾਰ ਪਰਮਾਤਮਾ ਦੇ ਬਹੁਤ ਨੇੜੇ ਹੈ।

ਹਰ ਵਸਤੂ ਆਪਣੇ ਦੋ ਪਹਿਲੂ ਰੱਖਦੀ ਹੈ। ਜਿਵੇਂ ਸਿੱਕੇ ਦੇ ਦੋ ਪਹਿਲੂ ਯਾ ਤਸਵੀਰ ਦੇ ਦੋ ਰੁਖ਼ ਹਨ। ਕਲਾ ਸੰਸਾਰੀ ਵੀ ਬਣਾ ਦੇਂਦੀ ਹੈ, ਕਲਾ ਨਿਰੰਕਾਰੀ ਕਰਤਾਰੀ ਵੀ ਬਣਾ ਦੇਂਦੀ ਹੈ। ਇਹ ਕਲਾਕਾਰ ਦੀ ਸੂਝ-ਬੂਝ ਤੇ ਸਾਧਨਾ ’ਤੇ ਨਿਰਭਰ ਹੈ। ਥੋੜੀ ਜਿਹੀ ਕਾਂਜੀ ਜਿਵੇਂ ਦੁੱਧ ਫਿਟਾ ਕੇ ਰੱਖ ਦੇਂਦੀ ਹੈ। ਥੋੜੀ ਜਿਹੀ ਜ਼ਹਿਰ ਹੀ ਜੀਵਨ ਦਾ ਘਾਤ ਕਰ ਦੇਂਦੀ ਹੈ।

ਕਲਾ ਦਾ ਸਹੀ ਪ੍ਰਯੋਗ ਤਾਂ ਇਹ ਹੈ ਕਿ ਸੰਖੀਏ ਨੂੰ ਕੁਸ਼ਤਾ ਬਣਾਇਆ ਜਾਵੇ, ਪਰ ਗ਼ਲਤ ਇਸਤੇਮਾਲ ਇਹ ਹੈ, ਜਿਵੇਂ ਮਿੱਠੇ ਗੁੜ ਨੂੰ ਕੌੜੀ ਸ਼ਰਾਬ ਵਿਚ ਬਦਲ ਦਿੱਤਾ ਜਾਵੇ।

ਕਲਾ ਕਾਮ ਨਾਲ ਜੋੜ ਅਤਿ ਕਾਮੀ ਬਣਾ ਦੇਂਦੀ ਹੈ ਤੇ ਕਲਾ ਰਾਮ ਨਾਲ ਜੋੜ ਬ੍ਰਹਮ ਗਿਆਨੀ ਬਣਾ ਦੇਂਦੀ ਹੈ।

ਅਕਸਰ ਚੋਟੀ ਦੇ ਕਲਾਕਾਰ ਚਰਿੱਤਰ-ਹੀਣ ਵੇਖੇ ਗਏ ਹਨ—ਸੰਗੀਤਕਾਰ, ਕਵੀ, ਦਾਰਸ਼ਨਿਕ, ਮੂਰਤੀਕਾਲ, ਚਿੱਤਰਕਾਰ ਕੋਈ ਆਪਣੇ ਚਰਿੱਤਰ ਦਾ ਮਿਆਰ ਉੱਚਾ ਨਹੀਂ ਕਰ ਸਕੇ।

ਡਾ. ਮੁਹੰਮਦ ਇਕਬਾਲ ਦਾ ਇਕ ਕੀਮਤੀ ਸ਼ੇਅਰ ਹੈ:

*ਹਿੰਦ ਕੇ ਸ਼ਾਇਰ ਸੂਰਤ ਗਰ ਵ ਅਫ਼ਸਾਨਾ ਨਵੀਸ,*
*ਹੈ ਬੇਚਾਰੇ ਕੇ ਆਜ਼ਾਂ ਪਰ ਔਰਤ ਸਵਾਰ।*

ਬਹੁਤ ਬੁਲੰਦੀ ਤੋਂ ਗਿਰ ਕੇ ਚੋਟ ਬਹੁਤ ਗਹਿਰੀ ਲੱਗਦੀ ਹੈ। ਕਲਾਕਾਰ ਤਾਂ ਜੀਵਨ ਦੀ ਟੀਸੀ ’ਤੇ ਹੁੰਦਾ ਹੈ। ਜਦ ਗਿਰਦਾ ਹੈ ਤਾਂ ਮਾਮੂਲੀ ਤੌਰ ’ਤੇ ਚਰਿੱਤਰ-ਹੀਣ ਨਹੀਂ ਹੁੰਦਾ, ਬਲਕਿ ਚਰਿੱਤਰ ਨਾਮ ਦੀ ਸੁਗੰਧ ਉਸ ਦੇ ਜੀਵਨ ਵਿਚ ਰਹਿ ਹੀ ਨਹੀਂ ਜਾਂਦੀ।

ਸੁਰਾ ਸੁੰਦਰੀ ਅਕਸਰ ਬੜੇ ਬੜੇ ਕਲਾਕਾਰਾਂ ਦਾ ਜੀਵਨ ਅੰਗ ਬਣ ਗਈ। ਕਲਾ ਜੋ ਇਕ ਅੰਗੂਰ ਦੀ ਤਰ੍ਹਾਂ ਮਿੱਠੀ ਸੀ, ਕੌੜੀ ਸ਼ਰਾਬ ਬਣ ਗਈ, ਕਲਾ ਦੀ ਮਿਠਾਸ ਨੇ ਬਹੁਤਿਆਂ ਦਾ ਜੀਵਨ ਚਰਿੱਤਰ-ਹੀਣਤਾ ਦੀ ਕੁੜਿੱਤਣ ਨਾਲ ਭਰਿਆ ਹੈ। ਜਿਸ ਨੇ ਕਲਾ ਨੂੰ ਪ੍ਰਭੂ-ਚਿੰਤਨ ਨਾਲ ਜੋੜਿਆ, ਸੋਨੇ ’ਤੇ ਸੁਹਾਗਾ ਫਿਰ ਗਿਆ। ਕਲਾ ਉਨ੍ਹਾਂ ਨੂੰ ਬਹੁਤ ਛੇਤੀ ਉਸ ਮਹਾਨ ਕਲਾਕਾਰ ਅਕਾਲ ਪੁਰਖ ਨਾਲ ਜੋੜ ਦੇਂਦੀ ਹੈ।

ਚੇਤੰਨਯ ਤੇ ਮੀਰਾਂ ਨੱਚਦੇ ਨੱਚਦੇ ਉਸ ਮਹਾਨ ਨਟ ਰਾਜ ਪਰਮਾਤਮਾ, ਜੋ ਕੁਦਰਤ ਦੇ ਹਰ ਜ਼ੱਰੇ ਵਿਚ ਨੱਚ ਰਿਹਾ ਹੈ, ਵਿਚ ਲੀਨ ਹੋਏ।

ਨਾਮਦੇਵ, ਜੈਦੇਵ, ਸੂਫ਼ੀ ਫ਼ਕੀਰ ਅਮੀਰ ਖ਼ੁਸਰੋ ਗਾਂਦੇ ਗਾਂਦੇ ਉਸ ਮਹਾਨ ਗਾਇਕ ਵਿਚ ਲੀਨ ਹੋਏ।

ਕਬੀਰ ਜੀ ਤੇ ਹੋਰ ਅਨੰਤ ਲੇਖਕ ਕਵੀ ਲਿਖਦੇ ਲਿਖਦੇ ਉਸ ਮਹਾਨ ਲੇਖਕ ਜੋ ਹਰ ਜੀਵ ਦੇ ਮੱਥੇ 'ਤੇ ਲੇਖ ਲਿਖ ਰਿਹਾ ਹੈ, ਵਿਚ ਲੀਨ ਹੋਏ। ਚਿੱਤਰ ਬਣਾਂਦਿਆਂ ਅਨੰਤ ਚਿੱਤਰਕਾਰ ਉਸ ਮਹਾਨ ਚਿੱਤਰਕਾਰ ਵਿਚ ਸਮਾਏ, ਜਿਸ ਨੇ ਇਹ ਸਾਰਾ ਸੰਸਾਰ ਚਿੱਤਰਿਆ ਹੈ:

**ਚਚਾ ਰਚਿਤ ਚਿਤ੍ਰ ਹੈ ਭਾਰੀ॥**
**ਤਜਿ ਚਿਤ੍ਰੈ ਚੇਤਹੁ ਚਿਤਕਾਰੀ॥**

*(ਬਾਵਨ ਅਖਰੀ ਕਬੀਰ ਜੀਉ ਕੀ, ਪੰਨਾ 340)*

ਕਲਾਕਾਰ ਜੀਵਨ ਦੀ ਸਿਖਰਤਾ 'ਤੇ ਹੁੰਦਾ ਹੈ, ਇਸ ਸਿਖਰ ਤੋਂ ਅਣਗਹਿਲੀ ਕਰ ਕੇ ਗਿਰੇ ਤਾਂ ਇਕ ਆਮ ਆਦਮੀ ਦੇ ਮਿਆਰ ਨਾਲੋਂ ਵੀ ਥੱਲੇ ਉਸ ਦਾ ਜੀਵਨ ਹੁੰਦਾ ਹੈ।

ਆਮ ਆਦਮੀ ਜਦ ਕੋਈ ਉੱਚਾ ਹੀ ਨਹੀਂ ਉਠਿਆ, ਇਸ ਵਾਸਤੇ ਗਿਰਨ 'ਤੇ ਕੋਈ ਖ਼ਾਸ ਚੋਟ ਵੀ ਨਹੀਂ ਲੱਗਦੀ, ਪਰ ਕਲਾਕਾਰ ਤਾਂ ਜੀਵਨ ਦੀ ਸਿਖਰਤਾ 'ਤੇ ਹੁੰਦਾ ਹੈ। ਕਲਾਕਾਰ ਦਾ ਸੁਰਾ ਸੁੰਦਰੀ ਦਾ ਪ੍ਰੇਮੀ ਹੋਣਾ ਤੇ ਗੀਤ ਤੇ ਚਿੱਤਰ ਸੁਰਾ ਸੁੰਦਰੀ ਦੇ ਹੀ ਗਾਉਣੇ ਤੇ ਚਿੱਤਰਤ ਕਰਨੇ, ਇਹ ਕਲਾਕਾਰ ਦੀ ਬਦਨਸੀਬੀ ਹੈ। ਕਲਾ ਤਾਂ ਉਸ ਮਹਾਨ ਕਲਾਕਾਰ ਨਾਲ ਜੋੜਨ ਲਈ ਸੀ। ਬੁਲੰਦੀਆਂ 'ਤੇ ਪੁੱਜ ਕੇ ਅਗਰ ਸੰਭਲਣਾ ਨਾ ਆਇਆ, ਚਰਿੱਤਰ-ਹੀਣਤਾ ਦੇ ਗਹਿਰੇ ਖੱਡ ਵਿਚ ਗਿਰਨਾ ਪੈਂਦਾ ਹੈ। ਕਲਾਕਾਰ ਕਈ ਦਫ਼ਾ ਜਿਤਨੀ ਮੈਲੀ ਬੁੱਧ ਦਾ ਦਿਖਾਈ ਦੇਂਦਾ ਹੈ, ਉਤਨਾ ਤਾਂ ਇਕ ਮਾਮੂਲੀ ਆਦਮੀ ਵੀ ਨਹੀਂ ਦਿਖਾਈ ਦੇਂਦਾ। ਧਨ ਕਮਾਵਨ ਨਾਲੋਂ ਵੀ ਜ਼ਿਆਦਾ ਅਕਲ, ਧਨ ਨੂੰ ਸੰਭਾਲਣ ਤੇ ਸਹੀ ਵਰਤਣ ਲਈ ਚਾਹੀਦੀ ਹੈ।

ਕਲਾਕਾਰ ਬਣਨ ਲਈ ਜਿਤਨੀ ਸਾਧਨਾ ਸੂਝ ਬੂਝ ਚਾਹੀਦੀ ਹੈ, ਉਸ ਤੋਂ ਵੀ ਵੱਧ ਸਾਧਨਾ ਸੂਝ-ਬੂਝ ਉਸ ਨੂੰ ਸੰਭਾਲਣ ਲਈ ਚਾਹੀਦੀ ਹੈ। ਸੂਝ ਬੂਝ ਤੇ ਸਾਧਨਾ ਰਹਿਤ ਕਲਾਕਾਰ ਆਪਣਾ ਲੋਕ-ਪਰਲੋਕ ਸੁਹੇਲਾ ਕਰ ਲੈਂਦਾ ਹੈ। ਉਹ ਲੋਕ ਤੇ ਪਰਲੋਕ ਵਿਚ ਜਸ ਪ੍ਰਾਪਤ ਕਰ ਅਨੰਦ ਮਾਣਦਾ ਹੈ।

ਜਪ ਸਾਧਨਾ ਨਾਲ ਜਦ ਮਨੁੱਖ ਮਹਾਨ ਕਲਾਕਾਰ ਅਕਾਲ ਪੁਰਖ ਨਾਲ ਜੁੜਦਾ ਹੈ ਤਾਂ ਉਸ ਨੂੰ ਜੀਵਨ ਦੀ ਕਲਾ ਆ ਜਾਂਦੀ ਹੈ। ਜੀਵਨ ਤਾਂ ਸਾਰਿਆਂ ਨੂੰ ਮਿਲਿਆ ਹੈ, ਪਰ ਜੀਵਨ ਦੀ ਕਲਾ ਤਾਂ ਪਰਮ ਜੀਵਨ ਪਰਮਾਤਮਾ ਨਾਲ ਜੁੜ ਕੇ ਹੀ ਆਂਵਦੀ ਹੈ। ਜੀਵਨ ਦੀ ਕਲਾ ਤੋਂ ਬਿਨਾਂ ਸਾਰੀ ਕਲਾ ਅਧੂਰੀ ਹੈ ਤੇ ਅਧੂਰੀ ਕਲਾ ਇਕ ਪੀੜਾ ਹੈ, ਦੁਖ ਹੈ।

•

# ਕੁਝ ਝਲਕਾਂ

1. ਬਚਪਨ ਵਿਚ ਦਰਿਆ ਦੇ ਕੰਢੇ ਗੀਟੀਆਂ ਇਕੱਠੇ ਕਰਨ ਵਿਚ ਬੜਾ ਰਸ ਮਿਲਦਾ ਸੀ। ਜੇ ਕੋਈ ਆਖੇ ਇਨ੍ਹਾਂ ਗੀਟੀਆਂ ਨੂੰ ਸੁੱਟ ਦੇਵੋ ਤਾਂ ਦੁਸ਼ਮਣ ਪ੍ਰਤੀਤ ਹੁੰਦਾ ਸੀ। ਅੱਜ ਤਾਂ ਉਹ ਦੁਸ਼ਮਣ ਲੱਗੇਗਾ, ਜੋ ਇਨ੍ਹਾਂ ਗੀਟੀਆਂ ਨੂੰ ਇਕੱਠਾ ਕਰਨ ਲਈ ਆਖੇ।
2. ਬਨਸਪਤੀ 'ਤੇ ਨਿਗਾਹ ਮਾਰਦਾ ਹਾਂ; ਕੁਝ ਦਰੱਖ਼ਤ ਹਵਾ ਨਾਲ ਝੂਲ ਝੂਲ ਕੇ ਨ੍ਰਿਤ ਕਰ ਰਹੇ ਹਨ। ਕੋਈ ਫਲਾਂ ਨਾਲ ਲੱਦੇ ਪਏ ਹਨ, ਕੋਈ ਫੁੱਲਾਂ ਨਾਲ ਸ਼ਿੰਗਾਰੇ ਹੋਏ ਹਨ। ਕੋਈ ਸੰਘਣੀ ਛਾਂ ਵੰਡ, ਖਲੋਰ ਰਹੇ ਹਨ, ਪਰ ਕੁਝ ਤਾਂ ਆਪਣੀਆਂ ਜੜ੍ਹਾਂ ਨੂੰ ਵੀ ਹਰਾ ਨਹੀਂ ਰੱਖ ਸਕੇ। ਸ਼ਾਇਦ ਪਾਣੀ ਨਹੀਂ ਮਿਲ ਸਕਿਆ। ਸਾਰਿਆਂ ਨੂੰ ਵਕਤ ਸਿਰ ਕਿਥੇ ਪਾਣੀ ਮਿਲਦਾ ਹੈ ਤੇ ਸਾਰਿਆਂ ਨੂੰ ਫਲਣ-ਫੁੱਲਣ ਦਾ ਪੂਰਾ ਮੌਕਾ ਕਿਥੇ ਮਿਲਦਾ ਹੈ।
3. ਵੇਖਦਾ ਹਾਂ ਨਦੀਆਂ ਦਾ ਸਾਗਰ ਮਿਲਣ। ਸਾਗਰ ਉਛਲ ਉਛਲ ਗਲਵੱਕੜੀ ਵਿਚ ਲੈਂਦਾ ਹੈ, ਨਦੀਆਂ ਗਲਵੱਕੜੀ ਲੱਗ, ਮਹਾਨ ਸਾਗਰ ਹੋ ਜਾਂਦੀਆਂ ਹਨ। ਰੋ ਉਠਦਾ ਹੈ ਹਿਰਦਾ ਉਨ੍ਹਾਂ ਨਦੀਆਂ ਨੂੰ ਵੇਖ, ਜੋ ਰਸਤੇ ਵਿਚ ਮਾਰੂਥਲ ਵਿਚ ਗ਼ਰਕ ਹੋ ਗਈਆਂ। ਸਾਗਰ ਵਿਚ ਲੀਨ ਹੋਣਾ ਸੀ, ਰੇਤ ਵਿਚ ਲੀਨ ਹੋ ਗਈਆਂ। ਆਪਣੀ ਮੰਜ਼ਿਲ ਤਕ ਨਾ ਅੱਪੜ ਸਕੀਆਂ, ਸਾਰਿਆਂ ਨੂੰ ਮੰਜ਼ਿਲ ਕਿਥੇ ਨਸੀਬ ਹੁੰਦੀ ਹੈ।
4. ਆਕਾਸ਼ ਵਿਚ ਉੱਡਦੇ ਬੁਲੰਦ ਪੰਛੀਆਂ ਨੂੰ ਵੇਖ, ਹਰਸ਼ ਹੁੰਦਾ ਹੈ। ਇਤਨੀ ਉੱਚੀ ਪਰਵਾਜ਼! ਕਈਆਂ ਨੂੰ ਜ਼ਮੀਨ 'ਤੇ ਚੱਲਣਾ ਨਹੀਂ ਆਇਆ, ਇਹ ਆਕਾਸ਼ ਵਿਖੇ ਉੱਡ ਰਹੇ ਹਨ, ਧੰਨ ਹਨ! ਵੇਖਦਾ ਹਾਂ ਪਿੰਜਰੇ ਦੇ ਪੰਛੀ ਜੋ ਉੱਡਣਾ ਭੁੱਲ ਹੀ ਗਏ ਹਨ, ਰੋਣ ਆਂਵਦਾ ਹੈ, ਪਰ-ਕੱਟੇ ਪਕਸ਼ੀਆਂ ਨੂੰ ਵੇਖ, ਜੋ ਉੱਡਦੇ ਵੀ ਹਨ ਤਾਂ ਉਡਾਰੀ ਬਹੁਤ ਛੋਟੀ, ਡਿੱਗ ਪੈਂਦੇ ਹਨ। ਸਾਰੇ ਕਿਥੇ ਉੱਡ ਸਕਦੇ ਹਨ ਤੇ ਸਾਰਿਆਂ ਨੂੰ ਉੱਡਣ ਦਾ ਮੌਕਾ ਕਿਥੇ ਮਿਲਦਾ ਹੈ।
5. ਰਾਤ ਨੂੰ ਤਾਰਿਆਂ ਦਾ ਚਮਕਣਾ ਇੰਜ ਲੱਗਦਾ ਹੈ, ਜਿਵੇਂ ਉਹੋ ਆਪਣੀ ਚਮਕਦੀ ਪ੍ਰਦਰਸ਼ਨੀ ਕਰਨ ਆਏ ਹਨ, ਕੁਛ ਸੂਰਜ ਦੇ ਢਲਦੇ ਸੂਰਜ

ਦਾ ਸਿੰਘਾਸਨ ਮੱਲਣ ਦੀ ਕੋਸ਼ਿਸ਼ ਕਰਦੇ ਹਨ। ਅਨੰਤ ਤਾਰਿਆਂ ਦੇ ਝੁੰਡ ਪਿੱਛੇ ਕੁਛ ਐਸੇ ਵੀ ਵੇਖਦਾ ਹਾਂ, ਜੋ ਉਭਰਨ ਦੀ ਕੋਸ਼ਿਸ਼ ਕਰ ਰਹੇ ਹਨ, ਸੋਚਦਾ ਹਾਂ, ਸਾਰਿਆਂ ਨੂੰ ਉਭਰਨ ਦਾ ਕਿਥੇ ਮੌਕਾ ਮਿਲਦਾ ਹੈ। ਕਈ ਤਾਂ ਚਮਕਦੇ ਤਾਰਿਆਂ ਦੇ ਝੁੰਡ ਦੇ ਵਿਚ ਹੀ ਛਿਪ ਕੇ ਰਹਿ ਜਾਂਦੇ ਹਨ।

6. ਜੀਂਵਦੇ-ਜਾਗਦੇ ਮਨੁੱਖਾਂ ਨੂੰ ਵੇਖ ਖ਼ੁਸ਼ੀ ਹੁੰਦੀ ਹੈ, ਪਰ ਦੁਖੀ ਹੋ ਜਾਂਦਾ ਹਾਂ ਹਸਪਤਾਲਾਂ ਵਿਚ ਬਿਸਤਰਿਆਂ 'ਤੇ ਚਿਰਾਂ ਤੋਂ ਲੇਟਿਆਂ ਹੋਇਆਂ ਨੂੰ ਵੇਖ ਤੇ ਚਿਖਾ 'ਤੇ ਪਏ ਹੋਇਆਂ ਨੂੰ। ਸਾਰੇ ਕਿਥੇ ਜਾਗਦੇ ਹਨ ਤੇ ਸਾਰਿਆਂ ਨੂੰ ਜੀਵਣਾ ਕਿਥੇ ਨਸੀਬ ਹੁੰਦਾ ਹੈ।
7. ਫ਼ਲਕ ਬੋਸ ਇਮਾਰਤਾਂ ਵੇਖਦਾ ਹਾਂ, ਆਕਾਸ਼ ਦਾ ਮੂੰਹ ਚੁੰਮਣ ਦੀ ਕੋਸ਼ਿਸ਼ ਹੈ ਤੇ ਕੁਛ ਆਕਾਸ਼ ਨਾਲ ਗਲਵੱਕੜੀ ਪਾ ਰਹੀਆਂ ਹਨ, ਪਰ ਹੈਂ ! ਇਹ ਮੈਂ ਕੀ ਵੇਖਦਾ ਹਾਂ, ਝੁੱਗੀਆਂ ਜ਼ਮੀਨ 'ਤੇ ਵੀ ਪੈਰ ਨਹੀਂ ਟਿਕਾ ਸਕੀਆਂ ਤੇ ਜ਼ਮੀਨ ਤੋਂ ਵੀ ਪੈਰ ਉਖਾੜ ਦਿੱਤੇ ਗਏ। ਸਾਰਿਆਂ ਨੂੰ ਕਦੋਂ ਪੈਰ ਟਿਕਾਣਾ ਨਸੀਬ ਹੋਵੇਗਾ ਤੇ ਸਾਰੇ ਕਦੋਂ ਗਗਨ ਨੂੰ ਚੁੰਮਣਗੇ।
8. ਉੱਚੇ ਪਹਾੜਾਂ ਕੋਲ ਗਹਿਰੀ ਖੱਡ ਵੇਖਦਾ ਹਾਂ, ਪਰ ਖੱਡ ਨੂੰ ਵੇਖਣ ਲਈ ਵੀ ਉਚਿਆਂ ਉਠਣਾ ਪੈਂਦਾ ਹੈ, ਖੱਡ ਵਿਚ ਖੜੇ ਹੋ ਕੇ ਖੱਡ ਨਹੀਂ ਦਿਖਾਈ ਦੇਂਦੀ।
9. ਬੱਦਲਾਂ ਨੂੰ ਸਮੁੰਦਰ ਦੇ ਵਿਚ ਬਰਸਦਾ ਵੇਖਦਾ ਹਾਂ, ਕੀ ਲਾਭ ਹੈ, ਦਾਨੀ ਦਾਨ ਉਥੇ ਸੁੱਟ ਰਹੇ ਹਨ, ਜਿਥੇ ਪਹਿਲੇ ਹੀ ਬਹੁਤਾਤ ਹੈ। ਤਿਆਗੀ ਜਦ ਆਪਣੇ ਪਿੱਛੇ ਬੈਂਕਾਂ ਵਿਚ ਲੱਖਾਂ ਕਰੋੜਾਂ ਛੱਡ ਜਾਂਦੇ ਹਨ ਤਾਂ ਉਨ੍ਹਾਂ ਦੇ ਜੀਵਨ ਦੇ ਮਨੋਰਥ ਦਾ ਪਤਾ ਚੱਲ ਜਾਂਦਾ ਹੈ।
10. ਅਰਦਾਸ ਹੈ—ਹੇ ਗੁਰਦੇਵ ! ਸਭ ਨੂੰ ਉਭਰਨ ਦਾ ਮੌਕਾ ਦੇਹ, ਸਾਰਿਆਂ ਨੂੰ ਫਲਣਾ ਫੁਲਣਾ ਨਸੀਬ ਹੋਵੇ। ਸਾਰੇ ਸਾਗਰ ਦੀ ਲੀਨਤਾ ਦਾ ਅਨੰਦ ਮਾਨਣ। ਸਾਰੇ ਆਕਾਸ਼ ਨੂੰ ਛੂਹ ਸਕਣ। ਹੇ ਨਿਰੰਕਾਰ ! ਸਾਰਿਆਂ ਦੀ ਪਰਵਾਜ਼ ਉੱਚੀ ਕਰ। ਸਭ ਨੂੰ ਉੱਡਣ ਦੀ ਤੌਫ਼ੀਕ ਬਖ਼ਸ਼। ਸਾਰਿਆਂ ਨੂੰ ਪਰਮ ਜੀਵਨ ਦੇ ਜੀਵਨ ਦਾ ਅਵਸਰ ਬਖ਼ਸ਼।
11. ਗੁਨਾਹਾਂ ਦੇ ਧੱਬੇ ਤੀਰਥਾਂ ਦੇ ਜਲ ਨਾਲ ਨਹੀਂ, ਹੰਝੂਆਂ ਦੇ ਜਲ ਨਾਲ ਧੁਲਦੇ ਹਨ।
12. ਇੱਲ ਦੀ ਪਰਵਾਜ਼ ਬੜੀ ਉੱਚੀ ਹੈ, ਪਰ ਦ੍ਰਿਸ਼ਟ ਬੜੀ ਨੀਵੀਂ ਹੈ। ਕਈ ਕਵੀ, ਦਾਰਸ਼ਨਿਕ, ਵਿਦਵਾਨਾਂ ਦੀ ਖ਼ਿਆਲੀ ਪਰਵਾਜ਼ ਬਹੁਤ ਬੁਲੰਦ ਹੈ, ਪਰ ਕਿਰਦਾਰ ਅਤਿ ਨੀਵਾਂ ਹੈ, ਇਹ ਇੱਲ ਬਿਰਤੀ ਹੈ।

•